@Qpatrika @qaumipatrika punjabi instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Qaumi Patrika** NO.1

Punjabi National Daily

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖਣ्ड से प्रसारित।

Sunday, 9 June 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 9 ਜੂਨ 2024, 26 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 201, qpatrika@gmail.com ਫੋਨ : 9971359517 www.qaumipatrika.org


## ਪ੍ਰਧਾਨ ਮੰਤਰੀ ਮੋਦੀ ਨੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੈਡੇਰਿਕਸਨ 'ਤੇ ਹੋਏ ਹਮਲੇ 'ਤੇ ਜਤਾਈ ਚਿੰਤਾ

ਨਵੀਂ ਦਿੱਲੀ 8 ਜੂਨ। ਪ੍ਰਧਾਨ ਮੰਤਰੀ ਮਰਿੰਦਰ ਮੋਦੀ ਨੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੈਡੇਰਿਕਸਨ 'ਤੇ ਹੋਏ ਹਮਲੇ ਦੀ ਸ਼ਨੀਵਾਰ ਨੂੰ ਨਿੰਦਾ ਕੀਤੀ। ਮੱਧ ਕੋਪੇਨਹੇਗਨ 'ਚ ਇਕ ਵਿਅਕਤੀ ਦੁਆਰਾ ਫ੍ਰੈਡੇਰਿਕਸਨ 'ਤੇ ਹਮਲੇ ਨਾਲ ਉਨ੍ਹਾਂ ਗਰਦਨ 'ਤੇ ਹਲਕਾ ਝਟਕਾ ਲੱਗਾ। ਪੀ.ਐੱਮ. ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ, "ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੈਡੇਰਿਕਸਨ 'ਤੇ ਹੋਏ ਹਮਲੇ ਬਾਰੇ ਜਾਣ ਕੇ ਚਿੰਤਿਤ ਹਾਂ। ਅਸੀਂ



ਇਸ ਹਮਲੇ ਦੀ ਕੜੀ ਨਿੰਦਾ ਕਰਦੇ ਹਾਂ। ਆਪਣੇ ਦੋਸਤ ਦੀ ਚੰਗੀ ਸਿਹਤ ਲਈ ਪ੍ਰਾਰਥਨਾ ਕਰਦੇ ਹਾਂ।" ਕੋਪੇਨਹੇਗਨ ਤੋਂ ਮਿਲੀ ਖਬਰ ਮੁਤਾਬਕ, ਹਮਲੇ ਤੋਂ ਬਾਅਦ ਫ੍ਰੈਡੇਰਿਕਸਨ ਨੂੰ ਹਸਪਤਾਲ ਲਿਜਾਇਆ ਗਿਆ। ਯੂਰਪੀ ਸੰਗਠਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਯੇਨ ਨੇ ਵੀ ਹਮਲੇ ਨੂੰ 'ਘਿਨੌਣਾ ਕੰਮ' ਦੱਸਿਆ। ਉਨ੍ਹਾਂ ਕਿਹਾ ਕਿ ਮੈਂ ਇਸ ਘਿਨੌਣੇ ਕੰਮ ਦੀ ਨਿੰਦਾ ਕਰਦੀ ਹੈ ਜੋ ਯੂਰਪ 'ਚ ਸਾਡੇ ਵਿਸ਼ਵਾਸ ਅਤੇ ਸੰਘਰਸ਼ ਦੇ ਖਿਲਾਫ ਹੈ।

## ਲੋਕ ਸਭਾ ਚੋਣਾਂ 'ਚ ਜਨਤਾ ਨਾਲ ਜੁੜੇ ਮੁੱਦਿਆਂ ਦੀ ਜਿੱਤ ਹੋਈ : ਅਖਿਲੇਸ਼ ਯਾਦਵ

ਲਖਨਊ 8 ਜੂਨ। ਸਮਾਜਵਾਦੀ ਪਾਰਟੀ (ਸਪਾ) ਮੁਖੀ ਅਖਿਲੇਸ਼ ਯਾਦਵ ਨੇ ਸ਼ਨੀਵਾਰ ਨੂੰ ਕਿਹਾ ਕਿ ਹਾਲ ਹੀ ਵਿਚ ਸੰਪੰਨ ਹੋਈਆਂ ਲੋਕ ਸਭਾ ਚੋਣਾਂ ਵਿਚ ਨਕਾਰਾਤਮਕ ਸਿਆਸਤ ਖਤਮ ਹੋ ਗਈ ਹੈ ਅਤੇ ਸਕਾਰਾਤਮਕ ਸਿਆਸਤ ਦਾ ਦੌਰ ਸ਼ੁਰੂ ਹੋਣ ਨਾਲ ਜਨਤਾ ਨਾਲ ਜੁੜੇ ਮੁੱਦਿਆਂ ਦੀ ਜਿੱਤ ਹੋਈ ਹੈ। ਲਖਨਊ ਸਥਿਤ ਪਾਰਟੀ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਖਿਲੇਸ਼ ਯਾਦਵ ਨੇ ਕਿਹਾ ਕਿ ਇਕ ਪਾਸੇ ਜਿੱਥੇ ਇੰਡੀਆ ਗਠਜੋੜ ਦੀ ਜਿੱਤ ਹੋਈ ਹੈ ਅਤੇ ਪੀ. ਡੀ. ਏ. (ਪਿਛੜਾ, ਦਲਿਤ ਅਤੇ ਘੱਟ ਗਿਣਤੀ) ਦੀ ਰਣਨੀਤੀ ਦੀ ਜਿੱਤ ਹੋਈ ਹੈ। ਸਪਾ ਚੋਣਾਂ ਵਿਚ ਦੇਸ਼



ਦੀ ਤੀਜੇ ਨੰਬਰ ਦੀ ਪਾਰਟੀ ਬਣ ਕੇ ਉੱਭਰੀ ਹੈ। ਅਖਿਲੇਸ਼ ਨੇ ਕਿਹਾ ਕਿ ਵੱਡੇ ਪੱਧਰ 'ਤੇ ਉਨ੍ਹਾਂ ਦੀ ਪਾਰਟੀ ਨੂੰ ਜਨਤਾ ਦਾ ਸਮਰਥਨ ਮਿਲਿਆ ਹੈ। ਯਾਦਵ ਨੇ ਕਿਹਾ ਕਿ ਸਮਾਜਵਾਦੀਆਂ ਦੀ ਜ਼ਿੰਮੇਵਾਰੀ ਵੀ ਵੱਧ ਗਈ ਹੈ, ਚਾਹੇ ਉਹ ਜਨਤਾ ਨਾਲ ਜੁੜੇ ਮੁੱਦੇ ਚੁੱਕਣੇ ਹੋਣ, ਜਨਤਾ ਦੇ ਹਿੱਤਾਂ ਨੂੰ ਧਿਆਨ 'ਚ ਰੱਖਣਾ ਹੋਵੇ ਜਾਂ ਆਪਣੀ ਗੱਲ ਰੱਖਣੀ ਹੋਵੇ। ਦੱਸ ਦੇਈਏ ਕਿ ਲੋਕ ਸਭਾ ਚੋਣਾਂ ਵਿਚ ਸਪਾ ਨੇ ਉੱਤਰ ਪ੍ਰਦੇਸ਼ ਦੀਆਂ 80 'ਚੋਂ 37 ਸੀਟਾਂ ਜਿੱਤੀਆਂ, ਜਦਕਿ ਉਸ ਦੀ ਸਹਿਯੋਗੀ ਕਾਂਗਰਸ ਨੂੰ 6 ਸੀਟਾਂ ਮਿਲੀਆਂ। ਭਾਜਪਾ 33 ਸੀਟਾਂ 'ਤੇ ਹੀ ਜਿੱਤ ਹਾਸਲ ਕਰ ਸਕੀ, ਜਦਕਿ ਉਸ ਦੀ ਸਹਿਯੋਗੀ ਰਾਸ਼ਟਰੀ ਲੋਕ ਦਲ (ਰਾਲੋਦ) ਨੂੰ ਦੋ ਅਤੇ ਅਪਨਾ ਦਲ (ਸੋਨੇਲਾਲ) ਨੂੰ ਇਕ ਸੀਟ ਮਿਲੀ। ਆਜਾਦ ਸਮਾਜ ਪਾਰਟੀ (ਕਾਂਸ਼ੀਰਾਮ) ਨੇ ਇਕ ਸੀਟ ਜਿੱਤੀ, ਜਦਕਿ ਬਹੁਜਨ ਸਮਾਜ ਪਾਰਟੀ ਇਕ ਵੀ ਸੀਟ ਜਿੱਤਣ ਵਿਚ ਅਸਫਲ ਰਹੀ।

## ਦਿੱਲੀ ਦੇ ਸ਼ਾਹੀਨ ਬਾਗ 'ਚ ਅੱਗ ਨੇ ਮਚਾਇਆ ਤਾਂਡਵ, ਦੋ ਮਸ਼ਹੂਰ ਰੈਸਟੋਰੈਂਟ ਸੜ ਕੇ ਹੋਏ ਸੁਆਹ

ਨਵੀਂ ਦਿੱਲੀ 8 ਜੂਨ। ਦਿੱਲੀ ਦੇ ਸ਼ਾਹੀਨ ਬਾਗ ਇਲਾਕੇ 'ਚ ਭਿਆਨਕ ਅੱਗ ਲੱਗਣ ਦੀ ਖਬਰ ਸਾਹਮਣੇ ਆਈ ਹੈ। ਅੱਗ ਇੰਨੀ ਭਿਆਨਕ ਇੰਨੀ ਭਿਆਨਕ ਸੀ ਕਿ ਲੋਕ ਆਪਣੀ ਜਾਨ ਬਚਾਅ ਕੇ ਇਧਰ-ਉਧਰ ਦੌੜਦੇ ਹੋਏ ਨਜਰ ਆਏ। ਫਿਲਹਾਲ ਇਸ ਅਗਨੀਕਾਂਡ 'ਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ 12 ਗੱਡੀਆਂ ਅੱਗ 'ਤੇ ਕਾਬੂ ਪਾਉਣ ਲਈ ਮੌਕੇ 'ਤੇ ਪਹੁੰਚੀਆਂ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ 'ਚ ਇਲਾਕੇ ਦੇ ਦੋ ਮਸ਼ਹੂਰ ਰੈਸਟੋਰੈਂਟ ਸੜ ਕੇ ਸੁਆਹ ਹੋ ਚੁੱਕੇ ਹਨ। ਭੀੜ-ਭੜਕੇ ਵਾਲਾ ਇਲਾਕਾ ਅਤੇ ਛੋਟੀਆਂ ਗਲੀਆਂ ਹੋਣ ਕਾਰਨ ਫਾਇਰ ਬ੍ਰਿਗੇਡ ਦੇ ਮੁਲਾਜਮਾਂ ਨੂੰ ਵਾਹਨ ਅੰਦਰ ਲੈ ਕੇ ਜਾਣ 'ਚ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ।

# ਮੋਦੀ ਦੀ 3.0 ਸਰਕਾਰ 'ਚ ਰਾਜਨਾਥ ਸਿੰਘ ਦਾ ਸਿਆਸੀ ਕੱਦ ਵਧਿਆ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 8 ਜੂਨ। ਲੋਕ ਸਭਾ ਦੀਆਂ ਤਾਜਾ ਚੋਣਾਂ 'ਚ ਭਾਜਪਾ ਆਪਣੇ ਦਮ 'ਤੇ 272 ਸੀਟਾਂ ਹਾਸਲ ਕਰਨ ਤੋਂ ਖੁੰਝ ਗਈ ਪਰ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਬਦਲਦੀ ਕਿਸਮਤ 'ਤੇ ਪ੍ਰਮਾਤਮਾ ਮੁਸਕਰਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐੱਨ. ਡੀ. ਏ. 'ਚ ਭਾਜਪਾ ਦੇ ਸਹਿਯੋਗੀਆਂ ਨਾਲ ਗੱਲਬਾਤ ਕਰਨ ਲਈ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਇਕ ਗਰੁੱਪ ਦਾ ਗਠਨ ਕੀਤਾ ਹੈ ਜਿਸ 'ਚ ਭਾਜਪਾ ਦੇ ਪ੍ਰਧਾਨ ਜੇ.ਪੀ. ਨੱਡਾ ਤੇ ਗ੍ਰਹਿ ਮੰਤਰੀ ਅਮਿਤ ਸਾਹ ਸ਼ਾਮਲ ਹਨ। ਇਹ 3 ਮੈਂਬਰੀ ਗਰੁੱਪ ਭਾਜਪਾ ਦੇ ਸੂਬਾਈ ਆਗੂਆਂ ਨਾਲ ਵੀ ਗੱਲਬਾਤ ਕਰ ਰਿਹਾ ਹੈ। ਹਾਲਾਂਕਿ ਬੈਠਕਾਂ ਨੱਡਾ ਦੀ ਰਿਹਾਇਸ ਵਿਖੇ ਹੋ ਰਹੀਆਂ ਹਨ। ਇਹ ਗਰੁੱਪ ਨਾ ਸਿਰਫ ਸਹਿਯੋਗੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਮੰਤਰੀ ਮੰਡਲ 'ਚ ਸਾਮਲ ਕਰਨ ਬਾਰੇ ਵਿਚਾਰ ਵਟਾਂਦਰਾ ਕਰੇਗਾ ਸਗੋਂ ਉਨ੍ਹਾਂ ਦੀਆਂ ਹੋਰ ਮੰਗਾਂ 'ਤੇ ਵੀ ਚਰਚਾ ਕਰੇਗਾ। ਇਹ ਸਪੱਸਟ ਹੈ ਕਿ ਸਹਿਯੋਗੀਆਂ ਨੂੰ ਸਪੀਕਰ ਦਾ ਅਹੁਦਾ, ਗ੍ਰਹਿ, ਰੱਖਿਆ, ਵਿੱਤ ਤੇ ਵਿਦੇਸ ਵਰਗੇ ਪ੍ਰਮੁੱਖ



ਵਿਭਾਗ ਨਹੀਂ ਦਿੱਤੇ ਜਾਣਗੇ। ਕਿਸੇ ਵੀ ਸਹਿਯੋਗੀ ਪਾਰਟੀ ਨੇ ਅਜਿਹੇ ਵਿਭਾਗਾਂ ਦੀ ਮੰਗ ਨਹੀਂ ਕੀਤੀ ਹੈ। ਟੀ. ਡੀ. ਪੀ. ਅਤੇ ਜਨਤਾ ਦਲ (ਯੂ) ਰੇਲਵੇ, ਸੜਕੀ ਆਵਾਜਾਈ, ਪੇਂਡੂ ਵਿਕਾਸ ਵਰਗੇ ਬੁਨਿਆਦੀ ਢਾਂਚੇ ਦੇ ਮੰਤਰਾਲਿਆਂ ਨੂੰ ਪ੍ਰਾਪਤ ਕਰਨ ਲਈ ਵਧੇਰੇ ਉਤਸੁਕ ਹੈ। ਸਹਿਯੋਗੀਆਂ ਦੀਆਂ ਹੋਰ ਮੰਗਾਂ ਜਿਵੇਂ ਅਗਨੀਵੀਰ ਤੇ ਸਮਾਜਿਕ ਨਿਆਂ ਦੇ ਮੁੱਦੇ ਵੀ ਵਿਚਾਰੇ ਜਾਣਗੇ। ਦੋਵੇਂ ਪ੍ਰਮੁੱਖ ਸਹਿਯੋਗੀ ਜਾਣਦੇ ਹਨ ਕਿ ਅਟਲ ਬਿਹਾਰੀ ਵਾਜਪਾਈ ਤੇ ਮੋਦੀ ਦੇ ਯੁੱਗ 'ਚ ਫਰਕ ਹੈ। ਵਾਜਪਾਈ ਨੂੰ ਉਦੋਂ ਲੋਕ ਸਭਾ 'ਚ 182 ਸੀਟਾਂ ਮਿਲੀਆਂ ਸਨ ਜਦੋਂਕਿ ਮੋਦੀ ਨੂੰ 240 ਸੀਟਾਂ ਮਿਲੀਆਂ ਹਨ। ਇਸ ਘਟਨਾਚੱਕਰ ਨੂੰ ਰਾਜਨਾਥ ਸਿੰਘ ਦੇ ਉਭਾਰ ਵਜੋਂ ਵੇਖਿਆ ਜਾ ਰਿਹਾ ਹੈ ਜੋ ਸਹਿਯੋਗੀਆਂ ਦੇ ਨਾਲ-ਨਾਲ ਵਿਰੋਧੀ ਪਾਰਟੀਆਂ ਨਾਲ ਵੀ ਤਾਲਮੇਲ ਕਰਨਗੇ ਕਿਉਂਕਿ ਵਿਰੋਧੀ ਪਾਰਟੀਆਂ ਉਨ੍ਹਾਂ ਨਾਲ ਵਧੇਰੇ ਸਹਿਜ ਹਨ। ਜੇ ਭਾਜਪਾ 300 ਸੀਟਾਂ ਦਾ ਅੰਕੜਾ ਪਾਰ ਕਰ ਲੈਂਦੀ ਤਾਂ ਸਥਿਤੀ ਹੋਰ ਹੀ ਹੋਣੀ ਸੀ ਕਿਉਂਕਿ ਬਹੁਤ ਸਾਰੇ ਲੋਕ ਕਹਿ ਰਹੇ ਸਨ ਕਿ ਰਾਜਨਾਥ ਸਿੰਘ ਨੂੰ ਸਪੀਕਰ ਜਾਂ ਕਿਸੇ ਵੀ ਸੂਬੇ ਦਾ ਰਾਜਪਾਲ ਬਣਾਇਆ ਜਾ ਸਕਦਾ ਸੀ ਪਰ ਹੁਣ ਉਹ ਮੋਦੀ ਸਰਕਾਰ 3.0 ਦੇ ਮੁੱਖ ਸੰਕਟਮੋਚਕ ਹਨ।

## ਜੰਮੂ ਕਸ਼ਮੀਰ ਪੁਲਸ ਨੇ 2 ਅੱਤਵਾਦੀਆਂ ਦੀ ਕਰੋੜਾਂ ਦੀ ਜਾਇਦਾਦ ਕੀਤੀ ਕੁਰਕ

ਸ਼੍ਰੀਨਗਰ 8 ਜੂਨ। ਜੰਮੂ ਕਸ਼ਮੀਰ ਪੁਲਸ ਨੇ ਪਾਕਿਸਤਾਨ ਤੋਂ ਆਪਣੀਆਂ ਗਤੀਵਿਧੀਆਂ ਸੰਚਾਲਿਤ ਕਰ ਰਹੇ 2 ਅੱਤਵਾਦੀਆਂ ਦੀ 2 ਕਰੋੜਾਂ ਰੁਪਏ ਦੀ ਜਾਇਦਾਦ ਕੁਰਕ ਕਰ ਲਈ ਹੈ। ਅਧਿਕਾਰੀਆਂ ਅਨੁਸਾਰ ਬਾਰਾਮੂਲਾ ਦੇ ਤਿਲਗਾਮ ਵਾਸੀ ਜਲੀਲ ਅਹਿਮਦ ਰਾਠੇਰ ਅਤੇ ਮੁਹੰਮਦ ਅਸ਼ਰਫ ਮੀਰ ਅੱਤਵਾਦੀਆਂ ਦੇ ਆਕਾਵਾਂ ਵਜੋਂ ਪਿਛਲੇ ਕੁਝ ਸਮੇਂ ਤੋਂ ਪਾਕਿਸਤਾਨ ਤੋਂ ਗਤੀਵਿਧੀਆਂ ਸੰਚਾਲਿਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਬਾਰਾਮੂਲਾ 'ਚ ਐਡੀਸ਼ਨਲ ਸੈਸ਼ਨ ਅਦਾਲਤ ਤੋਂ ਕੁਰਕੀ ਆਦੇਸ਼ ਪ੍ਰਾਪਤ ਕਰਨ ਤੋਂ ਬਾਅਦ ਪੁਲਸ ਨੇ 8 ਕਨਾਲ ਅਤੇ ਚਾਰ ਮਰਲਾ ਜਮੀਨ ਕੁਰਕ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਸੀ.ਆਰ.ਪੀ.ਸੀ. ਦੀ ਧਾਰਾ 83 ਦੇ ਅਧੀਨ ਕੀਤੀ ਗਈ ਹੈ। ਉਨ੍ਹਾਂ ਅਨੁਸਾਰ ਇਹ ਕਾਰਵਾਈ ਹਥਿਆਰਬੰਦ ਐਕਟ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਸਮੇਤ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦੇ ਅਧੀਨ ਦਰਜ ਐੱਫ.ਆਈ.ਆਰ. ਨਾਲ ਜੁੜੀ ਹੈ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਇਹ ਜਾਇਦਾਦ ਅੱਤਵਾਦੀਆਂ ਦੇ ਆਕਾਵਾਂ ਦੀ ਹੈ।

# ਕੰਗਨਾ ਰਣੌਤ ਨੂੰ ਥੱਪੜ ਮਾਰਨ ਵਾਲੀ ਕੁਲਵਿੰਦਰ ਕੌਰ ਦੇ ਪੱਖ 'ਚ ਆਏ ਰਾਕੇਸ਼ ਟਿਕੈਤ

**ਏਜੰਸੀਆਂ**

ਨਵੀਂ ਦਿੱਲੀ 8 ਜੂਨ। ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਨੇਤਾ ਰਾਕੇਸ ਟਿਕੈਤ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਸਦ ਅਤੇ ਅਦਾਕਾਰਾ ਕੰਗਨਾ ਰਣੌਤ ਨੂੰ ਕਥਿਤ ਤੌਰ 'ਤੇ ਥੱਪੜ ਮਾਰਨ ਵਾਲੀ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐਸਐਫ) ਦੀ ਮਹਿਲਾ ਕਰਮਚਾਰੀ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਇਸ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਟਿਕੈਤ ਨੇ ਨੇਤਾਵਾਂ ਨੂੰ ਪ੍ਰਦਰਸਨ ਕਰ ਰਹੇ ਕਿਸਾਨਾਂ ਨੂੰ ਖਾਲਿਸਤਾਨੀ ਜਾਂ ਉਨ੍ਹਾਂ ਦੇ ਸਮਰਥਕ ਕਰਾਰਾ ਦੇਣ ਦੇ ਖ਼ਿਲਾਫ ਵੀ ਸੁਚੇਤ ਕੀਤਾ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਟਿਕੈਤ ਨੇ ਅਲੀਗੜ੍ਹ 'ਚ ਕਿਹਾ ਕਿ ਸੰਸਦ ਮੈਂਬਰ ਕੰਗਨਾ ਰਣੌਤ ਨਾਲ ਏਅਰਪੋਰਟ 'ਤੇ ਜੋ ਵੀ ਹੋਇਆ, ਉਹ ਬਹਿਸ ਦੌਰਾਨ ਹੋਇਆ। ਉਸ ਕੁੜੀ (ਕੁਲਵਿੰਦਰ ਕੌਰ) 'ਤੇ ਕੰਗਨਾ ਰਣੌਤ ਥੱਪੜ ਮਾਰਨ ਦਾ ਦੋਸ ਹੈ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਦੋਵਾਂ ਵਿਚਕਾਰ ਬਹਿਸ ਹੋਈ ਸੀ। ਬੀਕੇਯੂ ਆਗੂ ਨੇ ਕਿਹਾ ਕਿ ਜਦੋਂ ਕਿਸਾਨ ਪ੍ਰਦਰਸਨ ਕਰ ਰਹੇ ਸਨ ਤਾਂ ਉਨ੍ਹਾਂ (ਰਣੌਤ) ਨੇ ਬਿਆਨ ਦਿੱਤਾ ਸੀ ਕਿ ਪ੍ਰਦਰਸਨਕਾਰੀਆਂ ਨੇ ਧਰਨੇ ਦੇ 100-200 ਰੁਪਏ ਦੇ ਕੇ ਲਿਆਂਦੇ ਗਏ ਹਨ। ਉਸ (ਕੌਰ) ਨੇ ਕੁਝ ਗਲਤ ਕੀਤਾ ਹੈ ਤਾਂ ਉਸ ਵਿਰੁੱਧ ਦੋਸ ਲਾਏ ਜਾਣੇ ਚਾਹੀਦੇ ਹਨ, ਪਰ ਉਸ ਨੂੰ ਨੌਕਰੀ ਤੋਂ ਮੁਅੱਤਲ ਜਾਂ ਬਰਖਾਸਤ



ਬਿਆਨ (ਰਣੌਤ ਦੇ ਬਿਆਨ) ਕਾਰਨ ਉਹ (ਸੀਆਈਐਸਐਫ ਕਰਮਚਾਰੀ) ਦੁਖੀ ਹੋਈ ਸੀ। ਉਸਨੇ (ਰਣੌਤ ਨੂੰ) ਸਵਾਲ ਪੁੱਛੇ ਸਨ। ਪੂਰਾ ਪੰਜਾਬ ਉਸ ਦੇ ਨਾਲ ਹੈ। ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਆਗੂ ਰਾਕੇਸ ਟਿਕੈਤ ਨੇ ਕਿਹਾ ਕਿ ਜੇਕਰ ਉਸ ਕਰਨਾ ਉਚਿਤ ਨਹੀਂ ਹੈ। ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਅਜਿਹੀ ਘਟਨਾ ਕਿਉਂ ਵਾਪਰੀ। ਕੀ ਸੁਰੱਖਿਆ ਬਲਾਂ ਦੇ ਲੋਕ ਚਿੰਤਤ ਨਹੀਂ ਹਨ?" ਟਿਕੈਤ ਨੇ ਕਿਹਾ ਕਿ ਨੇਤਾਵਾਂ ਨੂੰ ਪੰਜਾਬੀਆਂ ਨੂੰ ਖਾਲਿਸਤਾਨੀ ਜਾਂ ਉਨ੍ਹਾਂ ਦੇ ਸਮਰਥਕ ਨਹੀਂ ਕਹਿਣਾ ਚਾਹੀਦਾ।

## ਸੋਨੀਆ ਗਾਂਧੀ ਮੁੜ ਚੁਣੀ ਗਈ ਕਾਂਗਰਸ ਸੰਸਦੀ ਦਲ ਦੀ ਮੁਖੀ

ਨਵੀਂ ਦਿੱਲੀ 8 ਜੂਨ। ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੂੰ ਸ਼ਨੀਵਾਰ ਨੂੰ ਇਕ ਵਾਰ ਫਿਰ ਤੋਂ ਪਾਰਟੀ ਸੰਸਦੀ ਦਲ ਦੀ ਮੁਖੀ ਚੁਣਿਆ ਗਿਆ। ਸੂਤਰਾਂ ਨੇ ਇਹ ਜਾਣਕਾਰੀ



ਦਿੱਤੀ। ਸੰਵਿਧਾਨ ਸਦਨ (ਪੁਰਾਣੀ ਸੰਸਦ) ਦੇ ਕੇਂਦਰੀ ਰੂਮ 'ਚ ਹੋਈ ਕਾਂਗਰਸ ਸੰਸਦੀ ਦਲ ਦੀ ਬੈਠਕ 'ਚ ਪਾਰਟੀ ਪ੍ਰਧਾਨ ਮਲਿੱਕਾਰਜੁਨ ਖੜਗੇ ਨੇ ਸੋਨੀਆ ਗਾਂਧੀ ਨੂੰ ਸੀ.ਪੀ.ਸੀ. ਮੁਖੀ ਨਿਯੁਕਤ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਜਿਸ ਨੂੰ ਪਾਰਟੀ ਦੇ ਦੇ ਸੰਸਦ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਸੋਨੀਆ ਗਾਂਧੀ ਨੂੰ ਸੀ.ਪੀ.ਸੀ. ਮੁਖੀ ਚੁਣਨ ਤੋਂ ਪਹਿਲਾਂ ਪਾਰਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ, ਜਿਸ ਵਿੱਚ ਰਾਹੁਲ ਗਾਂਧੀ ਨੂੰ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਜ਼ਿੰਮੇਵਾਰੀ ਸੰਭਾਲਣ ਦੀ ਬੇਨਤੀ ਕੀਤੀ ਗਈ ਸੀ। ਇਸ ਲੋਕ ਸਭਾ ਚੋਣ ਵਿੱਚ ਕਾਂਗਰਸ ਨੇ 99 ਸੀਟਾਂ ਜਿੱਤੀਆਂ ਹਨ।

## ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਰੋਹ 'ਚ 'ਇੰਡੀਆ' ਗਠਜੋੜ ਸ਼ਾਮਲ ਹੋਵੇਗਾ ਜਾਂ ਨਹੀਂ: ਜੈਰਾਮ ਰਮੇਸ਼

ਨਵੀਂ ਦਿੱਲੀ 8 ਜੂਨ। ਕਾਂਗਰਸ ਨੇ ਸ਼ਨੀਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਰੋਹ ਦਾ ਸੱਦਾ ਫਿਲਹਾਲ 'ਇੰਡੀਆ' ਗਠਜੋੜ ਦੇ ਨੇਤਾਵਾਂ ਨੂੰ ਨਹੀਂ ਮਿਲਿਆ ਹੈ ਪਰ ਸੱਦਾ ਮਿਲਣ ਤੋਂ ਬਾਅਦ ਇਸ 'ਤੇ ਵਿਚਾਰ ਕੀਤਾ ਜਾਵੇਗਾ। ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵਜੋਂ ਤੀਜੇ ਕਾਰਜਕਾਲ ਲਈ 9 ਜੂਨ ਨੂੰ ਸਹੁੰ ਚੁੱਕਣਗੇ। ਉਨ੍ਹਾਂ ਨਾਲ ਉਨ੍ਹਾਂ ਦੇ ਮੰਤਰੀ ਪ੍ਰੀਸ਼ਦ ਦੇ ਕਈ ਦੂਜੇ ਮੈਂਬਰ ਵੀ ਸਹੁੰ ਚੁੱਕ ਸਕਦੇ ਹਨ। ਪਾਰਟੀ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ,"ਕੱਲ੍ਹ ਦੇ ਸਹੁੰ ਚੁੱਕ ਸਮਾਰੋਹ ਲਈ ਅਜੇ ਸਿਰਫ ਅੰਤਰਰਾਸ਼ਟਰੀ ਨੇਤਾਵਾਂ ਨੂੰ ਸੱਦਾ ਗਿਆ ਹੈ। ਅਜੇ ਤੱਕ ਸਾਡੇ ਨੇਤਾਵਾਂ ਨੂੰ ਸੱਦਾ ਨਹੀਂ ਆਇਆ ਹੈ। ਜੇਕਰ ਇੰਡੀਆ ਗਠਜੋੜ ਦੇ ਨੇਤਾਵਾਂ ਨੂੰ ਸੱਦਾ ਮਿਲੇਗਾ ਤਾਂ ਉਸ 'ਤੇ ਅਸੀਂ ਵਿਚਾਰ ਕਰਾਂਗੇ।" ਕਾਂਗਰਸ ਦੇ ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂੰਗੋਪਾਲ ਨੇ ਕਿਹਾ ਕਿ ਸਹੁੰ ਚੁੱਕ ਸਮਾਰੋਹ 'ਚ ਸ਼ਾਮਲ ਹੋਣ ਬਾਰੇ ਫੈਸਲਾ 'ਇੰਡੀਆ' ਗਠਜੋੜ ਕਰੇਗਾ। ਰਾਜਸਥਾਨ 'ਚ ਆਪਣੀ ਸਹਿਯੋਗੀ ਰਾਸ਼ਟਰੀ ਲੋਕਤੰਤਰੀ ਪਾਰਟੀ ਦੇ ਨੇਤਾ ਹਨੂੰਮਾਨ ਬੇਨੀਵਾਲ ਦੀ ਨਾਰਾਜਗੀ ਦੀਆਂ ਖਬਰਾਂ ਨੂੰ ਖਾਰਜ ਕਰਦੇ ਹੋਏ ਵੇਣੂੰਗੋਪਾਲ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਬੇਨੀਵਾਲ ਨਾਲ ਗੱਲ ਕੀਤੀ ਹੈ

# ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਣ ਲਈ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਪਹੁੰਚੇ ਨਵੀਂ ਦਿੱਲੀ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 8 ਜੂਨ। ਬੰਗਲਾਦੇਸ ਦੀ ਪ੍ਰਧਾਨ ਮੰਤਰੀ ਸੇਖ ਹਸੀਨਾ 9 ਜੂਨ ਨੂੰ ਪ੍ਰਧਾਨ ਮੰਤਰੀ ਵਜੋਂ ਐੱਨ.ਡੀ.ਏ. ਸੰਸਦੀ ਦਲ ਦੇ ਨੇਤਾ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ ਸਾਮਲ ਹੋਣ ਲਈ ਅੱਜ ਦੁਪਹਿਰ ਨਵੀਂ ਦਿੱਲੀ ਪਹੁੰਚੀ। ਵਿਦੇਸ ਮੰਤਰਾਲਾ ਨੇ ਸੁੱਕਰਵਾਰ ਨੂੰ ਰਸਮੀ ਤੌਰ 'ਤੇ ਸੂਚਿਤ ਕੀਤਾ ਸੀ ਕਿ ਸਹੁੰ ਚੁੱਕ ਸਮਾਰੋਹ 'ਚ ਗੁਆਂਢੀ ਦੇਸਾਂ ਅਤੇ ਹਿੰਦ ਮਹਾਸਾਗਰ ਖੇਤਰ ਦੇ 7 ਦੇਸਾਂ ਦੇ ਨੇਤਾ ਸਾਮਲ ਹੋਣਗੇ। ਵਿਦੇਸ ਮੰਤਰਾਲਾ ਮੁਤਾਬਕ ਸਹੁੰ ਚੁੱਕ ਸਮਾਗਮ 'ਚ ਸ੍ਰੀਲੰਕਾ ਦੇ ਰਾਸਟਰਪਤੀ ਰਾਨਿਲ ਵਿਕਰਮਸਿੰਘੇ, ਬੰਗਲਾਦੇਸ ਦੀ ਪ੍ਰਧਾਨ ਮੰਤਰੀ ਸੇਖ ਹਸੀਨਾ, ਮਾਲਦੀਵ ਦੇ ਰਾਸਟਰਪਤੀ ਮੁਹੰਮਦ ਮੁਈਜੂ ਅਤੇ ਨੇਪਾਲ ਦੇ ਪ੍ਰਧਾਨ ਮੰਤਰੀ ਪੁਸਮਾ ਕਮਲ ਦਹਿਲ 'ਪ੍ਰਚੰਡ' ਸਾਮਲ ਹੋਣਗੇ। ਦੱਸਿਆ ਗਿਆ ਹੈ ਕਿ ਮਾਰੀਸਸ ਦੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਨਾਥ, ਭੂਟਾਨ ਦੇ ਪ੍ਰਧਾਨ ਮੰਤਰੀ ਸੇਰਿੰਗ ਤੋਬਗੇ ਅਤੇ ਸੇਸੇਲਸ ਦੇ ਉੱਪ ਰਾਸਟਰਪਤੀ ਅਹਿਮਦ ਅਫਿਕ ਨੇ ਵੀ ਸਹੁੰ ਚੁੱਕ ਸਮਾਗਮ ਵਿਚ ਸਾਮਲ ਹੋਣ ਲਈ ਭਾਰਤ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਸੇਖ ਹਸੀਨਾ ਅੱਜ ਦੁਪਹਿਰ ਨਵੀਂ ਦਿੱਲੀ ਪਹੁੰਚ ਗਈ। ਇਸ ਦੇ ਨਾਲ ਹੀ ਅਫੀਕ ਦੇ ਵੀ ਅੱਜ ਇੱਥੇ ਪੁੱਜਣ ਦੀ ਸੰਭਾਵਨਾ ਹੈ ਅਤੇ ਹੋਰ ਆਗੂ ਵੀ ਐਤਵਾਰ ਨੂੰ ਇੱਥੇ ਆਉਣਗੇ। ਸੰਭਾਵਨਾ ਹੈ ਕਿ ਸਹੁੰ ਚੁੱਕ ਸਮਾਗਮ ਤੋਂ ਬਾਅਦ ਨਰਿੰਦਰ ਮੋਦੀ ਭਾਰਤ



ਦੌਰੇ 'ਤੇ ਆਏ ਨੇਤਾਵਾਂ ਨਾਲ ਵੱਖਰੀ ਮੀਟਿੰਗ ਕਰਨਗੇ। ਭਾਰਤ ਅਤੇ ਮਾਲਦੀਵ ਦੇ ਤਣਾਅਪੂਰਨ ਸਬੰਧਾਂ ਦੇ ਵਿਚਕਾਰ ਮੋਦੀ ਦੇ ਸਹੁੰ ਚੁੱਕ ਸਮਾਗਮ 'ਚ ਮੁਈਜੂ ਦਾ ਸਾਮਲ ਹੋਣਾ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਚੀਨ ਦੇ ਸਮਰਥਕ ਮੰਨੇ ਜਾਂਦੇ ਮੁਈਜੂ ਦੇ ਰਾਸਟਰਪਤੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਪਿਛਲੇ ਸਾਲ ਨਵੰਬਰ ਤੋਂ ਭਾਰਤ ਅਤੇ ਮਾਲਦੀਵ ਦੇ ਸਬੰਧ ਤਣਾਅਪੂਰਨ ਬਣੇ ਹੋਏ ਹਨ। ਸਹੁੰ ਚੁੱਕਣ ਤੋਂ ਕੁਝ ਘੰਟੇ ਬਾਅਦ ਮੁਹੰਮਦ ਮੁਈਜੂ ਨੇ ਉੱਥੇ ਤਾਇਨਾਤ ਭਾਰਤੀ ਫੌਜ ਦੇ ਜਵਾਨਾਂ ਨੂੰ ਆਪਣੇ ਦੇਸ ਵਾਪਸ ਜਾਣ ਦਾ ਨਿਰਦੇਸ ਦਿੱਤਾ ਸੀ, ਜਿਸ ਤੋਂ ਬਾਅਦ ਇਸ ਮਹੀਨੇ ਦੇ ਸੁਰੂ ਵਿਚ ਸੁਰੱਖਿਆ ਲਈ ਭਾਰਤੀ ਫੌਜੀ ਜਵਾਨਾਂ ਦੀ ਥਾਂ ਨਾਗਰਿਕਾਂ ਦੀ ਤਾਇਨਾਤੀ ਕੀਤੀ ਗਈ ਸੀ। ਵਿਦੇਸ ਮੰਤਰਾਲਾ ਨੇ ਕਿਹਾ,"ਲੋਕ ਸਭਾ ਚੋਣਾਂ 2024 ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੰਤਰੀ ਮੰਡਲ ਦਾ ਸਹੁੰ ਚੁੱਕ ਸਮਾਗਮ 9 ਜੂਨ, 2024 ਨੂੰ ਤੈਅ ਕੀਤਾ ਗਿਆ ਹੈ।" ਇਸ ਮੌਕੇ 'ਤੇ ਭਾਰਤ ਦੇ ਗੁਆਂਢੀ ਦੇਸਾਂ ਅਤੇ ਹਿੰਦ ਮਹਾਸਾਗਰ ਖੇਤਰ ਦੇ ਨੇਤਾਵਾਂ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਹੈ।" ਇਸ 'ਚ ਕਿਹਾ ਗਿਆ ਹੈ,"ਸਹੁੰ ਚੁੱਕ ਸਮਾਰੋਹ 'ਚ ਸਾਮਲ ਹੋਣ ਤੋਂ ਇਲਾਵਾ ਸਾਰੇ ਨੇਤਾ ਰਾਸਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਆਯੋਜਿਤ ਦਾਵਤ 'ਚ ਵੀ ਸਾਮਲ ਹੋਣਗੇ। ਰਾਸਟਰਪਤੀ ਭਵਨ ਵਿਖੇ ਵੀ ਸ਼ਿਰਕਤ ਕਰਨਗੇ। ਸਹੁੰ ਚੁੱਕ ਸਮਾਗਮ ਐਤਵਾਰ ਸਾਮ 7 ਵਜੇ ਰਾਸਟਰਪਤੀ ਭਵਨ ਵਿਚ ਹੋਵੇਗਾ।

# ਬ੍ਰਿਟੇਨ 'ਚ ਰੱਖੇ 100 ਟਨ ਸੋਨੇ ਨੂੰ ਵਾਪਸ ਲਿਆਉਣ ਦਾ ਕੋਈ ਹੋਰ ਮਤਲਬ ਨਾ ਕੱਢਿਆ ਜਾਵੇ : ਦਾਸ

**ਤੇਜਿੰਦਰ ਕੌਰ ਬੱਬਰ**

ਮੁੰਬਈ 8 ਜੂਨ। ਭਾਰਤੀ ਰਿਜਰਵ ਬੈਂਕ (ਆਰ. ਬੀ. ਆਈ.) ਦੇ ਗਵਰਨਰ ਸਕਤੀਕਾਂਤ ਦਾਸ ਨੇ ਸੁੱਕਰਵਾਰ ਨੂੰ ਕਿਹਾ ਕਿ ਕੇਂਦਰੀ ਬੈਂਕ ਬ੍ਰਿਟੇਨ ਤੋਂ 100 ਟਨ ਸੋਨੇ ਦਾ ਭੰਡਾਰ ਭਾਰਤ ਲਿਆਇਆ ਹੈ, ਕਿਉਂਕਿ ਦੇਸ ਕੋਲ ਲੋੜੀਂਦੀ ਭੰਡਾਰਨ ਸਮਰੱਥਾ ਹੈ। ਇਸ ਦਾ ਕੋਈ ਹੋਰ ਮਤਲਬ ਨਹੀਂ ਕੱਢਿਆ ਜਾਣਾ ਚਾਹੀਦਾ। ਆਰ. ਬੀ. ਆਈ. ਨੇ ਵਿੱਤੀ ਸਾਲ 2023-24 'ਚ ਬ੍ਰਿਟੇਨ 'ਚ ਭੰਡਾਰ ਕੀਤੇ ਆਪਣੇ 100 ਟਨ ਸੋਨੇ ਨੂੰ ਘਰੇਲੂ ਤਿਜੋਰੀਆਂ 'ਚ ਤਬਦੀਲ ਕਰ ਦਿੱਤਾ ਹੈ। ਇਹ 1991 ਤੋਂ ਬਾਅਦ ਸੋਨੇ ਦਾ ਸਭ ਤੋਂ ਵੱਡਾ ਤਬਾਦਲਾ ਹੈ। ਸਾਲ 1991 'ਚ ਵਿਦੇਸੀ ਕਰੰਸੀ ਸੰਕਟ ਨਾਲ ਨਜਿੱਠਣ ਲਈ ਸੋਨੇ ਦੇ ਇਕ ਵੱਡੇ ਹਿੱਸੇ ਨੂੰ ਗਿਰਵੀ ਰੱਖਣ ਲਈ ਤਿਜੋਰੀਆਂ 'ਚੋਂ ਬਾਹਰ ਕੱਢਿਆ ਗਿਆ ਸੀ। ਦਾਸ ਨੇ ਇਥੇ ਕਿਹਾ ਕਿ ਵਿਦੇਸਾਂ 'ਚ ਰੱਖੇ ਸੋਨੇ ਦੀ ਮਾਤਰਾ ਕਾਫੀ ਸਮੇਂ ਤੋਂ ਸਥਿਰ ਸੀ। ਹਾਲ ਹੀ ਦੇ ਸਾਲਾਂ ਦੇ ਅੰਕੜੇ ਦਰਸਾਉਂਦੇ ਹਨ ਕਿ ਰਿਜਰਵ ਬੈਂਕ ਆਪਣੇ ਭੰਡਾਰ ਦੇ ਹਿੱਸੇ ਵਜੋਂ ਸੋਨਾ ਖਰੀਦ ਰਿਹਾ ਹੈ ਅਤੇ ਇਸ ਦੀ ਮਾਤਰਾ ਵਧ ਰਹੀ ਹੈ। ਸਾਡੇ ਕੋਲ ਘਰੇਲੂ (ਭੰਡਾਰਣ) ਸਮਰੱਥਾ ਹੈ। ਗਵਰਨਰ ਨੇ ਕਿਹਾ ਕਿ ਇਸ ਲਈ ਇਹ ਫੈਸਲਾ ਲਿਆ ਗਿਆ ਕਿ ਭਾਰਤ ਤੋਂ ਬਾਹਰ ਰੱਖਿਆ ਸੋਨਾ ਲਿਆ ਕੇ ਦੇਸ 'ਚ ਰੱਖਿਆ ਜਾਵੇ। ਉਨ੍ਹਾਂ ਕਿਹਾ, "ਬਸ ਇੰਨਾ ਹੀ। ਇਸ ਤੋਂ ਹੋਰ ਕੋਈ ਅਰਥ ਨਹੀਂ ਕੱਢੇ ਜਾਣੇ ਚਾਹੀਦੇ।" ਦਾਸ ਨੇ ਕਿਹਾ ਕਿ ਭਾਰਤ ਦਾ ਵਿਦੇਸੀ ਕਰੰਸੀ ਭੰਡਾਰ 31 ਮਈ ਤੱਕ 651.5 ਅਰਬ ਡਾਲਰ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਇਸ ਤੋਂ ਪਿਛਲੇ ਹਫਤੇ ਭਾਵ 24 ਮਈ ਨੂੰ ਇਹ 646.67 ਅਰਬ ਡਾਲਰ ਸੀ। ਉਦੋਂ ਤੋਂ ਹੁਣ ਤੱਕ ਕੁੱਲ ਫੰਡ 'ਚ 4.83 ਅਰਬ ਅਮਰੀਕੀ ਡਾਲਰ ਦਾ ਵਾਧਾ ਹੋਇਆ ਹੈ। ਦਾਸ ਨੇ ਦੋ ਮਹੀਨਿਆਂ ਦੇ ਵਕਫੇ ਪਿੱਛੋਂ ਹੋਣ ਵਾਲੀ ਨੀਤੀ ਸਮੀਖਿਆ ਦਾ ਐਲਾਨ ਕਰਦੇ ਹੋਏ ਆਪਣੇ ਬਿਆਨ 'ਚ ਕਿਹਾ, "ਇਕ ਨਵੀਂ ਉਲੱਬਧੀ, ਭਾਰਤ ਦਾ ਵਿਦੇਸੀ ਕਰੰਸੀ ਭੰਡਾਰ 31 ਮਈ ਨੂੰ 651.5 ਅਰਬ ਅਮਰੀਕੀ ਡਾਲਰ ਦੇ ਇਤਿਹਾਸਕ ਉੱਚੇ ਪੱਧਰ 'ਤੇ ਪਹੁੰਚ ਗਿਆ।" ਉਨ੍ਹਾਂ ਕਿਹਾ ਕਿ ਭਾਰਤੀ ਰਿਜਰਵ ਬੈਂਕ ਆਟੋਮੈਟਿਕ ਭੁਗਤਾਨ ਦਾ ਘੇਰਾ ਵਧਾਉਣਾ ਚਾਹੁੰਦਾ ਹੈ। ਕੇਂਦਰੀ ਬੈਂਕ ਨੇ ਇਸ 'ਚ ਫਾਸਟੈਗ, ਨੈਸਨਲ ਕਾਮਨ ਮੋਬਿਲਿਟੀ ਕਾਰਡ (ਐੱਨ. ਸੀ. ਐੱਮ. ਸੀ.) ਆਦਿ ਨੂੰ ਵੀ ਲਿਆਉਣ ਦਾ ਪ੍ਰਸਤਾਵ ਰੱਖਿਆ ਹੈ। ਇਸ ਦੇ ਤਹਿਤ ਇਹ



ਸੁਵਿਧਾਵਾਂ ਲੈਣ ਲਈ ਰਕਮ ਘੱਟ ਹੋਣ 'ਤੇ ਆਟੋਮੈਟਿਕ ਇਸ ਦੇ ਖਾਤੇ 'ਚੋਂ ਇਨ੍ਹਾਂ ਸੇਵਾਵਾਂ ਲਈ ਭੁਗਤਾਨ (ਰੀਚਾਰਜ) ਕਰ ਦਿੱਤਾ ਜਾਵੇਗਾ। ਬਕਾਇਆ ਰਾਸ਼ੀ ਦੀ ਹੱਦ ਗਾਹਕਾਂ ਵੱਲੋਂ ਖੁਦ ਤੈਅ ਕੀਤੀ ਜਾਵੇਗੀ। ਭਾਰਤੀ ਰਿਜਰਵ ਬੈਂਕ (ਆਰ. ਬੀ. ਆਈ.) ਨੇ ਆਪਣੀ ਜਾਂਚ 'ਚ ਪਾਇਆ ਹੈ ਕਿ ਲੋਕਾਂ ਨੂੰ ਯੂ. ਪੀ. ਆਈ. ਜਾਂ ਐੱਨ. ਪੀ. ਸੀ. ਆਈ. ਕਾਰਨ ਨਹੀਂ, ਸਗੋਂ ਬੈਂਕਿੰਗ ਪ੍ਰਣਾਲੀ 'ਚ ਖਰਾਬੀ ਕਾਰਨ ਆਨਲਾਈਨ ਭੁਗਤਾਨ 'ਚ ਰੁਕਾਵਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਰ. ਬੀ. ਆਈ. ਦੇ ਗਵਰਨਰ ਸਕਤੀਕਾਂਤ ਦਾਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੇਂਦਰੀ ਬੈਂਕ ਦੇ ਸਬੰਧਤ ਅਧਿਕਾਰੀ ਆਨਲਾਈਨ ਭੁਗਤਾਨ 'ਚ ਰੁਕਾਵਟ ਦੇ ਹਰੇਕ ਮਾਮਲੇ ਦਾ ਅਧਿਐਨ ਕਰਦੇ ਹਨ, ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਇਸ ਦੀ ਵਜ੍ਹਾ ਕੀ ਸੀ। ਉਨ੍ਹਾਂ ਕਿਹਾ ਕਿ ਇਸ ਅਧਿਐਨ ਦੌਰਾਨ ਨੈਸਨਲ ਪੇਮੈਂਟਸ ਕਾਰਪੋਰੇਸਨ ਆਫ ਇੰਡੀਆ (ਐੱਨ. ਪੀ. ਸੀ. ਆਈ.) ਜਾਂ ਯੂਨੀਫਾਈਡ ਪੇਮੈਂਟ ਇੰਟਰਫੇਸ (ਯੂ. ਪੀ. ਆਈ.) ਪਲੇਟਫਾਰਮ 'ਚ ਕੋਈ ਸਮੱਸਿਆ ਨਹੀਂ ਪਾਈ ਗਈ ਹੈ। ਭਾਰਤੀ ਰਿਜਰਵ ਬੈਂਕ (ਆਰ. ਬੀ. ਆਈ.) ਦੀ ਵਿਆਜ ਦਰ ਨਿਰਧਾਰਨ ਕਮੇਟੀ 'ਚ ਨੀਤੀਗਤ ਦਰ ਰੇਪੋ ਵਿਚ ਕਟੌਤੀ ਨੂੰ ਲੈ ਕੇ ਆਵਾਜਾਂ ਉੱਠ ਰਹੀਆਂ ਹਨ। ਕਮੇਟੀ ਦੇ ਮੈਂਬਰ ਜਯੰਤ ਆਰ. ਵਰਮਾ ਲੰਬੇ ਸਮੇਂ ਤੋਂ ਮੁੱਖ ਨੀਤੀਗਤ ਦਰ 'ਚ ਘੱਟੋ-ਘੱਟ 0.25 ਫੀਸਦੀ ਦੀ ਕਟੌਤੀ ਦੀ ਵਕਾਲਤ ਕਰ ਰਹੇ ਹਨ। ਹੁਣ ਕਮੇਟੀ ਦੀ ਬਾਹਰੀ ਮੈਂਬਰ ਆਸ਼ਿਮਾ ਗੋਇਲ ਵੀ ਇਸ ਮੰਗ 'ਚ ਸਾਮਲ ਹੋ ਗਈ ਹੈ। ਮੁਦਰਾ ਨੀਤੀ ਕਮੇਟੀ (ਐੱਮ. ਪੀ. ਸੀ.) ਨੇ ਦੋ ਮਹੀਨਿਆਂ ਦੇ ਵਕਫੇ ਨਾਲ ਹੋਣ ਵਾਲੀ ਮੁਦਰਾ ਸਮੀਖਿਆ ਮੀਟਿੰਗ 'ਚ ਇਕ ਵਾਰ ਫਿਰ ਰੇਪੋ ਦਰ ਨੂੰ ਜਿਉਂ ਦਾ ਤਿਉਂ ਰੱਖਣ ਦੇ ਪੱਖ 'ਚ ਵੋਟ ਦਿੱਤੀ ਹੈ। ਹਾਲਾਂਕਿ ਇਸ ਵਾਰ ਕਮੇਟੀ ਦੇ 6 'ਚੋਂ 2 ਮੈਂਬਰਾਂ ਨੇ ਵਿਆਜ ਦਰਾਂ 'ਚ ਕਟੌਤੀ ਦੀ ਵਕਾਲਤ ਕੀਤੀ ਹੈ। ਕੇਂਦਰੀ ਬੈਂਕ ਵੱਲੋਂ ਜਾਰੀ ਐੱਮ. ਪੀ. ਸੀ. ਦੀ ਮੀਟਿੰਗ ਦੇ ਬਿਆਨ ਅਨੁਸਾਰ, "ਡਾ. ਸਸਾਂਕ ਭਿੜੇ, ਡਾ. ਰਾਜੀਵ ਰੰਜਨ, ਡਾ. ਮਾਈਕਲ ਦੇਵਵ੍ਰਤ ਪਾਤਰਾ ਅਤੇ ਸਕਤੀਕਾਂਤ ਦਾਸ ਨੇ ਨੀਤੀਗਤ ਰੇਪੋ ਦਰ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਣ ਦੇ ਪੱਖ 'ਚ ਵੋਟ ਦਿੱਤੀ, ਜਦਕਿ ਡਾ. ਆਸ਼ਿਮਾ ਗੋਇਲ ਅਤੇ ਪ੍ਰੋ. ਜਯੰਤ ਆਰ. ਵਰਮਾ ਨੇ ਨੀਤੀਗਤ ਰੇਪੋ ਦਰ 'ਚ 0.25 ਫੀਸਦੀ ਦੀ ਕਟੌਤੀ ਕਰਨ ਲਈ ਵੋਟ ਦਿੱਤੀ।"

# ਗਮ ਕਮਿਸ਼ਨਰ ਨੇ ਜੋਨਲ ਕਮਿਸ਼ਨਰਾਂ ਨੂੰ ਦਿੱਤੇ ਆਦੇਸ਼, ਫੀਲਡ 'ਚ ਜਾ ਕੇ ਕੀਤਾ ਜਾਵੇ ਸਫਾਈ ਕਾਰਜਾਂ ਦਾ ਮੁਆਇਨਾ

ਜਲੰਧਰ 8 ਜੂਨ। ਨਗਰ ਨਿਗਮ ਦੇ ਕਮਿਸਨਰ ਆਈ.ਏ.ਐੱਸ. ਰਿਸੀਪਾਲ ਸਿੰਘ ਵੱਲੋਂ ਮਹਾਨਗਰ ਜਲੰਧਰ ਵਿਚ ਸੁਰੂ ਕਰਵਾਈ ਗਈ ਕਲੀਨ ਸਵੀਪ ਮੁਹਿੰਮ ਤਹਿਤ ਜੋਨਲ ਕਮਿਸਨਰਾਂ ਨੂੰ ਫੀਲਡ ਵਿਚ ਉਤਰ ਕੇ ਸਾਫ-ਸਫਾਈ ਦਾ ਮੁਆਇਨਾ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਇਸ ਲੜੀ ਤਹਿਤ ਉੱਤਰੀ ਤੋਂ ਜੋਨਲ ਕਮਿਸਨਰ ਵਿਕਰਾਂਤ ਵਰਮਾ, ਕੈਂਟ ਹਲਕੇ ਤੋਂ ਪੁਨੀਤ ਸਰਮਾ, ਸੈਂਟਰਲ ਤੋਂ ਰਾਜੇਸ ਖੋਖਰ, ਵੈਸਟ ਤੋਂ ਸਿ਼ਖਾ ਭਗਤ, ਸੁਪਰਿਟੈਂਡੈਂਟ ਹਰਪ੍ਰੀਤ ਸਿੰਘ, ਇੰਸਪੈਕਟਰ ਰਿੰਪੀ ਕਲਿਆਣ ਸਮੇਤ ਵੱਖ-ਵੱਖ ਅਧਿਕਾਰੀ ਸਵੇਰੇ 8 ਵਜੇ ਦੇ ਕਰੀਬ ਫੀਲਡ ਵਿਚ ਪਹੁੰਚ ਗਏ। ਜੋਨਲ ਕਮਿਸਨਰਾਂ ਨੇ ਵੱਖ-ਵੱਖ ਖੇਤਰਾਂ ਦਾ ਦੌਰਾ ਕਰ ਕੇ ਸਫਾਈ ਕਾਰਜਾਂ ਦੀ ਦੇਖ-ਰੇਖ ਕੀਤੀ ਅਤੇ ਕਰਮਚਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ। ਅਧਿਕਾਰੀਆਂ ਨੇ ਕੰਮ ਕਰ ਰਹੇ ਸਟਾਫ ਦੀ ਅਟੈਂਡੈਂਸ ਚੈੱਕ ਕੀਤੀ ਅਤੇ ਉਨ੍ਹਾਂ ਨੂੰ ਹਰੇਕ ਵਾਰਡ ਵਿਚ ਸਫਾਈ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਕਿਹਾ। ਨਿਗਮ ਕਮਿਸ਼ਨਰ ਰਿਸ਼ੀਪਾਲ ਸਿੰਘ ਵੱਲੋਂ ਕੂੜੇ ਦੀ ਲਿਫਟਿੰਗ ਨੂੰ ਲੈ ਕੇ ਸਖਤ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਹਰੇਕ ਡੰਪ ਸਮੇਂ-ਸਮੇਂ 'ਤੇ ਸਾਫ ਹੋਣਾ ਚਾਹੀਦਾ ਹੈ। ਜਿ਼ਆਦਾ ਸਮੇਂ ਤਕ ਕੂੜਾ ਡੰਪ ਵਿਚ ਨਹੀਂ ਰਹਿਣਾ ਚਾਹੀਦਾ। ਹਰੇਕ ਜੋਨਲ ਕਮਿਸ਼ਨਰ ਨੂੰ ਆਪਣੇ-ਆਪਣੇ ਵਿਧਾਨ ਸਭਾ ਹਲਕੇ ਦੇ ਸਬੰਧ ਵਿਚ ਰੋਜਾਨਾ ਰਿਪੋਰਟ ਦੇਣ ਨੂੰ ਕਿਹਾ ਗਿਆ ਹੈ। ਮੁਆਇਨੇ ਬਾਰੇ ਦੱਸਦਿਆਂ ਜੋਨਲ ਕਮਿਸ਼ਨਰ ਵਿਕਰਾਂਤ ਵਰਮਾ ਨੇ ਕਿਹਾ ਕਿ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ 'ਤੇ



ਅਟੈਂਡੈਂਸ ਚੈੱਕ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਅਧਿਕਾਰੀ ਵੱਖ-ਵੱਖ ਵਾਰਡਾਂ ਵਿਚ ਅਚਾਨਕ ਮੁਆਇਨਾ ਕਰ ਰਹੇ ਹਨ ਤਾਂ ਕਿ ਸਫਾਈ ਦੇ ਜਮੀਨੀ ਹਾਲਾਤ ਨੂੰ ਜਾਣਿਆ ਜਾ ਸਕੇ। ਵਿਕਰਾਂਤ ਨੇ ਦੱਸਿਆ ਕਿ ਛੋਟੇ ਡੰਪਾਂ ਤੋਂ ਕੂੜਾ ਚੁੱਕਣ ਵਾਲੀਆਂ ਗੱਡੀਆਂ ਦੀ ਨਿਗਰਾਨੀ ਰੱਖੀ ਜਾ ਰਹੀ ਹੈ। ਛੋਟੇ ਡੰਪਾਂ ਤੋਂ ਕੂੜਾ ਵੱਡੇ ਡੰਪਾਂ 'ਤੇ ਆਉਂਦਾ ਹੈ, ਜਿਥੋਂ ਕੂੜੇ ਦੀ ਲਿਫਟਿੰਗ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸੁਪਰਿਟੈਂਡੈਂਟ ਇਸ ਪੂਰੇ ਘਟਨਾਕ੍ਰਮ 'ਤੇ ਨਜਰ ਰੱਖ ਰਹੇ ਹਨ। 85 ਵਾਰਡਾਂ ਵਿਚ ਫਲੈਕਸ ਬੋਰਡ ਲਾਉਣ ਦਾ ਕੰਮ ਲਗਭਗ ਪੂਰਾ ਹੋ ਗਿਆ ਹੈ। ਇਸਦੇ ਤਹਿਤ ਜਨਤਾ ਆਪਣੀਆਂ ਸ਼ਿਕਾਇਤਾਂ ਆਸਾਨੀ ਨਾਲ ਸੀਨੀਅਰ ਅਧਿਕਾਰੀਆਂ ਤਕ ਪਹੁੰਚਾ ਸਕਦੀ ਹੈ। ਇਨ੍ਹਾਂ ਬੋਰਡਾਂ 'ਤੇ ਇਲਾਕੇ ਦੇ ਨੋਡਲ ਅਫਸਰ ਅਤੇ ਦੂਜੇ ਅਧਿਕਾਰੀਆਂ ਦੀ ਸੂਚੀ ਦਰਸਾਈ ਗਈ ਹੈ। ਇਸਦੇ ਤਹਿਤ ਗੰਦੇ ਪਾਣੀ ਅਤੇ ਸੀਵਰੇਜ ਦੀ ਸਮੱਸਿਆ, ਸੜਕਾਂ/ਪਾਰਕ ਦੀ ਰਿਪੇਅਰ, ਸਟਰੀਟ ਲਾਈਟਾਂ ਸਬੰਧੀ ਸ਼ਿਕਾਇਤ, ਸਫਾਈ ਸਬੰਧੀ ਸ਼ਿਕਾਇਤ ਸਮੇਤ ਕੁੱਲ 5 ਕਾਲਮ ਬਣਾਏ ਗਏ ਹਨ, ਜਿਨ੍ਹਾਂ ਵਿਚ ਸਬੰਧਤ ਅਧਿਕਾਰੀ ਦਾ ਨਾਂ ਅਤੇ ਉਸਦਾ ਮੋਬਾਇਲ ਨੰਬਰ ਡਿਸਪਲੇਅ ਕਰਵਾਇਆ ਗਿਆ ਹੈ। ਜੋਨਲ ਕਮਿਸ਼ਨਰ ਵੱਲੋਂ ਕੀਤੇ ਗਏ ਰਾਊਂਡ ਦੌਰਾਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਸਟਰੀਟ ਲਾਈਟਾਂ ਬੰਦ ਪਾਈਆਂ ਗਈਆਂ ਸਨ, ਇਸਦੇ ਬਾਅਦ ਨਿਗਮ ਕਮਿਸ਼ਨਰ ਵੱਲੋਂ ਸਟਰੀਟ ਲਾਈਟਾਂ ਦੀ ਮੁਰੰਮਤ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਸਬੰਧ ਵਿਚ ਸੀਨੀਅਰ ਅਧਿਕਾਰੀਆਂ ਵੱਲੋਂ ਸਟਰੀਟ ਲਾਈਟਾਂ ਸਬੰਧੀ ਰਿਪੋਰਟ ਤਲਬ ਕੀਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਈ ਵੀ ਪੁਆਇੰਟ ਬੰਦ ਨਹੀਂ ਰਹਿਣਾ ਚਾਹੀਦਾ ਕਿਉਂਕਿ ਇਹ ਪਬਲਿਕ ਨਾਲ ਸਬੰਧਤ ਮੁੱਦਾ ਹੈ। ਨਿਗਮ ਕਮਿਸ਼ਨਰ ਵੱਲੋਂ ਲਾਈਟਾਂ ਨੂੰ ਲੈ ਕੇ ਜਲਦ ਚੈਕਿੰਗ ਕੀਤੀ ਜਾ ਸਕਦੀ ਹੈ। ਜੇਕਰ ਲਾਈਟਾਂ ਬੰਦ ਮਿਲਦੀਆਂ ਹਨ ਤਾਂ ਸਬੰਧਤ ਅਧਿਕਾਰੀ ਤੋਂ ਜਵਾਬਦੇਹੀ ਹੋਵੇਗੀ। ਇਸੇ ਕਾਰਨ ਅਧਿਕਾਰੀਆਂ ਨੇ ਲਾਈਟਾਂ ਨੂੰ ਚਾਲੂ ਕਰਵਾਉਣ 'ਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ।

## ਅਮਰੀਕਾ ਬੈਠੇ ਗੈਂਗਸਟਰ ਲਵਜੀਤ ਕੰਗ ਦੇ ਗੈਂਗ ਦਾ ਪਰਦਾਫਾਸ਼, 6 ਬਦਮਾਸ਼ ਹਥਿਆਰਾਂ ਸਣੇ ਚੜ੍ਹੇ ਪੁਲਸ ਦੇ ਅੜਿੱਕੇ

ਖੰਨਾ 8 ਜੂਨ। ਖੰਨਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਉਸ ਨੇ ਅਮਰੀਕਾ 'ਚ ਬੈਠੇ ਗੈਂਗਸਟਰ ਲਵਜੀਤ ਕੰਗ ਦੇ ਗੈਂਗ ਦਾ ਪਰਦਾਫਾਸ ਕੀਤਾ। ਇਸ ਗੈਂਗ ਦੇ ਬਦਮਾਸ਼ ਗੈਂਗਸਟਰ ਕੰਗ ਵੱਲੋਂ ਪੰਜਾਬ ਅਤੇ ਹੋਰ ਸੂਬਿਆਂ 'ਚ ਦਿੱਤੇ ਟਾਰਗੈਟਸ 'ਤੇ ਕਿਡਨੈਪਿੰਗ ਕਰ ਕਰੋੜਾਂ ਰੁਪਏ ਦੀਆਂ ਫਿਰੌਤੀਆਂ ਮੰਗਣ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਫਿ਼ਰਾਕ 'ਚ ਸਨ। ਖੰਨਾ ਪੁਲਸ ਨੇ ਗੈਂਗ ਦੇ 6 ਬਦਮਾਸ਼ਾਂ ਨੂੰ ਗ੍ਰਿਫਤਾਰ ਕਰ ਉਨ੍ਹਾਂ ਕੋਲੋਂ 13 ਰਿਵਾਲਵਰ ਤੇ 13 ਮੈਗਜੀਨ ਬਰਾਮਦ ਕੀਤੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਅਮਨੀਤ ਕੌਂਡਲ ਨੇ ਦੱਸਿਆ ਕਿ ਪੁਲਸ ਨੇ ਗੈਂਗਸਟਰ ਲਵਜੀਤ ਕੰਗ ਗੈਂਗ ਦਾ ਪਰਦਾਫਾਸ ਕਰ ਵੱਡੀ ਵਾਰਦਾਤ ਹੋਣ ਤੋਂ ਪਹਿਲਾਂ ਹੀ ਰੋਕ ਦਿੱਤਾ ਹੈ। ਐੱਸ.ਐੱਸ.ਪੀ. ਨੇ ਦੱਸਿਆ ਕਿ ਪੁਲਸ ਨੇ ਬਦਮਾਸ ਦਵਿੰਦਰ ਸਿੰਘ ਬੰਟੀ,



ਕਰਨਜੋਤ ਸਿੰਘ, ਕੋਹਿਨੂਰ ਸਿੰਘ, ਹਰਪ੍ਰੀਤ ਸਿੰਘ, ਬਲਕਰਨ ਸਿੰਘ, ਕਮਲਜੀਤ ਸਿੰਘ ਨੂੰ 13 ਰਿਵਾਲਵਰ 32 ਬੋਰ ਸਣੇ ਕਾਬੂ ਕੀਤਾ। ਮੁਲਜਮਾਂ ਤੋਂ ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਦਾ ਸੰਪਰਕ (ਅਮਰੀਕਾ) 'ਚ ਬੈਠੇ ਗੈਂਗਸਟਰ ਲਵਜੀਤ ਕੰਗ ਨਾਲ ਹੈ। ਗੈਂਗਸਟਰ ਲਵਜੀਤ ਕੰਗ ਨੇ ਇਨ੍ਹਾਂ ਨੂੰ ਟਾਰਗੈੱਟ ਦਿੱਤਾ ਸੀ, ਕੰਗ ਨੇ ਇਨ੍ਹਾਂ ਨੂੰ ਵੱਖ-ਵੱਖ ਟਾਰਗੈੱਟਾਂ ਨੂੰ ਅਗਵਾ ਕਰਵਾ ਕੇ ਕਰੋੜਾਂ ਦੀ ਫਿਰੌਤੀ ਮੰਗਣੀ ਸੀ ਪਰ ਪਹਿਲਾਂ ਹੀ ਪੁਲਸ ਦੀ ਮੁਸਤੈਦੀ ਨਾਲ ਮੁਲਜਮਾਂ ਨੂੰ ਕਾਬੂ ਕਰ ਲਿਆ ਗਿਆ।

## ਅਮਰੀਕਾ ਤੋਂ ਆਏ ਪਾਰਸਲ ਨੂੰ ਐਕਟੀਵੇਟ ਕਰਵਾਉਣ ਦੇ ਨਾਂ 'ਤੇ ਮਾਰੀ ਹਜਾਰਾਂ ਰੁਪਏ ਦੀ ਠੱਗੀ, ਦੋ ਖਿਲਾਫ ਮਾਮਲਾ ਦਰਜ

ਧਾਰੀਵਾਲ 8 ਜੂਨ। ਅਮਰੀਕਾ ਤੋਂ ਆਏ ਇਕ ਪਾਰਸਲ ਨੂੰ ਐਕਟੀਵੇਟ ਕਰਨ ਦਾ ਝਾਂਸਾ ਦੇ ਕੇ ਕਰੀਬ 96,999 ਰੁਪਏ ਦੀ ਠੱਗੀ ਮਾਰਨ ਵਾਲੇ ਦੋ ਵਿਅਕਤੀਆਂ ਖਿ਼ਲਾਫ ਥਾਣਾ ਧਾਰੀਵਾਲ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੀੜਤ ਔਰਤ ਲਕਸ਼ਤਾ ਪੁੱਤਰੀ ਨਰਿੰਦਰ ਵਿਜ ਵਾਸੀ ਕ੍ਰਿਸ਼ਨਾ ਗਲੀ ਧਾਰੀਵਾਲ ਨੇ ਦੱਸਿਆ ਕਿ 10 ਜਨਵਰੀ 2022 ਨੂੰ ਉਸ ਨੂੰ ਫੋਨ ਆਇਆ ਕਿ ਉਸਦਾ ਇਕ ਪਾਰਸਲ ਜੋ ਅਮਰੀਕਾ ਤੋਂ ਆਇਆ ਹੈ, ਉਹ ਡੀ-ਐਕਟੀਵੇਟ ਹੋ ਗਿਆ ਹੈ। ਜਿਸ ਨੂੰ ਐਕਟੀਵੇਟ ਕਰਵਾਉਣ ਲਈ ਇਕ ਟੈਕਸ ਮੈਸੇਜ ਭੇਜ ਰਹੇ ਹਾਂ, ਜਿਸ




ਵਿਚ ਜੋ ਵੀ ਹੋਵੇਗਾ, ਉਸ ਨੂੰ ਕਲਿੱਕ ਕਰਕੇ ਉਸ 'ਚ ਆਪਣਾ ਅਕਾਊਂਟ ਨੰਬਰ ਅਤੇ ਮੋਬਾਇਨ ਨੰਬਰ ਭੇਜ ਕੇ ਯੂ. ਪੀ. ਆਈ. ਰਾਹੀਂ 5 ਰੁਪਏ ਭੇਜ ਦਿੱਤੇ ਜਾਣ। ਜਦੋਂ ਉਸ ਨੇ ਅਜਿਹਾ ਕੀਤਾ ਤਾਂ ਅਗਲੇ ਦਿਨ ਕਰੀਬ 1.45 ਵਜੇ ਉਸ ਦੇ ਮੋਬਾਇਲ 'ਤੇ ਮੈਸੇਜ ਆਇਆ, ਜਿਸ 'ਤੇ ਉਸ ਨੂੰ ਪਤਾ ਲੱਗਾ ਕਿ ਉਸ ਦੇ ਖਾਤੇ 'ਚੋਂ ਕਿਸੇ ਨੇ 96,999 ਰੁਪਏ ਕੱਢਵਾਏ ਗਏ ਹਨ। ਉੱਚ ਪੁਲਸ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਪੁਲਸ ਨੇ ਪੀੜਤ ਔਰਤ ਲਕਸ਼ਤਾ ਦੇ ਬਿਆਨਾਂ ਦੇ ਆਧਾਰ 'ਤੇ ਆਫਤਾਬ ਆਲਮ ਪੁੱਤਰ ਮੁਹੰਮਦ ਮੁਸਤਫਾ ਵਾਸੀ ਕਨਹੋਲੀ ਬਾਜੀਤਪੁਰ ਜਿ਼ਲ੍ਹਾ ਪਟਨਾ ਅਤੇ ਅਮਿਤ ਕੁਮਾਰ ਵਾਸੀ ਬਬੂਗ ਬਜਾਰ ਬਿਹਾਰ ਖਿ਼ਲਾਫ ਕੇਸ ਦਰਜ ਕਰ ਲਿਆ ਹੈ।

## ਚਾਟ ਖਾਂਦਿਆਂ ਔਰਤ ਨੇ ਪੱਟਿਆ ਮੁੰਡਾ, ਫਿਰ ਅਮਰੀਕਾ ਦੇ ਵਿਖਾਏ ਸੁਫਨੇ, ਜਦ ਸੱਚ ਆਇਆ ਸਾਹਮਣੇ ਉੱਡੇ ਮੁੰਡੇ ਦੇ ਹੋਸ਼

ਜਲੰਧਰ 8 ਜੂਨ। ਭਗਵਾਨ ਵਾਲਮੀਕਿ ਚੌਂਕ ਨੇੜੇ ਇਕ ਔਰਤ ਨੌਜਵਾਨ ਤੋਂ 25 ਹਜਾਰ ਰੁਪਏ ਦੀ ਠੱਗੀ ਮਾਰ ਕੇ ਫਰਾਰ ਹੋ ਗਈ। ਔਰਤ ਨਾਲ ਨੌਜਵਾਨ ਦੀ ਦੋਸਤੀ ਨਿਗਮ ਦੇ ਬਾਹਰ ਚਾਟ ਵਾਲੀ ਰੇਹੜੀ 'ਤੇ ਹੋਈ ਸੀ। ਘਟਨਾ ਬਾਰੇ ਦੱਸਦੇ ਹੋਏ ਪੀੜਤ ਨੇ ਦੱਸਿਆ ਕਿ ਇਕ ਹਫਤਾ ਪਹਿਲਾਂ ਜਦੋਂ ਉਹ ਆਪਣੇ ਦੋਸਤ ਨਾਲ ਚਾਟ ਖਾਣ ਲਈ ਭਗਵਾਨ ਵਾਲਮੀਕਿ ਚੌਂਕ ਗਿਆ ਸੀ ਤਾਂ ਉੱਥੇ ਇਕ ਔਰਤ ਵੀ ਮੌਜੂਦ ਸੀ। ਚਾਟ ਸਵਾਦ ਨਾ ਹੋਣ 'ਤੇ ਗੱਲਬਾਤ ਸੁਰੂ ਹੋਈ ਅਤੇ ਨਿਗਮ ਦਫਤਰ ਦੇ ਬਾਹਰ ਲੱਗੀਆਂ ਰੇਹੜੀਆਂ ਤਕ ਪਹੁੰਚ ਗਈ। ਨੌਜਵਾਨ ਨੇ ਦੱਸਿਆ ਕਿ ਉਕਤ ਔਰਤ ਨੇ ਉਸ ਨੂੰ ਇਹ ਕਹਿ ਕੇ ਆਪਣੇ ਜਾਲ 'ਚ ਫਸਾ ਲਿਆ ਸੀ ਕਿ ਉਸ ਦਾ ਅਮਰੀਕਾ 'ਚ ਚੰਗਾ ਕਾਰੋਬਾਰ ਹੈ ਅਤੇ ਉਹ ਨੌਜਵਾਨ ਲੱਭਣ ਲਈ ਜਲੰਧਰ ਆਈ ਸੀ। ਔਰਤ ਨੇ ਉਸ ਨੂੰ ਵਿਦੇਸ ਦੇ ਸੁਫਨੇ ਵਿਖਾ ਕੇ ਲੁੱਟ ਲਿਆ। ਨੌਜਵਾਨ ਨੇ ਦੱਸਿਆ ਕਿ ਚਾਟ ਖਾਂਦੇ ਸਮੇਂ ਉਹ ਆਪਣੇ ਦੋਸਤ ਨਾਲ ਵਿਦੇਸ ਜਾਣ ਦੀ ਗੱਲ ਕਰ ਰਿਹਾ ਸੀ। ਇਸ ਦੌਰਾਨ ਉੱਥੇ ਖੜ੍ਹੀ ਔਰਤ ਨੇ ਵੀ ਗੱਲ ਕਰਨੀ ਸੁਰੂ ਕਰ ਦਿੱਤੀ। ਔਰਤ ਨੇ ਕਿਹਾ ਕਿ ਜੇਕਰ ਤੁਸੀਂ ਵਿਦੇਸ ਜਾਣਾ ਚਾਹੁੰਦੇ ਹੋ ਤਾਂ ਉਹ ਆਪਣੇ ਸਾਥੀ ਨਾਲ ਕੰਮ ਬਾਰੇ ਗੱਲ ਕਰੇਗੀ। ਗੱਲਬਾਤ ਦੌਰਾਨ ਔਰਤ ਦੀ ਗੱਲ ਪਹਿਲਾਂ ਤਾਂ ਸਹੀ ਜਾਪਦੀ ਸੀ ਅਤੇ ਉਸ ਨੇ ਕਿਸੇ ਪੈਸੇ ਦੀ ਮੰਗ ਵੀ ਨਹੀਂ ਕੀਤੀ ਅਤੇ ਇਸੇ ਤਰ੍ਹਾਂ ਅਸੀਂ ਹਰ ਰੋਜ ਚਾਟ ਵਾਲੀ ਰੇਹੜੀ 'ਤੇ ਮਿਲਣ ਲੱਗ ਪਏ। ਇੱਥੋਂ ਤੱਕ ਕਿ ਔਰਤ ਨੇ ਆਪਣੀ ਨਾਗਰਿਕਤਾ ਵਿਖਾਈ ਅਤੇ ਇਹ ਵੀ ਦੱਸਿਆ ਕਿ ਵਿਦੇਸ 'ਚ ਕਿਵੇਂ ਪੱਕਾ ਹੋਣਾ ਹੈ। ਕਰੀਬ ਇਕ ਹਫਤੇ ਬਾਅਦ ਉਕਤ ਔਰਤ ਨੇ ਵਿਦੇਸ 'ਚ ਆਪਣੇ ਸਾਥੀ ਨਾਲ ਗੱਲ ਕਰਵਾਈ ਅਤੇ ਕਾਗਜਾਤ ਲਈ 50 ਹਜਾਰ ਰੁਪਏ ਦੀ ਮੰਗ ਕੀਤੀ ਪਰ ਜਦੋਂ ਉਸ ਨੇ ਉਸ ਔਰਤ ਨੂੰ ਦੱਸਿਆ ਕਿ ਉਸ ਕੋਲ ਇਸ ਸਮੇਂ ਸਿਰਫ 25000 ਹਨ ਤਾਂ ਔਰਤ ਨੇ ਕਿਹਾ ਕਿ ਉਹ ਆਪਣੇ ਵੱਲੋਂ 25000 ਪਾ ਕੇ ਟਰਾਂਸਫਰ ਕਰ ਦਿੰਦੀ ਹੈ, ਜੋ ਉਸ ਨੇ ਕਰ ਵੀ ਦਿੱਤੇ, ਜਿਸ ਤੋਂ ਬਾਅਦ ਉਸ ਨੇ ਵੀ ਪੈਸੇ ਟਰਾਂਸਫਰ ਕਰ ਦਿੱਤੇ। ਨੌਜਵਾਨ ਨੇ ਦੱਸਿਆ ਕਿ ਹੁਣ ਔਰਤ ਦੇ ਫੋਨ ਬੰਦ ਆ ਰਹੇ ਹਨ। ਕੁਝ ਸਮਾਂ ਪਹਿਲਾਂ ਉਹ ਕਹਿ ਰਹੀ ਸੀ ਕਿ ਉਹ ਵਾਪਸ ਅਮਰੀਕਾ ਚਲੀ ਜਾਵੇਗੀ ਅਤੇ ਜਾਂਦੇ ਹੋਏ ਉੱਥੇ ਦੇ ਫੋਨ ਨੰਬਰ ਅਤੇ ਦਸਤਾਵੇਜ ਦੇ ਕੇ ਦਾਵੇਗੀ, ਜਿਸ ਕਾਰਨ ਉਸ ਨੂੰ ਉੱਥੇ ਆਸਾਨੀ ਨਾਲ ਨੌਕਰੀ ਮਿਲ ਸਕਦੀ ਹੈ ਪਰ ਹੁਣ ਨਾ ਤਾਂ ਔਰਤ ਮਿਲ ਰਹੀ ਹੈ ਅਤੇ ਨਾ ਹੀ ਉਸ ਦਾ ਫੋਨ ਨੰਬਰ।

## 12ਵੀਂ ਜਮਾਤ ਦੇ ਅੰਗਰੇਜੀ ਦੇ ਪੇਪਰ ਲੀਕ ਮਾਮਲੇ 'ਚ ਪੁਲਸ ਦੀ ਵੱਡੀ ਕਾਰਵਾਈ

ਗੁਰਦਾਸਪੁਰ 8 ਜੂਨ। ਬਾਰ੍ਹਵੀਂ ਦੇ ਅੰਗਰੇਜੀ ਪੇਪਰ ਲੀਕ ਮਾਮਲੇ 'ਚ ਪੁਲਸ ਨੇ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ 24 ਫਰਵਰੀ ਨੂੰ ਥਾਣਾ ਸਿਟੀ ਦੀ ਪੁਲਸ ਨੇ ਜ਼ਿਲ੍ਹਾ ਸਿੱਖਿਆ ਅਧਿਕਾਰੀ



ਦੀ ਸ਼ਿਕਾਇਤ 'ਤੇ ਇਸ ਸਬੰਧੀ ਮਾਮਲਾ ਦਰਜ ਕੀਤਾ ਸੀ। ਮਾਮਲੇ ਦੀ ਤਫਤੀਸ਼ ਦੌਰਾਨ ਅਜੇ ਤੱਕ ਵੀਰ ਸਿੰਘ ਅਤੇ ਗਗਨ 2 ਵਿਅਕਤੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਦਾ ਸੰਪਰਕ (ਅਮਰੀਕਾ) ''ਚੋਂ ਵੀਰ ਸਿੰਘ ਇਕ ਮਸ਼ਹੂਰ ਵਿੱਦਿਅਕ ਅਕੈਡਮੀ ਨਾਲ ਸਬੰਧਤ ਹੈ। ਇਸ ਮਾਮਲੇ ਵਿਚ ਕੁਝ ਨਿੱਜੀ ਸਕੂਲ ਵੀ ਪੁਲਸ ਦੇ ਨਿਸ਼ਾਨੇ 'ਤੇ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਪੇਪਰ ਲੀਕ ਹੋਣ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਅੰਗਰੇਜੀ ਦਾ ਪੇਪਰ ਰੱਦ ਕਰ ਦਿੱਤਾ ਗਿਆ ਸੀ ਅਤੇ ਸਿੱਖਿਆ ਮੰਤਰੀ ਪੰਜਾਬ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੀ ਗੱਲ ਵੀ ਆਖੀ ਗਈ ਸੀ।

## ਓਡੀਸ਼ਾ 'ਚ ਮਿਲਿਆ ਜਾਸੂਸ ਕਬੂਤਰ, ਲੱਤਾਂ 'ਤੇ ਲੱਗੀ ਛੋਟੇ ਕੈਮਰੇ ਵਰਗੀ ਮਸ਼ੀਨ

ਭੁਵਨੇਸ਼ਵਰ 8 ਜੂਨ। ਓਡੀਸ਼ਾ 'ਚ ਮਿਲੇ ਉਸ ਕਬੂਤਰ ਨੂੰ ਕੇਂਦਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾ (ਸੀ.ਐੱਫ.ਐੱਸ.ਐੱਲ.) 'ਚ ਪ੍ਰੀਖਣ ਲਈ ਭੇਜਿਆ ਜਾਵੇਗਾ, ਜਿਸ 'ਚ ਉਪਕਰਣ ਲਗਾਏ ਗਏ ਹਨ। ਪੁਲਸ ਨੂੰ ਸ਼ੱਕ ਹੈ ਕਿ ਪੰਛੀ ਦਾ ਇਸਤੇਮਾਲ ਜਾਸੂਸੀ ਲਈ ਕੀਤਾ ਜਾ ਰਿਹਾ ਸੀ। ਪੁਲਸ ਨੇ ਦੱਸਿਆ ਕਿ ਕਬੂਤਰ ਜਗਤਸਿੰਘਪੁਰ ਜਿ਼ਲ੍ਹੇ 'ਚ ਪਾਰਾਦੀਪ ਦੇ ਇਲਾਕੇ 'ਚ ਮੱਛੀ ਫੜਨ ਵਾਲੀ ਇਕ ਕਿਸ਼ਤੀ ਤੋਂ ਮਿਲਿਆ ਸੀ। ਕੁਝ ਦਿਨ ਪਹਿਲਾਂ ਕੁਝ ਮਛੇਰਿਆਂ ਨੂੰ ਕਬੂਤਰ ਉਨ੍ਹਾਂ ਦੀ ਕਿਸ਼ਤੀ 'ਤੇ ਬੈਠਾ ਮਿਲਿਆ ਸੀ। ਪੰਛੀ ਨੂੰ ਫੜ ਲਿਆ ਗਿਆ ਅਤੇ ਬੁੱਧਵਾਰ ਨੂੰ ਪਾਰਾਦੀਪ ਪੁਲਸ ਨੂੰ ਸੌਂਪ ਦਿੱਤਾ। ਪੁਲਸ ਨੇ ਕਿਹਾ ਕਿ ਰਾਜ ਨਿਆਂਇਕ ਪ੍ਰਯੋਗਸ਼ਾਲਾ ਕਬੂਤਰ ਦੀਆਂ ਲੱਤਾਂ 'ਤੇ ਲੱਗੇ ਕੈਮਰੇ ਵਰਗੀ ਮਸ਼ੀਨ ਅਤੇ ਇਕ ਮਾਈਕ੍ਰੋਚਿਪ ਤੋਂ ਡਾਟਾ ਕੱਢਣ 'ਚ ਅਸਫਲ ਰਹੀ ਹੈ, ਜਿਸ ਤੋਂ ਬਾਅਦ ਇਸ ਨੂੰ ਸੀ.ਐੱਫ.ਐੱਸ.ਐੱਲ. ਭੇਜਣ ਦਾ ਫੈਸਲਾ ਕੀਤਾ ਗਿਆ ਸੀ। ਜਗਤਸਿੰਘਪੁਰ ਦੇ ਪੁਲਸ ਸੁਪਰਡੈਂਟ ਰਾਹੁਲ ਪੀਆਰ ਨੇ ਕਿਹਾ,"ਕਬੂਤਰ ਦੇ ਖੰਭਾਂ 'ਤੇ ਲਿਖੇ ਸ਼ਬਦਾਂ ਅਤੇ ਜਬਤ ਉਪਕਰਣ ਦਾ ਪ੍ਰੀਖਣ ਕੋਲਕਾਤਾ ਜਾਂ ਹੈਦਰਾਬਾਦ ਦੇ ਸੀ.ਐੱਫ.ਐੱਸ.ਐੱਲ 'ਚ ਕੀਤਾ ਜਾਵੇਗਾ।"




## ਦਰਦਨਾਕ ਹਾਦਸਾ : ਝੌਂਪੜੀ 'ਚ ਅੱਗ ਲੱਗਣ ਨਾਲ 3 ਬੱਚਿਆਂ ਸਮੇਤ ਪਰਿਵਾਰ ਦੇ 5 ਮੈਂਬਰ ਜਿਊਂਦੇ ਸੜੇ

ਕਾਨਪੁਰ 8 ਜੂਨ। ਉੱਤਰ ਪ੍ਰਦੇਸ਼ 'ਚ ਕਾਨਪੁਰ ਦੇਹਾਤ ਜਿ਼ਲ੍ਹੇ ਦੇ ਰੂਰਾ ਖੇਤਰ 'ਚ ਇਕ ਝੌਂਪੜੀ 'ਚ ਸ਼ੱਕੀ ਸਥਿਤੀਆਂ 'ਚ ਅੱਗ ਲੱਗ ਗਈ। ਇਸ ਹਾਦਸੇ 'ਚ ਇਕ ਹੀ ਪਰਿਵਾਰ ਦੇ 5 ਜੀਆਂ ਦੀ ਸੜ ਕੇ ਮੌਤ ਹੋ ਗਈ। ਪੁਲਸ ਸੂਤਰਾਂ ਨੇ ਦੱਸਿਆ ਕਿ ਐਤਵਾਰ ਰਾਤ ਕਰੀਬ 2 ਵਜੇ ਹਾਰਾਮਊ ਪਿੰਡ 'ਚ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਬੰਜਾਰਾ ਡੇਰਾ 'ਚ ਇਕ ਝੌਂਪੜੀ 'ਚ ਅੱਗ ਦੀਆਂ ਲਪਟਾਂ ਉੱਠਦੀਆਂ ਦੇਖ ਪਿੰਡ ਵਾਸੀਆਂ ਨੇ ਰੌਲਾ ਪਾਇਆ। ਜਦੋਂ ਤੱਕ ਪਿੰਡ ਵਾਸੀ ਅੱਗ ਬੁਝਾ ਪਾਉਂਦੇ, ਉਦੋਂ ਤੱਕ ਝੌਂਪੜੀ 'ਚ ਮੌਜੂਦਾ ਜੋੜਾ ਅਤੇ ਉਨ੍ਹਾਂ ਦੇ ਤਿੰਨ ਮਾਸੂਮ ਬੱਚਿਆਂ ਦੀ ਜਿਊਂਦੇ ਸੜ ਕੇ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਭਾਰੀ ਪੁਲਸ ਫੋਰਸ ਨਾਲ ਜਿ਼ਲ੍ਹਾ ਅਧਿਕਾਰੀ ਅਤੇ ਪੁਲਸ ਸੁਪਰਡੈਂਟ ਹਾਦਸੇ ਵਾਲੀ ਜਗ੍ਹਾ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਰੂਰਾ ਦੇ ਹਾਰਾਮਊ ਪਿੰਡ 'ਚ ਇਕ ਬੰਜਾਰਾ ਡੇਰਾ ਹੈ। ਡੇਰਾ 'ਚ ਸੈਂਕੜੇ ਪਰਿਵਾਰ ਝੌਂਪੜੀ ਬਣਾ ਕੇ ਰਹਿੰਦੇ ਹਨ। ਇਸ ਡੇਰੇ 'ਚ ਸਤੀਸ਼ ਆਪਣੀ ਪਤਨੀ ਕਾਜਲ ਅਤੇ 2 ਪੋਤਿਆਂ ਅਤੇ ਇਕ ਪੋਤੀ ਅਤੇ ਮਾਂ ਰੇਸ਼ਮ ਨਾਲ ਝੌਂਪੜੀ 'ਚ ਰਹਿੰਦੇ ਹਨ। ਰੋਜ ਦੀ ਤਰ੍ਹਾਂ ਖਾਣਾ ਖਾਣ ਤੋਂ ਬਾਅਦ ਪੂਰਾ ਪਰਿਵਾਰ ਸੌਣ ਲਈ ਝੌਂਪੜੀ ਦੇ ਅੰਦਰ ਚੱਲਾ ਗਿਆ ਸੀ। ਐਤਵਾਰ ਤੜਕੇ ਅਚਾਨਕ ਝੌਂਪੜੀ 'ਚ ਅੱਗ ਲੱਗ ਗਈ। ਅੱਗ ਦੀਆਂ ਲਪਟਾਂ ਦੇਖ ਰੌਲਾ ਪੈ ਗਿਆ। ਜਦੋਂ ਤੱਕ ਡੇਰੇ 'ਚ ਰਹਿਣ ਵਾਲੇ ਲੋਕ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦੇ ਉਦੋਂ ਤੱਕ ਝੌਂਪੜੀ ਦੇ ਅੰਦਰ ਸੌਂ ਰਹੇ ਸਤੀਸ਼ (30), ਕਾਜਲ (26), ਸਨੀ (6), ਸੰਦੀਪ (5) ਅਤੇ ਧੀ ਗੁੜੀਆ (3) ਦੀ ਜਿਊਂਦੇ ਸੜ ਕੇ ਮੌਤ ਹੋ ਗਈ। ਉੱਥੇ ਹੀ ਅੱਗ ਬੁਝਾਉਣ ਦੀ ਕੋਸ਼ਿਸ਼ 'ਚ ਸਤੀਸ਼ ਦੀ ਮਾਂ ਰੇਸ਼ਮ ਵੀ ਅੱਗ ਦੀ ਲਪੇਟ 'ਚ ਆ ਕੇ ਝੁਲਸ ਗਈ। ਜਿਨ੍ਹਾਂ ਨੂੰ ਤੁਰੰਤ ਪੁਲਸ ਦੀ ਮਦਦ ਨਾਲ ਪਿੰਡ ਵਾਸੀਆਂ ਨੇ ਜਿ਼ਲ੍ਹਾ ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।




## ਟਰਾਲੇ ਦੀ ਟਰੱਕਾਂ ਨਾਲ ਹੋਈ ਭਿਆਨਕ ਟੱਕਰ ਮਗਰੋਂ ਲੱਗੀ ਅੱਗ, 2 ਵਿਅਕਤੀ ਜਿੰਦਾ ਸੜੇ

ਧਾਰ 8 ਜੂਨ। ਮੱਧ ਪ੍ਰਦੇਸ ਦੇ ਧਾਰ ਜਿ਼ਲ੍ਹੇ 'ਚ ਇਕ ਟਰਾਲੇ ਨੇ ਸਨੀਵਾਰ ਨੂੰ ਡਿਵਾਈਡਰ ਪਾਰ ਕਰ ਕੇ ਦੂਜੇ ਪਾਸੇ ਤੋਂ ਆ ਰਹੇ 2 ਟਰੱਕਾਂ ਨੂੰ ਭਿਆਨਕ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨੋਂ ਵਾਹਨਾਂ 'ਚ ਅੱਗ ਲੱਗਣ ਤੋਂ ਬਾਅਦ ਇਨ੍ਹਾਂ 'ਚ ਸਵਾਰ 2 ਲੋਕਾਂ ਦੀ ਜਿ਼ੰਦਾ ਸੜਨ ਨਾਲ ਮੌਤ ਹੋ ਗਈ ਅਤੇ 3 ਹੋਰ ਜਖਮੀ ਹੋ ਗਏ। ਵਧੀਕ ਪੁਲਸ ਸੁਪਰਡੈਂਟ ਦੇਵੇਂਦਰ ਪਾਟੀਦਾਰ ਨੇ ਦੱਸਿਆ ਕਿ ਇਹ ਘਟਨਾ ਜਿ਼ਲ੍ਹਾ ਹੈੱਡਕੁਆਰਟਰ ਤੋਂ ਤਕਰੀਬਨ 60 ਕਿਲੋਮੀਟਰ ਦੂਰ ਇੰਦੌਰ-ਮੁੰਬਈ ਰਾਸਟਰੀ ਰਾਜਮਾਰਗ 'ਤੇ ਗਣਪਤੀ ਘਾਟ 'ਤੇ ਵਾਪਰੀ। ਉਨ੍ਹਾਂ ਕਿਹਾ ਕਿ ਇੰਦੌਰ ਤੋਂ ਮੁੰਬਈ ਵੱਲ ਜਾ ਰਹੇ ਟਰਾਲੇ ਦੇ ਬ੍ਰੇਕ ਫੇਲ ਹੋਣ ਕਾਰਨ ਇਹ ਡਿਵਾਈਡਰ ਪਾਰ ਕਰ ਕੇ ਦੂਜੀ ਲਾਈਨ 'ਚ ਜਾ ਵੜਿਆ ਅਤੇ ਉਸ ਨੇ 2 ਟਰੱਕਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਮਾਰੇ ਗਏ ਲੋਕਾਂ ਦੀ ਪਛਾਣ ਟਰਾਲਾ ਚਾਲਕ ਮਨੋਜ ਰਾਵਤ (25) ਅਤੇ ਕਲੀਨਰ ਪ੍ਰਹਿਲਾਦ ਰਾਵਤ (23) ਵਜੋਂ ਹੋਈ ਹੈ। ਇਸ ਹਾਦਸੇ 'ਚ ਟਰੱਕਾਂ 'ਚ ਸਵਾਰ 3 ਲੋਕ ਜਖਮੀ ਵੀ ਹੋਏ ਹਨ।

## ਵਿਆਹ ਨੂੰ ਨਹੀਂ ਮੰਨੇ ਮਾਪੇ ਤਾਂ ਮੁੰਡੇ ਨੇ ਭੇਜਿਆ ਮੈਸੇਜ, 'ਅਸੀਂ ਜਾ ਰਹੇ ਹਾਂ ਤੇ ਕਦੇ ਵਾਪਸ ਨਹੀਂ ਆਵਾਂਗੇ'

ਮੁੰਬਈ 8 ਜੂਨ। ਮੁੰਬਈ ਦੇ ਸਮਤਾ ਨਗਰ ਇਲਾਕੇ 'ਚ ਇਕ 21 ਸਾਲਾ ਨੌਜਵਾਨ ਅਤੇ 16 ਸਾਲਾ ਕੁੜੀ ਨੇ ਖੁਦਕੁਸ਼ੀ ਕਰ ਲਈ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਮੁਤਾਬਕ ਦੋਵੇਂ ਗੁਆਂਢੀ ਸਨ ਅਤੇ ਕਾਂਦਿਵਲੀ ਈਸਟ ਜਾਨੁਪਾੜਾ ਇਲਾਕੇ 'ਚ ਰਹਿੰਦੇ ਸਨ। 21 ਸਾਲਾ ਆਕਾਸ਼ ਙਟੇ ਘਰਾਂ 'ਚ ਕੰਮ ਕਰਦਾ ਸੀ, ਜਦਕਿ 16 ਸਾਲਾ ਕੁੜੀ ਵਿਦਿਆਰਥਣ ਸੀ। ਮੁੰਬਈ ਪੁਲਸ ਮੁਤਾਬਕ ਦੋਵੇਂ ਵਿਆਹ ਕਰਾਉਣਾ ਚਾਹੁੰਦੇ ਸਨ ਪਰ ਪਰਿਵਾਰ ਵਾਲੇ ਉਨ੍ਹਾਂ ਦੇ ਵਿਆਹ ਦੇ ਖਿ਼ਲਾਫ ਸਨ। ਪੁਲਸ ਮੁਤਾਬਕ ਸੁੱਕਰਵਾਰ ਦੁਪਹਿਰ ਕਰੀਬ ਸਾਢੇ 12 ਵਜੇ ਸਮਤਾ ਨਗਰ ਥਾਣੇ ਦੇ ਜਨਪੜਾ ਮਾਈਨ ਤੋਂ ਇਕ ਫੋਨ ਆਇਆ ਕਿ ਉੱਥੇ ਦੋ ਲੋਕਾਂ ਦੀਆਂ ਲਾਸਾਂ ਪਈਆਂ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਸਮਤਾ ਨਗਰ ਪੁਲਸ ਦੇ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜਾ ਲਿਆ। ਪੁਲਸ ਨੇ ਲਾਸਾਂ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਨਾਬਾਲਗ ਕੁੜੀ ਬੀਤੀ ਰਾਤ ਆਪਣੇ ਘਰ ਸੁੱਤੀ ਸੀ। ਉਸ ਦੇ ਮਾਤਾ-ਪਿਤਾ ਨੇ ਸਵੇਰੇ ਉਸ ਨੂੰ ਘਰੋਂ ਲਾਪਤਾ ਪਾਇਆ। ਉਨ੍ਹਾਂ ਨੇ ਕੁੜੀ ਦੀ ਕਾਫੀ ਭਾਲ ਕੀਤੀ ਪਰ ਉਹ ਨਹੀਂ ਮਿਲੀ। ਜਿਸ ਤੋਂ ਬਾਅਦ ਉਨ੍ਹਾਂ ਨੇ ਪੁਲਸ ਕੋਲ ਪਹੁੰਚ ਕੇ ਅਧਿਕਾਰੀਆਂ ਨੂੰ ਸੂਚਿਤ ਕੀਤਾ। ਪੁਲਸ ਨੇ ਉਸ ਦੇ ਮਾਤਾ-ਪਿਤਾ ਦੀ




ਸਿ਼ਕਾਇਤ ਦੇ ਆਧਾਰ 'ਤੇ ਅਗਵਾ ਦਾ ਮਾਮਲਾ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ। ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਨਾਬਾਲਗ ਕੁੜੀ ਸਵੇਰੇ ਆਪਣੇ ਦੋਸਤ ਨਾਲ ਘਰੋਂ ਬਾਹਰ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਉਸ ਵਿਅਕਤੀ ਨੇ ਆਪਣੇ ਮੋਬਾਈਲ ਤੋਂ ਆਪਣੇ ਪਰਿਵਾਰ ਨੂੰ ਇਕ ਮੈਸੇਜ ਭੇਜਿਆ ਸੀ, ਜਿਸ ਵਿਚ ਕਿਹਾ ਗਿਆ ਸੀ

## 22 ਸੰਪਰਕ ਕੇਂਦਰ ਸ਼ਨੀਵਾਰ ਤੇ 23 ਐਤਵਾਰ ਨੂੰ ਰਹਿਣਗੇ ਬੰਦ

ਚੰਡੀਗੜ੍ਹ 8 ਜੂਨ। ਯੂ. ਟੀ. ਪ੍ਰਸ਼ਾਸਨ ਨੇ ਫੈਸਲਾ ਕੀਤਾ ਹੈ ਕਿ ਹੁਣ 22 ਸੰਪਰਕ ਕੇਂਦਰ ਸ਼ਨੀਵਾਰ ਅਤੇ 23 ਐਤਵਾਰ ਬੰਦ ਰਹਿਣਗੇ। ਹੁਕਮਾਂ ਅਨੁਸਾਰ 18 ਮਾਰਚ ਤੋਂ ਸ਼ਨੀਵਾਰ ਛੱਡ ਕੇ 22 ਈ-ਸੰਪਰਕ ਕੇਂਦਰ ਐਤਵਾਰ ਤੋਂ ਸ਼ੁੱਕਰਵਾਰ ਤੱਕ ਖੁੱਲ੍ਹੇ ਰਹਿਣਗੇ। ਇਨ੍ਹਾਂ ਵਿਚ ਸੈਕਟਰ-7, 10, 18, 23,




27, 34, 35, 37, 40, 45, 48, ਮਨੀਮਾਜਰਾ, ਦੜਿਆਣਾ, ਡੱਡੂਮਾਜਰਾ, ਬਹਿਲਾਣਾ, ਧਨਾਸ (ਪੰਚਾਇਤ ਭਵਨ), ਕੈਂਬਵਾਲਾ, ਖੁੱਡਾ ਅਲੀਸ਼ੇਰ, ਖੁੱਡਾ ਜੱਸੂ, ਰਾਈ ਮਲੋਆ ਤੇ ਵਿਕਾਸ ਨਗਰ ਸ਼ਾਮਲ ਹਨ। ਇਸ ਦੇ ਨਾਲ ਹੀ 19 ਮਾਰਚ ਤੋਂ ਐਤਵਾਰ ਛੱਡ ਕੇ ਸੋਮਵਾਰ ਤੋਂ ਸ਼ਨੀਵਾਰ ਤੱਕ 23 ਈ-ਸੰਪਰਕ ਕੇਂਦਰ ਖੁੱਲ੍ਹੇ ਰਹਿਣਗੇ। ਇਨ੍ਹਾਂ ਵਿਚ ਸੈਕਟਰ-1, 12, 15, 17 (ਡੀ. ਸੀ. ਦਫ਼ਤਰ), 17 (ਟਰੇਜਰੀ), 20, 21, 22, 26, 32, 38, 39, 41, 43, 43 (ਜ਼ਿਲ੍ਹਾ ਅਦਾਲਤ), 47, ਉਦਯੋਗਿਕ ਖੇਤਰ ਫੇਜ਼-1, ਹੱਲੋਮਾਜਰਾ, ਮੱਖਣਮਾਜਰਾ, ਰਾਏਪੁਰ ਕਲਾਂ, ਸਾਰੰਗਪੁਰ, ਧਨਾਸ (ਕਮਿਊਨਿਟੀ ਸੈਂਟਰ), ਡੱਡੂਮਾਜਰਾ ਕਾਲੋਨੀ (ਕਮਿਊਨਿਟੀ ਸੈਂਟਰ) ਸ਼ਾਮਲ ਹਨ। ਇਸ ਤੋਂ ਇਲਾਵਾ ਯੂ. ਟੀ. ਪ੍ਰਸ਼ਾਸਨ ਵਲੋਂ ਐਲਾਨੀ ਛੁੱਟੀ ਵਾਲੇ ਦਿਨ ਉਹ ਬੰਦ ਰਹਿਣਗੇ।

## ਹੱਥ-ਮੂੰਹ ਸਾਫ਼ ਕੇ ਸਕੂਲ ਆਉਣ ਵਾਲੇ ਬੱਚਿਆਂ ਨੂੰ ਮਿਲੇਗਾ ਇਨਾਮ, ਚਰਚਾ ਦਾ ਵਿਸ਼ਾ ਬਣੀ ਅਧਿਆਪਕ ਦੀ ਇਹ ਪੋਸਟ

ਗੁਰਦਾਸਪੁਰ 8 ਜੂਨ। ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਇਕ ਅਧਿਆਪਕ ਵੱਲੋਂ ਆਪਣੇ ਫੇਸਬੁੱਕ ਅਕਾਊਂਟ 'ਤੇ ਪਾਈ ਗਈ ਇਕ ਪੋਸਟ ਅੱਜ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਪੋਸਟ ਦੀ ਲੋਕਾਂ ਵੱਲੋਂ ਕੀਤੀ ਜਾ ਰਹੀ ਤਿੱਖੀ ਨਿੰਦਾ ਦੇ ਚਲਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਨੇ ਜ਼ਿਲ੍ਹੇ ਦੇ ਡਿਪਟੀ ਡੀ. ਈ. ਓ. ਨੂੰ ਇਸ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਉਕਤ ਅਧਿਆਪਕ ਜਿ਼ਲ੍ਹਾ ਗੁਰਦਾਸਪੁਰ ਦੇ ਬਲਾਕ ਕਾਦੀਆਂ ਦੇ ਅਧੀਨ ਇਕ ਪਿੰਡ ਦੇ ਸਰਕਾਰੀ ਸਕੂਲ ਵਿਚ ਤਾਇਨਾਤ ਹੈ। ਇਸ ਅਧਿਆਪਕ ਦੇ ਨਾਮ 'ਤੇ ਬਣੇ ਫੇਸਬੁੱਕ ਅਕਾਊਂਟ 'ਤੇ ਪਾਈ ਪੋਸਟ ਵਿਚ ਲਿਖਿਆ ਕਿ ਦੀਵਾਲੀ ਦੇ ਤਿਉਹਾਰ 'ਤੇ ਜਿਹੜਾ ਵਿਦਿਆਰਥੀ ਆਪਣੇ ਮੂੰਹ, ਅੱਖਾਂ, ਹੱਥ ਸਾਫ਼ ਕੇ ਸਕੂਲ ਪਹੁੰਚੇਗਾ, ਉਸ ਨੂੰ 500 ਰੁਪਏ ਦੇ ਇਨਾਮ ਅਤੇ 'ਪਟਾਕਿਆਂ ਦੇ ਸਰਦਾਰ' ਦੇ ਖਿ਼ਤਾਬ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਪੋਸਟ ਵਿਚ ਅਧਿਆਪਕ ਨੇ ਇਹ ਵੀ ਲਿਖਿਆ ਕਿ ਇਹ ਇਨਾਮ ਉਸ ਨੂੰ ਵਿਸ਼ਵਕਰਮਾ ਦਿਹਾੜੇ ਮੌਕੇ ਸਕੂਲ ਦੀ ਅਸੈਂਬਲੀ 'ਚ ਦਿੱਤਾ ਜਾਵੇਗਾ। ਹਾਲਾਂਕਿ ਸਵੇਰੇ ਇਹ ਪੋਸਟ ਅਧਿਆਪਕ ਵੱਲੋਂ ਡਿਲੀਟ ਕਰ ਦਿੱਤੀ ਗਈ ਪਰ ਇਸ ਤੋਂ ਪਹਿਲਾਂ ਹੀ ਇਸ ਪੋਸਟ ਦੇ ਸਕਰੀਨ ਸ਼ਾਰਟ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋਣੇ ਸ਼ੁਰੂ ਹੋ ਗਏ ਸਨ ਅਤੇ ਕਿਸੇ ਨੇ ਜ਼ਿਲ੍ਹੇ ਦੇ ਡੀ. ਈ. ਓ. ਅਤੇ ਡਿਪਟੀ ਡੀ. ਈ. ਓ. ਨੂੰ ਵੀ ਇਸ ਅਧਿਆਪਕ ਦੀ ਪੋਸਟ ਸਾਂਝੀ ਕਰ ਦਿੱਤੀ ਗਈ ਸੀ। ਇਸ ਪੋਸਟ ਪਿੱਛੇ ਅਧਿਆਪਕ ਦੀ ਕੀ ਤਮੰਨਾ ਸੀ ਜਾਂ ਉਨ੍ਹਾਂ ਨੇ ਬੱਚਿਆਂ ਨੂੰ ਸੇਧ ਦੇਣ ਲਈ ਕੀ ਸੋਚ ਕੇ ਅਜਿਹੀ ਪੋਸਟ ਪਾਈ ਸੀ, ਇਹ ਸਭ ਅਜੇ ਸਵਾਲਾਂ ਦੇ ਘੇਰੇ ਵਿਚ ਹੈ ਅਤੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਇਹ ਪੋਸਟ ਅਧਿਆਪਕ ਵੱਲੋਂ ਖੁਦ ਪਾਈ ਗਈ ਸੀ ਅਤੇ ਜਾਂ ਫਿਰ ਉਸ ਦੇ ਅਕਾਊਂਟ 'ਤੇ ਕਿਸੇ ਹੋਰ ਵੱਲੋਂ ਇਹ ਪੋਸਟ ਸਾਂਝੀ ਕੀਤੀ ਗਈ ਹੈ। ਇਹ ਸਭ ਭਾਵੇਂ ਅਜੇ ਜਾਂਚ ਦੇ ਵਿਸ਼ੇ ਹਨ ਪਰ ਲੋਕਾਂ ਵੱਲੋਂ ਇਹ ਕਹਿ ਕੇ ਹੈਰਾਨੀ ਅਤੇ ਰੋਸ ਜਤਾਇਆ ਜਾ ਰਿਹਾ ਹੈ ਕਿ ਜੇਕਰ ਸੱਚਮੁੱਚ ਇਸ ਪੋਸਟ ਨੂੰ ਸੱਚ ਮੰਨ ਕੇ ਕੋਈ ਵਿਦਿਆਰਥੀ ਜਾਣਬੁਝ ਕੇ ਹੱਥ ਮੂੰਹ ਸਾਫ਼ ਲੈਂਦਾ ਤਾਂ ਉਸਦਾ ਜਿ਼ੰਮੇਵਾਰ ਕੌਣ ਹੋਵੇਗਾ? ਲੋਕ ਇਹ ਸਵਾਲ ਵੀ ਖੜ੍ਹਾ ਕਰ ਰਹੇ ਹਨ ਕਿ ਅਧਿਆਪਕ ਵਰਗ ਨੇ ਬੱਚਿਆਂ ਨੂੰ ਰਸਤਾ ਦਿਖਾਉਣਾ ਹੁੰਦਾ ਹੈ ਪਰ ਜਦੋਂ ਅਧਿਆਪਕ ਖੁਦ ਹੀ ਅਜਿਹੀਆਂ ਪੋਸਟਾਂ ਸ਼ੇਅਰ ਕਰ ਕੇ ਅਜਿਹਾ ਪ੍ਰਚਾਰ ਕਰਨਗੇ ਤਾਂ ਇਸ ਦੇ ਚੰਗੇ ਨਤੀਜਿਆਂ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸ ਸਬੰਧੀ ਜਦੋਂ ਅਧਿਆਪਕ ਨੂੰ ਫੋਨ ਕੀਤਾ ਤਾਂ ਵਾਰ-ਵਾਰ ਸੰਪਰਕ ਕਰਨ ਦੇ ਬਾਵਜੂਦ ਉਨ੍ਹਾਂ ਦਾ ਫੋਨ ਬੰਦ ਮਿਲਿਆ। ਇਸ ਸਬੰਧ 'ਚ ਜਦੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ 'ਚ ਆ ਚੁੱਕਿਆ ਹੈ ਅਤੇ ਉਨ੍ਹਾਂ ਡਿਪਟੀ ਡੀਈਓ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ।

## ਪੰਜਾਬ ਵਿਜੀਲੈਂਸ ਦੇ ਜਾਲ 'ਚ ਫਸਿਆ ਰਿਸ਼ਵਤ ਲੈਂਦਾ ਬਿਜਲੀ ਮੁਲਾਜਮ

ਚੰਡੀਗੜ੍ਹ/ਪਟਿਆਲਾ 8 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸਟਾਚਾਰ ਖਿ਼ਲਾਫ ਵਿੱਢੀ ਮੁਹਿੰਮ ਤਹਿਤ ਪੀ. ਐੱਸ. ਪੀ. ਸੀ. ਐੱਲ. ਦਫਤਰ ਪਟਿਆਲਾ ਵਿਖੇ ਤਾਇਨਾਤ ਕੰਪਲੈਂਟ ਹੈਂਡਲਿੰਗ ਬੁਆਏ (ਸੀ. ਐੱਚ. ਬੀ.) ਕੁਲਵੰਤ ਸਿੰਘ ਨੂੰ 8000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਬਿਜਲੀ ਮੁਲਾਜ਼ਮ ਨੂੰ ਪਟਿਆਲਾ ਜਿ਼ਲ੍ਹੇ ਦੇ ਪਿੰਡ ਸੂਲਰ ਦੇ ਵਸਨੀਕ ਜਸਵੀਰ ਸਿੰਘ ਵੱਲੋਂ ਦਰਜ ਕਰਵਾਈ ਸਿ਼ਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਿ਼ਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਪਟਿਆਲਾ ਰੇਂਜ ਕੋਲ ਪਹੁੰਚ ਕਰਕੇ ਦੋਸ ਲਗਾਇਆ ਕਿ ਜੂਨੀਅਰ ਇੰਜੀਨੀਅਰ ਦਵਿੰਦਰ ਸਿੰਘ ਅਤੇ ਉਕਤ ਸੀ. ਐੱਚ. ਬੀ. ਕੁਲਵੰਤ ਸਿੰਘ ਉਸ ਨੂੰ ਘਰੇਲੂ ਬਿਜਲੀ ਦਾ ਲੋਡ ਪ੍ਰਵਾਨਿਤ ਸੀਮਾ ਤੋਂ ਵੱਧ ਹੋਣ ਸਬੰਧੀ ਧਮਕਾ ਰਹੇ ਹਨ ਅਤੇ ਇਸ ਸਬੰਧੀ ਜੁਰਮਾਨੇ ਤੋਂ ਬਚਣ ਲਈ 8,000 ਰੁਪਏ ਦੀ ਰਿਸਵਤ ਮੰਗ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਿ਼ਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਕੁਲਵੰਤ ਸਿੰਘ ਨੂੰ 2 ਸਰਕਾਰੀ ਗਵਾਹਾਂ ਦੀ ਹਾਜਰੀ 'ਚ ਸਿ਼ਕਾਇਤਕਰਤਾ ਤੋਂ 8,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਦਵਿੰਦਰ ਸਿੰਘ ਜੇ. ਈ. ਅਤੇ ਕੁਲਵੰਤ ਸਿੰਘ ਸੀ. ਐੱਚ. ਬੀ. ਦੇ ਖਿ਼ਲਾਫ਼ ਵਿਜੀਲੈਂਸ ਬਿਊਰੋ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਧੀ ਨੂੰ ਹੋ ਰਿਹਾ ਸੀ ਢਿੱਡ ‘ਚ ਦਰਦ, ਦਵਾਈ ਦਿਵਾਉਣ ਗਈ ਮਾਂ ਨੂੰ ਡਾਕਟਰ ਨੇ ਜੋ ਦੱਸਿਆ, ਪੈਰਾਂ ਹੇਠੋਂ ਖਿਸਕੀ ਜਮੀਨ

ਫਾਜਿਲਕਾ 8 ਜੂਨ। ਇੱਥੇ ਫਾਜ਼ਿਲਕਾ ਦੇ ਪਿੰਡ ਸੈਦੋ ਕੇ ਹਿਠਾੜ ਵਿਖੇ ਕਾਲਜ ‘ਚ ਪੜ੍ਹਦੀ ਇਕ ਕੁੜੀ ਨਾਲ ਜਬਰ-ਜ਼ਿਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਉਦੋਂ ਪਤਾ ਲੱਗਾ, ਜਦੋਂ ਕੁੜੀ ਨੂੰ ਢਿੱਡ ‘ਚ ਦਰਦ ਹੋਇਆ ਤਾਂ ਹਸਪਤਾਲ ‘ਚ ਚੈੱਕਅਪ ਦੌਰਾਨ ਉਹ 5 ਮਹੀਨਿਆਂ ਦੀ ਗਰਭਵਤੀ ਨਿਕਲੀ। ਫਿਲਹਾਲ ਪੁਲਸ ਨੇ ਇਸ ਮਾਮਲੇ ਸਬੰਧੀ 2 ਨੌਜਵਾਨਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਪੀੜਤਾ ਨੇ ਦੱਸਿਆ ਕਿ ਬੀਤੇ ਜਨਵਰੀ ਮਹੀਨੇ ਦੌਰਾਨ ਜਦੋਂ ਉਹ ਇਕ ਦਿਨ ਕਾਲਜ ਤੋਂ ਵਾਪਸ ਆ ਰਹੀ ਸੀ ਤਾਂ ਪਿੰਡ ਦੇ 2 ਨੌਜਵਾਨਾਂ ਨੇ ਉਸ ਨਾਲ ਜਬਰ-ਜ਼ਿਨਾਹ ਕੀਤਾ ਅਤੇ ਕਿਸੇ ਨੂੰ ਦੱਸਣ ‘ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਹੁਣ ਜਦੋਂ ਕੁੜੀ ਦੇ ਢਿੱਡ ‘ਚ ਦਰਦ ਹੋਇਆ ਤਾਂ ਉਸ ਦੇ ਪਰਿਵਾਰ ਵਾਲੇ ਉਸ ਨੂੰ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਪੀੜਤਾ 5 ਮਹੀਨਿਆਂ ਦੀ ਗਰਭਵਤੀ ਹੈ। ਇਹ ਸੱਚਾਈ ਜਾਣ ਕੇ ਪੀੜਤਾ ਦੀ ਮਾਂ ਬੁਰੀ ਤਰ੍ਹਾਂ ਟੁੱਟ ਗਈ। ਉਸ ਨੇ ਰੋਂਦੇ ਹੋਇਆ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੇ ਇਕ ਬੱਚੇ ਨੂੰ ਕੈਂਸਰ ਹੈ। ਉਸ ਨੇ ਦੱਸਿਆ ਕਿ ਉਸ ਦੀ ਧੀ ਨਾਲ ਜੋ ਵੀ ਹੋਇਆ ਹੈ, ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਫਿਲਹਾਲ ਸਦਰ ਥਾਣਾ ਪੁਲਸ ਨੇ ਇਸ ਮਾਮਲੇ ‘ਚ 2 ਨੌਜਵਾਨਾਂ ਖ਼ਿਲਾਫ ਜਬਰ-ਜ਼ਿਨਾਹ ਦਾ ਮੁਕੱਦਮਾ ਦਰਜ ਕਰ ਲਿਆ ਹੈ। ਐੱਸ. ਐੱਚ. ਓ. ਪਰਮਜੀਤ ਕੁਮਾਰ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਚੌਗਿਰਦੇ ਦੀ ਸੰਭਾਲ ਲਈ ਪੰਚਾਇਤ ਦਾ ਅਨੋਖਾ ਉੱਦਮ, ‘ਪਲਾਸਟਿਕ ਲਿਆਓ, ਗੁੜ-ਖੰਡ ਲੈ ਜਾਓ’

ਬਰਨਾਲਾ 8 ਜੂਨ। ਪਿੰਡ ਭੈਣੀ ਮਹਿਰਾਜ ਦੀ ਗ੍ਰਾਮ ਪੰਚਾਇਤ ਨੇ ਚੌਗਿਰਦੇ ਦੀ ਸੰਭਾਲ ਲਈ ਉੱਦਮ ਕਰਦਿਆਂ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦਾ ਸੰਕਲਪ ਲੈਂਦਿਆਂ ‘ਪਲਾਸਟਿਕ ਕੂੜਾ ਲਿਆਓ, ਗੁੜ-ਖੰਡ ਲੈ ਜਾਓ’ ਦਾ ਨਾਅਰਾ ਦਿੱਤਾ ਹੈ। ਪਿੰਡ ਦੀ ਸੱਥ ’ਚ ਕੀਤੇ ਗਏ ਆਮ ਇਜਲਾਸ ’ਚ ਪਿੰਡ ਦੀ ਵਿਉਂਤਬੰਦੀ ਦਾ ਖਾਕਾ ਗ੍ਰਾਮ ਸਭਾ ਦੇ ਮੈਂਬਰਾਂ ਨੇ ਖੁਦ ਉਲੀਕਿਆ। ਔਰਤਾਂ ਦੀ ਭਰਵੀਂ ਹਾਜਰੀ ਵਾਲੇ ਆਮ ਇਜਲਾਸ ਦੀ ਪ੍ਰਧਾਨਗੀ ਚੇਅਰਪਰਸਨ ਸੁਖਵਿੰਦਰ ਕੌਰ ਨੇ ਕੀਤੀ। ਇਸ ਮੌਕੇ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਵੀ ਹਾਜਰ ਰਹੇ। ਇਸ ਮੌਕੇ ਪਿੰਡ ਦੇ ਮੋਹਤਬਰ ਆਗੂ ਗਗਨਦੀਪ ਸਿੰਘ ਤੇ ਜਤਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦੇ ਉਦੇਸ਼ ਨਾਲ ਜੋ ਪਿੰਡ ਵਾਸੀ ਪੰਚਾਇਤ ਨੂੰ ਪਲਾਸਟਿਕ ਕਚਰਾ ਦੇਣਗੇ, ਉਸ ਬਦਲੇ ਮੁਫਤ ’ਚ ਗੁੜ ਜਾਂ ਖੰਡ ਦਿੱਤੀ ਜਾਵੇਗੀ। ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਕਾਰਜ ਦੀ ਸ਼ੁਰੂਆਤ 2 ਜੁਲਾਈ ਤੋਂ ਕੀਤੀ ਜਾਵੇਗੀ, ਹਰ ਤਿੰਨ ਮਹੀਨਿਆਂ ਬਾਅਦ ਲੋਕਾਂ ਤੋਂ ਪਲਾਸਟਿਕ ਕਚਰਾ ਲਿਆ ਜਾਵੇਗਾ। ਇਸ ਤੋਂ ਇਲਾਵਾ ਔਰਤਾਂ ਦੇ ਸਸਕਤੀਕਰਨ ਲਈ ਕਦਮ ਵਧਾਉਂਦੇ ਹੋਏ ਲਿੰਗ ਸਮਾਨਤਾ, ਔਰਤਾਂ ਨੂੰ ਬਰਾਬਰ ਦੇ




ਮੌਕੇ ਮੁਹੱਈਆ ਕਰਨਾ, ਔਰਤਾਂ ਤੇ ਕੁੜੀਆਂ ਨੂੰ ਸੁਰੱਖਿਅਤ ਮਾਹੌਲ ਦੇਣ ਆਦਿ ਬਾਰੇ ਮਤੇ ਪਾਸ ਕੀਤੇ ਗਏ। ਗੁਰਪ੍ਰੀਤ ਸਿੰਘ ਪੰਚਾਇਤ ਸਕੱਤਰ ਨੇ ਸਾਲ 2022-23 ਦੌਰਾਨ ਦਾ ਆਮਦਨ ਤੇ ਖਰਚ ਪੜ੍ਹ ਕੇ ਸੁਣਾਇਆ। ਇਸ ਤੋਂ ਇਲਾਵਾ ਆਮ ਇਜਲਾਸ ’ਚ ਪਾਸ ਕੀਤੇ ਗਏ ਮਤਿਆਂ ’ਚ ਛੱਪੜਾਂ ਦੇ ਗੰਦੇ ਪਾਣੀ ਦੇ ਹੱਲ ਲਈ ਥਾਪਰ ਮਾਡਲ ਦਾ ਨਿਰਮਾਣ ਕਰਨਾ, ਠੋਸ ਕੂੜਾ ਪ੍ਰਬੰਧਨ ਤਹਿਤ ਪਿਟ, ਸ਼ੈੱਡ ਤੇ ਚਾਰਦੀਵਾਰੀ, ਸੁੱਕੇ-ਗਿੱਲੇ ਕੂੜੇ ਲਈ ਕੂੜੇਦਾਨ, ਮੀਂਹ ਦੇ ਪਾਣੀ ਦੀ ਸੰਭਾਲ ਲਈ ਸਾਂਝੀਆਂ ਥਾਵਾਂ ’ਤੇ ਰੇਨ ਵਾਟਰ ਰੀਚਾਰਜ ਪਿਟ, ਕਮਿਊਨਿਟੀ ਹਾਲ ਤੇ ਲਾਇਬ੍ਰੇਰੀ ਇਮਾਰਤ ਦੀ ਉਸਾਰੀ, ਬੱਸ ਸਟੈਂਡ, ਹੈਲਥ ਡਿਸਪੈਂਸਰੀ ਦੀ ਇਮਾਰਤ, ਪਾਰਕ ਦਾ ਨਿਰਮਾਣ, ਮਹਿਲਾ ਸਭਾ ਦਾ ਗਠਨ, ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਦੀ ਚੋਣ, ਮਿੰਨੀ ਜੰਗਲ ਤੇ ਸਾਂਝੀਆਂ ਥਾਂਵਾਂ ’ਤੇ ਬੂਟੇ ਲਾਉਣਾ ਅਤੇ ਗਲੀਆਂ-ਨਾਲੀਆਂ ਦੀ ਉਸਾਰੀ ਕਰਨ ਦੇ ਮਤੇ ਸ਼ਾਮਲ ਕੀਤੇ ਗਏ। ਇਸ ਮੌਕੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਨੇ ਪਿੰਡ ਵਾਸੀਆਂ ਨੂੰ ਪੰਜਾਬ ਸਰਕਾਰ ਦੇ ਪ੍ਰਾਜੈਕਟਾਂ ਤੋਂ ਜਾਣੂ ਕਰਵਾਇਆ ਤੇ ਕਿਹਾ ਕਿ ਪਿੰਡਾ ਦੇ ਲੋਕ ਗ੍ਰਾਮ ਸਭਾ ਦੇ ਆਮ ਇਜਲਾਸ ’ਚ ਖੁਦ ਆਪਣੇ ਪਿੰਡ ਦੇ ਵਿਕਾਸ ਦੀ ਯੋਜਨਾ ਬਣਾਉਣ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸਰਕਾਰ ਪਿੰਡਾਂ ਦੀ ਕਾਇਆ-ਕਲਪ ਲਈ ਸਿੱਖਿਆ, ਸਿਹਤ ਸੇਵਾਵਾਂ , ਵਾਤਾਵਰਣ ਅਤੇ ਖੇਡਾਂ ਲਈ ਆਧੁਨਿਕ ਖੇਡ ਮੈਦਾਨ ਬਣਾਉਣ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਮੰਤਰੀ ਮੀਤ ਹੇਅਰ ਦੇ ਨਿਰਦੇਸਾਂ ਤਹਿਤ ਪਿੰਡਾਂ ਨੂੰ ਵਾਤਵਰਣ ਪੱਖੀ ਯਤਨਾਂ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਟਿਕਾਊ ਵਿਕਾਸ ਦੇ 9 ਟੀਚਿਆਂ ਬਾਰੇ ਗ੍ਰਾਮ ਸਭਾ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ। ਸਭਾ ਦੇ ਮੈਂਬਰਾਂ ਨੇ ਟਿਕਾਊ ਵਿਕਾਸ ਦੇ ਦੋ ਥੀਮ ‘ਚੰਗੇ ਸ਼ਾਸਨ ਵਾਲਾ ਪਿੰਡ’ ਅਤੇ ‘ਮਹਿਲਾਵਾਂ ਦੇ ਅਨੁਕੂਲ ਪਿੰਡ ਦੇ ਟੀਚਿਆਂ ’ਤੇ’ ਕੰਮ ਕਰਨ ਦਾ ਸੰਕਲਪ ਲਿਆ। ਗ੍ਰਾਮ ਸਭਾ ਦੇ ਇਜਲਾਸ ’ਚ ਵੱਖ-ਵੱਖ ਵਿਭਾਗ ਦੇ ਅਧਿਕਾਰੀਆਂ ਨੇ ਆਪਣੇ-ਆਪਣੇ ਵਿਭਾਗਾਂ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਦੇ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ, ਪਰਮਜੀਤ ਭੁੱਲਰ ਵੀਡੀਓ, ਸਿਹਤ ਵਿਭਾਗ ਤੋਂ ਮਲਕੀਤ ਸਿੰਘ, ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀ ਗੁਰਮੇਲ ਸਿੰਘ, ਰਾਊਂਡ ਗਲਾਸ ਸੰਸਥਾ ਦੇ ਪ੍ਰੇਮਜੀਤ ਸਿੰਘ, ਪੰਚ ਜਰਨੈਲ ਸਿੰਘ, ਹਰਮੇਲ ਸਿੰਘ ਤੇ ਡਾਕਟਰ ਨਛੱਤਰ ਸਿੰਘ ਆਦਿ ਹਾਜਰ ਸਨ।

# ਆਹਮੋ-ਸਾਹਮਣੇ ਹੋਈ ਟੱਕਰ ’ਚ ਟਰੱਕਾਂ ਦੇ ਉੱਡੇ ਚਿੱਥੜੇ, ਇਕ ਦੀ ਦਰਦਨਾਕ ਮੌਤ

ਨੂਰਪੁਰਬੇਦੀ 8 ਜੂਨ। ਬੀਤੀ ਅੱਧੀ ਰਾਤ ਨੂੰ ਨੂਰਪੁਰਬੇਦੀ-ਸ੍ਰੀ ਅਨੰਦਪੁਰ ਸਾਹਿਬ ਮੁੱਖ ’ਤੇ ਸਥਿਤ ਪਿੰਡ ਸੈਦਪੁਰ ਨੇੜੇ ਗੁਜ਼ਰਦੇ ਸਤਲੁਜ ਦਰਿਆ ’ਤੇ ਪੈਂਦੇ ਵੱਡੇ ਪੁਲ ਉੱਪਰ 2 ਟਰੱਕਾਂ ਦੀ ਆਹਮੋ-ਸਾਹਮਣੇ ਹੋਈ ਜ਼ਬਰਦਸਤ ਟੱਕਰ ’ਚ ਇਕ ਟਰੱਕ ਦੇ ਚਾਲਕ ਦੀ ਮੌਤ ਹੋ ਗਈ ਜਦਕਿ ਦੂਜੇ ਦੀ ਹਾਲਤ ਚਿੰਤਾਜਨਕ ਦੱਸੀ ਜਾ ਰਹੀ ਹੈ। ਜਖਮੀ ਨੂੰ ਇਲਾਜ ਲਈ ਪੀ. ਜੀ. ਆਈ. ਚੰਡੀਗੜ੍ਹ ਵਿਖੇ ਰੈਫਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਕਰੀਬ ਸਾਢੇ 12 ਕੁ ਵਜੇ ਟਰੱਕ ਨੰਬਰ ਐੱਚ. ਪੀ.-72-5277 ਦਾ ਚਾਲਕ/ਮਾਲਕ ਅਸ਼ੋਕ ਕੁਮਾਰ ਪ੍ਰਮਾਣੂ (ਹਿਮਾਚਲ ਪ੍ਰਦੇਸ਼) ਵਿਖੇ ਆਪਣੀ ਗੱਡੀ ਖਾਲ੍ਹੀ ਕਰਕੇ ਘਰ ਪਰਤ ਰਿਹਾ ਸੀ। ਜਦੋਂ ਉਹ ਪਿੰਡ ਸੈਦਪੁਰ ਨੇੜੇ ਸਤਲੁਜ ਦਰਿਆ ’ਤੇ ਬਣੇ ਵੱਡੇ ਪੁੱਲ ’ਤੇ ਪਹੁੰਚਿਆ ਤਾਂ ਸਾਹਮਣੇ ਦੀ ਦਿਸ਼ਾ ਤੋਂ ਆ ਰਹੇ ਟਰੱਕ ਨੰਬਰ ਐੱਚ. ਪੀ.-12ਬੀ 8581 ਦੇ ਚਾਲਕ ਨੇ ਕਿਸੇ ਨਾਮਲੂਮ ਵਾਹਨ ਨੂੰ ਕਰਾਸ ਕਰਦੇ ਸਮੇਂ ਅਣਗਹਿਲੀ ਨਾਲ ਆਪਣਾ ਟਰੱਕ ਗਲਤ ਸਾਈਡ ਲਿਜਾ ਕੇ ਦੂਸਰੇ ਟਰੱਕ ਨੂੰ ਸਾਹਮਣੇ ਮਾਰ ਦਿੱਤਾ। ਇਸ ਦੌਰਾਨ ਹੋਈ ਜਬਰਦਸਤ ਟੱਕਰ ’ਚ ਦੋਵੇਂ ਟਰੱਕਾਂ ਦੇ ਚਾਲਕ ਗੰਭੀਰ ਰੂਪ ’ਚ ਜਖਮੀ ਹੋ ਗਏ ਜਿਨ੍ਹਾਂ ਨੂੰ



ਰਾਹਗੀਰਾਂ ਵੱਲੋਂ ਇਲਾਜ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ। ਇਸ ਹਾਦਸੇ ਦੌਰਾਨ ਚਾਲਕ ਅਸ਼ੋਕ ਕੁਮਾਰ (47) ਪੁੱਤਰ ਮਨਸਾ ਰਾਮ ਨਿਵਾਸੀ ਪਿੰਡ ਸਿੰਗਾ, ਥਾਨਾ ਹਰੌਲੀ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਦੀ ਮੌਤ ਹੋ ਗਈ ਜਦਕਿ ਦੂਸਰੇ ਟਰੱਕ ਦੇ ਚਾਲਕ ਜਿਸਦੀ ਹਸਪਤਾਲ ਦੇ ਰਿਕਾਰਡ ਮੁਤਾਬਿਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਰਾਮਪੁਰ ਸੋਲਾ (ਹਿਮਾਚਲ ਪ੍ਰਦੇਸ਼) ਵਜੋਂ ਪਛਾਣ ਹੋਈ ਹੈ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਪੀ. ਜੀ. ਆਈ. ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ ’ਚ ਦੋਵੇਂ ਟਰੱਕ ਬੁਰੀ ਤਰ੍ਹਾਂ ਨੁਕਸਾਨੇ ਗਏ। ਪੁਲਸ ਚੌਕੀ ਕਲਵਾਂ ਦੇ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਅਸ਼ੋਕ ਕੁਮਾਰ ਦੇ ਭਰਾ ਸ਼ਮਸ਼ੇਰ ਸਿੰਘ ਪੁੱਤਰ ਮਨਸਾ ਰਾਮ ਦੇ ਬਿਆਨਾਂ ’ਤੇ ਦੂਸਰੇ ਟਰੱਕ ਦੇ ਚਾਲਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਖ਼ਿਲਾਫ ਧਾਰਾ 279, 304-ਏ ਅਤੇ 427 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਭੇਜ ਦਿੱਤਾ ਹੈ।

# ਪ੍ਰਿੰਸੀਪਲ, ਅਧਿਆਪਕਾਂ ਸਣੇ ਸਕੂਲ ਆਫ ਐਮੀਨੈਂਸ ਦੀਆਂ ਸੈਂਕੜੇ ਅਸਾਮੀਆਂ ਖਾਲੀ

ਅੰਮ੍ਰਿਤਸਰ 8 ਜੂਨ। ਪੰਜਾਬ ਸਰਕਾਰ ਦਾ ਡ੍ਰੀਮ ਪ੍ਰਾਜੈਕਟ ਸਕੂਲ ਆਫ ਐਮੀਨੈਂਸ ਵਿਦਿਆਰਥੀਆਂ ਦੇ ਸੁਆਗਤ ਲਈ ਤਿਆਰ ਹੈ। ਇਸ ਸਮੇਂ ਇਨ੍ਹਾਂ ਸਕੂਲਾਂ ਵਿਚ ਅਧਿਆਪਕਾਂ, ਕਲੈਰੀਕਲ ਸਟਾਫ ਤੇ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹਨ।ਅਸਾਮੀਆਂ ਖਾਲੀ ਹੋਣ ਕਾਰਨ ਸਕੂਲ ਆਫ ਐਮੀਨੈਂਸ ਦੇ ਉੱਤਮ ਹੋਣ ਦੇ ਦਾਅਵੇ ਨੂੰ ਗ੍ਰਹਿਣ ਲੱਗ ਰਿਹਾ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ 11 ਕਰੋੜ ਦੀ ਲਾਗਤ ਵਾਲੇ ਚਾਰ ਸਕੂਲਾਂ ਦੀਆਂ ਇਮਾਰਤਾਂ ਬੇਸ਼ੱਕ ਆਪਣੀ ਪਛਾਣ ਜਰੂਰ ਬਣਾ ਰਹੀਆਂ ਹਨ ਪਰ ਇਨ੍ਹਾਂ ਸਕੂਲਾਂ ਵਿਚ ਖਾਲੀ ਪਈਆਂ ਟੀਚਿੰਗ ਅਤੇ ਨਾਨ-ਟੀਚਿੰਗ ਅਸਾਮੀਆਂ ਸ਼ੱਕ ਨੂੰ ਜਨਮ ਦੇ ਰਹੀਆਂ ਹਨ। ਇਸ ਸਮੇਂ ਚਾਰ ਹੋਰ ਸਕੂਲ ਆਫ ਐਮੀਨੈਂਸ ਤਿਆਰ ਕੀਤੇ ਜਾ ਰਹੇ ਹਨ। ਦੂਜੇ ਪਾਸੇ ਨੌਂਵੀਂ ਜਮਾਤ ਦੀ ਰਜਿਸਟ੍ਰੇਸ਼ਨ ਅਤੇ ਦਾਖਲਾ ਪ੍ਰੀਖਿਆ ਖਤਮ ਹੋ ਚੁੱਕੀ ਹੈ। 11ਵੀਂ ਜਮਾਤ ਲਈ ਰਜਿਸਟ੍ਰੇਸ਼ਨ ਹੋਰ ਕੁਝ ਸਮੇਂ ਤੱਕ ਕੀਤੀ ਜਾਵੇਗੀ। ਨੌਂਵੀਂ ਜਮਾਤ ਲਈ ਕੁੱਲ 1755 ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਈ ਸੀ ਅਤੇ 1309 ਵਿਦਿਆਰਥੀਆਂ ਨੇ ਦਾਖਲਾ ਪ੍ਰੀਖਿਆ ਦਿੱਤੀ ਸੀ। ਇਸੇ ਤਰ੍ਹਾਂ 11ਵੀਂ ਦੀ ਰਜਿਸਟ੍ਰੇਸ਼ਨ ਚੱਲ ਰਹੀ ਹੈ। ਜਾਣਕਾਰੀ ਅਨੁਸਾਰ ਸਕੂਲ ਸਿੱਖਿਆ ਵਿਭਾਗ ਨੇ ਪੰਜਾਬ ਦੇ 117 ਸੀਨੀਅਰ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਵਿਚ ਤਬਦੀਲ ਕਰ ਦਿੱਤਾ ਹੈ। ਸਕੂਲ ਆਫ ਐਮੀਨੈਂਸ ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ 8 ਸਕੂਲਾਂ ਨੂੰ ਵੀ ਸਾਮਲ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਵਿਚ ਨਵਾਂ ਸੈਸਨ ਅਪ੍ਰੈਲ ਤੋਂ ਸ਼ੁਰੂ ਹੋਵੇਗਾ। ਸਕੂਲ ਆਫ ਐਮੀਨੈਂਸ ਦਾ ਉਦੇਸ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਨਾ ਤੇ ਉਨ੍ਹਾਂ ਨੂੰ ਦੇਸ ਦੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਤਿਆਰ ਕਰਨਾ ਹੈ। ਇਹ ਸਕੂਲ ਪੰਜ ਥੰਮ੍ਹਾਂ ’ਤੇ ਆਧਾਰਿਤ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਵਿਚ ਮਨੁੱਖੀ ਵਸੀਲੇ, ਪ੍ਰਬੰਧਨ, ਅਧਿਆਪਨ ਅਤੇ ਗੈਰ-ਅਧਿਆਪਨ ਅਮਲਾ ਸਾਮਲ ਹੈ। ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਸਕੂਲਾਂ ਦਾ ਚਾਰਜ ਸੰਭਾਲਣ ਲਈ ਸਕੂਲ ਆਫ ਐਮੀਨੈਂਸ ਵਿਚ ਯੋਗ, ਕਾਬਲ, ਦੂਰਅੰਦੇਸੀ ਅਧਿਆਪਕ ਨਿਯੁਕਤ ਕੀਤੇ ਗਏ ਹਨ। ਸਕੂਲ ਆਫ ਐਮੀਨੈਂਸ ਵਿਚ ਅਧਿਆਪਕਾਂ ਦੀਆਂ 18 ਫੀਸਦੀ ਅਸਾਮੀਆਂ ਖਾਲੀ ਹਨ। ਨਾਨ-ਟੀਚਿੰਗ ਸਟਾਫ ਦੀਆਂ 46 ਫੀਸਦੀ ਅਸਾਮੀਆਂ ਖਾਲੀ ਹਨ। ਅੰਕੜਿਆਂ ਅਨੁਸਾਰ ਇਨ੍ਹਾਂ ਸਕੂਲਾਂ ਵਿਚ ਟੀਚਿੰਗ ਸਟਾਫ ਦੀਆਂ 5303 ਅਸਾਮੀਆਂ ਹਨ, ਜਿਨ੍ਹਾਂ ਵਿਚੋਂ 987 ਖਾਲੀ ਹਨ।




## ਰੇਲਵੇ ਬੋਰਡ ਨੇ ਨਵੰਬਰ ਮਹੀਨੇ ‘ਚ ਬਿਨਾਂ ਟਿਕਟ ਯਾਤਰੀਆਂ ਤੋਂ ਵਸੂਲਿਆ 4.45 ਕਰੋੜ ਦਾ ਜੁਰਮਾਨਾ : ਸੰਜੇ ਸਾਹੂ

ਜੈਤੋ 8 ਜੂਨ। ਉੱਤਰੀ ਰੇਲਵੇ ਫ਼ਿਰੋਜਪੁਰ ਦੇ ਡੀ.ਆਰ.ਐੱਮ ਸੰਜੇ ਸਾਹੂ ਨੇ ਦੱਸਿਆ ਕਿ ਰੇਲਗੱਡੀਆਂ ‘ਚ ਅਣਅਧਿਕਾਰਤ ਤੌਰ ‘ਤੇ ਸਫਰ ਕਰਨ ਵਾਲੇ ਯਾਤਰੀਆਂ ਦੇ ਇਸ ਰੁਝਾਨ ਨੂੰ ਰੋਕਣ ਲਈ ਡਵੀਜਨ ਦੀ ਟਿਕਟ ਚੈਕਿੰਗ ਟੀਮ ਵੱਲੋਂ ਲਗਾਤਾਰ ਰੇਲ ਗੱਡੀਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਡਿਵੀਜਨ ਦੇ ਟਿਕਟ ਚੈਕਿੰਗ ਸਟਾਫ ਅਤੇ ਮੁੱਖ ਟਿਕਟ ਇੰਸਪੈਕਟਰਾਂ ਵੱਲੋਂ ਨਵੰਬਰ, 2023 ਦੌਰਾਨ ਰੇਲ ਗੱਡੀਆਂ ਦੀ ਚੈਕਿੰਗ ਦੌਰਾਨ ਕੁੱਲ 43501 ਯਾਤਰੀ ਬਿਨਾਂ ਟਿਕਟ ਜਾਂ ਅਨਿਯਮਿਤ ਤੌਰ ‘ਤੇ ਸਫਰ ਕਰਦੇ ਪਾਏ ਗਏ ਅਤੇ ਉਨ੍ਹਾਂ ਤੋਂ ਲਗਭਗ 4.45 ਕਰੋੜ ਰੁਪਏ ਜੁਰਮਾਨੇ ਵਜੋਂ ਵਸੂਲੇ ਗਏ। ਫ਼ਿਰੋਜਪੁਰ ਡਿਵੀਜਨ ਨੇ ਨਵੰਬਰ, 2023 ਦੌਰਾਨ ਟਿਕਟ ਚੈਕਿੰਗ ਰਾਹੀਂ 4.45 ਕਰੋੜ ਰੁਪਏ ਦੀ ਕਮਾਈ ਕੀਤੀ, ਜੋ ਕਿ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 48 ਫੀਸਦੀ ਵੱਧ ਹੈ। ਮੁੱਖ ਦਫਤਰ ਵੱਲੋਂ ਨਵੰਬਰ ਮਹੀਨੇ ‘ਚ ਟਿਕਟ ਚੈਕਿੰਗ ਰਾਹੀਂ ਮਾਲੀਆ ਕਮਾਉਣ ਲਈ ਫ਼ਿਰੋਜਪੁਰ ਡਿਵੀਜਨ ਨੂੰ 4 ਕਰੋੜ ਰੁਪਏ ਦਾ ਟੀਚਾ ਦਿੱਤਾ ਗਿਆ ਸੀ। ਨਵੰਬਰ ਮਹੀਨੇ ਦੌਰਾਨ ਕਿਸਾਨਾਂ ਦੇ ਰੇਲ ਰੋਕੋ ਅੰਦੋਲਨ ਕਾਰਨ ਰੇਲ ਆਵਾਜਾਈ ਪ੍ਰਭਾਵਿਤ ਹੋਣ ਦੇ ਬਾਵਜੂਦ ਡਿਵੀਜਨ ਦੇ ਟਿਕਟ ਚੈਕਿੰਗ ਅਮਲੇ ਵੱਲੋਂ ਮਿੱਥੇ ਟੀਚੇ ਨਾਲੋਂ 11 ਫੀਸਦੀ ਵੱਧ ਮਾਲੀਆ ਕਮਾਇਆ ਗਿਆ। ਨਵੰਬਰ ਮਹੀਨੇ ਦੌਰਾਨ ਸਭ ਤੋਂ ਵੱਧ ਕਮਾਈ ਕਰਨ ਵਾਲੇ 10 ਟਿਕਟ ਚੈਕਿੰਗ ਸਟਾਫ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਡਿਵੀਜਨ ਦੇ ਰੇਲਵੇ ਸਟੇਸਨਾਂ ਨੂੰ ਸਾਫ ਸੁਥਰਾ ਰੱਖਣ ਅਤੇ ਆਮ ਲੋਕਾਂ ਨੂੰ ਸਟੇਸਨਾਂ ‘ਤੇ ਕੂੜਾ ਸੁੱਟਣ ਤੋਂ ਰੋਕਣ ਅਤੇ ਸਫਾਈ ਪ੍ਰਤੀ ਜਾਗਰੂਕ ਕਰਨ ਲਈ ਡਿਵੀਜਨ ਦੇ ਮੁੱਖ ਸਟੇਸਨਾਂ ‘ਤੇ ਨਿਯਮਤ ਤੌਰ ‘ਤੇ ਚੈਕਿੰਗ ਕੀਤੀ ਜਾਂਦੀ ਹੈ। ਇਸ ਦੇ 4 ਕਰੋੜ ਰੁਪਏ ਦਾ ਟੀਚਾ ਦਿੱਤਾ ਗਿਆ ਸੀ। ਨਵੰਬਰ ਮਹੀਨੇ ਦੌਰਾਨ ਕਿਸਾਨਾਂ ਦੇ ਰੇਲ ਰੋਕੋ ਅੰਦੋਲਨ ਕਾਰਨ ਰੇਲ ਆਵਾਜਾਈ ਪ੍ਰਭਾਵਿਤ ਹੋਣ ਦੇ ਬਾਵਜੂਦ ਡਿਵੀਜਨ ਦੇ ਟਿਕਟ ਚੈਕਿੰਗ ਅਮਲੇ ਵੱਲੋਂ ਮਿੱਥੇ ਟੀਚੇ ਨਾਲੋਂ 11 ਫੀਸਦੀ ਵੱਧ ਮਾਲੀਆ ਕਮਾਇਆ ਗਿਆ। ਨਵੰਬਰ ਮਹੀਨੇ ਦੌਰਾਨ ਸਭ ਤੋਂ ਵੱਧ ਕਮਾਈ ਕਰਨ ਵਾਲੇ 10 ਟਿਕਟ ਚੈਕਿੰਗ ਸਟਾਫ ਨੂੰ ਨਤੀਜੇ ਵਜੋਂ ਨਵੰਬਰ ਮਹੀਨੇ ਦੌਰਾਨ ਸਟੇਸਨ ਕੰਪਲੈਕਸ (ਐਂਟੀ ਲਿਟਰਿੰਗ ਐਕਟ) ‘ਚ ਕੂੜਾ ਸੁੱਟਣ ਵਾਲੇ 445 ਯਾਤਰੀਆਂ ਤੋਂ ਸੱਠ ਹਜਾਰ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਗਈ। ਡਿਵੀਜਨਲ ਰੇਲਵੇ ਮੈਨੇਜਰ ਸੰਜੇ ਸਾਹੂ ਨੇ ਦੱਸਿਆ ਕਿ ਫ਼ਿਰੋਜਪੁਰ ਡਿਵੀਜਨ ਵਿੱਚ ਟਿਕਟ ਚੈਕਿੰਗ ਮੁਹਿੰਮ ਜਾਰੀ ਰਹੇਗੀ। ਟਿਕਟ ਚੈਕਿੰਗ ਦਾ ਮੁੱਖ ਉਦੇਸ ਰੇਲਵੇ ਟਿਕਟਾਂ ਦੀ ਵਿਕਰੀ ‘ਚ ਸੁਧਾਰ ਕਰਨਾ ਅਤੇ ਬਿਨਾਂ ਟਿਕਟ ਸਫਰ ਕਰਨ ਵਾਲੇ ਯਾਤਰੀਆਂ ਤੋਂ ਜੁਰਮਾਨਾ ਵਸੂਲਣਾ ਹੈ ਤਾਂ ਜੋ ਭਵਿੱਖ ਵਿੱਚ ਉਹ ਸਹੀ ਟਿਕਟਾਂ ਨਾਲ ਹੀ ਸਫਰ ਕਰ ਸਕਣ। ਡਿਵੀਜਨਲ ਰੇਲਵੇ ਮੈਨੇਜਰ ਨੇ ਸਾਰੇ ਟਿਕਟ ਚੈਕਿੰਗ ਸਟਾਫ ਦੀ ਸਲਾਘਾ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਸਾਂਝੇ ਯਤਨਾਂ ਅਤੇ ਸਖਤ ਮਿਹਨਤ ਸਦਕਾ ਸੰਭਵ ਹੋਇਆ ਹੈ।

## ਡਾਕਟਰ ਵਿਵੇਕ ਨੇ ਬੱਚਿਆਂ ਨੂੰ ਖਾਣ ਪੀਣ ਦੀਆਂ ਆਦਤਾਂ ਬਾਰੇ ਸੁਝਾਅ ਦਿੱਤੇ

ਵਿਸਵ ਭੋਜਨ ਸੁਰੱਖਿਆ ਦਿਵਸ ਦੇ ਮੌਕੇ ‘ਤੇ, ਸ਼ਿਸ਼ੂ ਅਤੇ ਬਾਲ ਰੋਗਾਂ ਦੇ ਮਾਹਿਰ ਡਾ: ਵਿਵੇਕ ਸਰਮਾ ਨੇ ਫੇਥ ਇੰਸਟੀਚਿਊਟ (ਐੱਚ.ਆਈ.ਵੀ.




ਬੱਚਿਆਂ ਲਈ ਕੰਮ ਕਰਦੇ ਹੋਏ) ਬੱਚਿਆਂ ਨੂੰ ਭੋਜਨ ਦੀ ਸਫਾਈ ਅਤੇ ਗੁਣਵੱਤਾ ‘ਤੇ ਚਾਨਣਾ ਪਾਇਆ। ਸੰਸਥਾ ਦੇ ਬੱਚਿਆਂ ਨੇ ਉਨ੍ਹਾਂ ਵੱਲੋਂ ਬਣਾਈ ਗਈ ਗਾਂਧੀ ਜੀ ਦੀ ਪੇਂਟਿੰਗ ਪੇਸ ਕੀਤੀ। ਪ੍ਰੋਗਰਾਮ ਵਿੱਚ ਸੰਸਥਾ ਦੀ ਸਕੱਤਰ ਸਮ੍ਰਿਤੀ ਸਿੰਘ ਅਤੇ ਇੰਚਾਰਜ ਮਨਮੋਹਨ ਸਿੰਘ ਹਾਜਰ ਸਨ।

# ਸ਼ਾਤਿਰ ਕੁੜੀ ਦਾ ਕਾਰਾ ਕਰੇਗਾ ਹੈਰਾਨ, ਕ੍ਰੈਡਿਟ ਕਾਰਡ ਜਰੀਏ ਇੰਝ ਕੀਤੀ ਲੱਖਾਂ ਦੀ ਧੋਖਾਦੇਹੀ

ਨਵਾਂਸ਼ਹਿਰ 8 ਜੂਨ। ਕ੍ਰੈਡਿਟ ਕਾਰਡ ਨੂੰ ਕਬਜ਼ੇ ਵਿਚ ਰੱਖ ਕੇ ਗਲਤ ਵਰਤੋਂ ਕਰਕੇ 3 ਲੱਖ 80 ਹਜਾਰ ਰੁਪਏ ਦੀ ਬੈਂਕ ਦੇਣਦਾਰੀ ਕਰਨ ਦੇ ਦੋਸ਼ਾਂ ਤਹਿਤ ਪੁਲਸ ਨੇ ਕੁੜੀ ਖ਼ਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਸੁਰਿੰਦਰ ਪਾਲ ਪੁੱਤਰ ਨਿਰੰਜਣ ਦਾਸ ਵਾਸੀ ਪਿੰਡ ਜੱਬੋਵਾਲ ਨੇ ਦੱਸਿਆ ਕਿ ਉਸ ਦੇ ਪਿੰਡ ਵਿਚ ਹੀ ਸਥਿਤ ਬੈਂਕ ਵਿਚ ਖਾਤਾ ਹੈ। ਬੈਂਕ ਵੱਲੋਂ ਉਸ ਦੇ ਨੰਬਰ ’ਤੇ ਕ੍ਰੈਡਿਟ ਕਾਰਡ ਜਾਰੀ ਕੀਤਾ ਗਿਆ ਹੈ ਜੋ ਉਸ ਨੂੰ ਨਹੀਂ ਮਿਲਿਆ ਅਤੇ ਉਸ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਉਸ ਨੇ ਦੱਸਿਆ ਕਿ ਬੈਂਕ ਤੋਂ ਉਸ ਨੂੰ ਫੋਨ ਆਇਆ ਕਿ ਉਸ ਦੇ ਕ੍ਰੈਡਿਟ ਕਾਰਡ ’ਤੇ ਕਰੀਬ 3.80 ਲੱਖ ਰੁਪਏ ਦੀ ਦੇਣਦਾਰੀ ਹੈ। ਉਸ ਨੇ ਦੱਸਿਆ ਕਿ ਉਨ੍ਹਾਂ ਉਕਤ ਰਕਮ ਦੀ ਕਦੇ ਵਰਤੋਂ ਨਹੀਂ ਕੀਤੀ ਹੈ ਅਤੇ ਉਹ ਇੰਨੀ ਰਕਮ ਦੇਣ ਯੋਗ ਵੀ ਨਹੀਂ ਹਨ। ਉਸ ਨੇ ਦੱਸਿਆ ਕਿ ਉਹ ਇਕ ਗਰੀਬ ਘਰ ਨਾਲ ਸਬੰਧ ਰੱਖਦਾ ਹੈ ਅਤੇ ਅਨਪੜ੍ਹ ਵੀ ਹੈ। ਉਹ ਦੁਬਈ ਵਿਖੇ ਡੇਲੀ ਵੇਜ਼ਰ ਵੱਜੋਂ ਕੰਮ ਕਰਦਾ ਹੈ, ਜਦਕਿ ਉਸ ਦੀ ਪਤਨੀ ਇੰਡੀਆ ਵਿਖੇ ਡੇਲੀ ਵੇਜ਼ਰ ਹੈ। ਉਸ ਨੇ ਦੱਸਿਆ ਕਿ ਉਹ ਮੋਬਾਇਲ ’ਤੇ ਆਉਣ ਵਾਲੇ ਮੈਸੇਜ ਵੀ ਨਹੀਂ ਪੜ੍ਹ ਸਕਦਾ ਅਤੇ ਉਸ ਨੂੰ ਪਤਾ ਨਹੀਂ ਹੈ ਕਿ ਉਸ ਦੇ ਮੋਬਾਇਲ ’ਤੇ ਟ੍ਰਾਂਜ਼ੈਕਸ਼ਨ ਦਾ ਕੋਈ ਮੈਸੇਜ ਆਇਆ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਉਸ ਨੇ ਇਨਸਾਫ ਦੀ ਮੰਗ ਕਰਦੇ ਹੋਏ ਦੋਸ਼ੀ ਖ਼ਿਲਾਫ ਕਾਨੂੰਨ ਤਹਿਤ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਕਤ ਸ਼ਿਕਾਇਤ ਦੀ ਜਾਂਚ ਸਾਈਬਰ ਸੈੱਲ ਦੇ ਇੰਚਾਰਜ ਐੱਸ. ਆਈ. ਰਾਧੇ ਕ੍ਰਿਸ਼ਨ ਵੱਲੋਂ ਕਰਨ ਉਪਰੰਤ ਅਤੇ ਡੀ. ਐੱਸ. ਪੀ. ਰੈਂਕ ਦੇ ਅਧਿਕਾਰੀ ਵੱਲੋਂ ਰਿਪੋਰਟ ’ਤੇ ਸਹਿਮਤੀ ਜ਼ਾਹਿਰ ਕਰਨ ਉਪਰੰਤ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੇ ਕ੍ਰੈਡਿਟ ਕਾਰਡ ਦੀ ਗਲਤ ਵਰਤੋਂ ਕਰਨ ਦੇ ਦੋਸ਼ ਤਹਿਤ ਪਿੰਡ ਦੀ ਕੁੜੀ ਮਨਪ੍ਰੀਤ ਕੌਰ ਖ਼ਿਲਾਫ ਧਾਰਾ 406,420 ਦੇ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



## ਪੰਜਾਬ ਦੇ 2 ਲੱਖ ਵਿਦਿਆਰਥੀਆਂ ਨੂੰ ਲੈ ਕੇ ਆਈ ਵੱਡੀ ਖਬਰ, ਸਕੂਲਾਂ ਨੂੰ ਜਾਰੀ ਹੋਏ ਹੁਕਮ

ਲੁਧਿਆਣਾ 8 ਜੂਨ। ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸੈਸ਼ਨ 2023-24 ਦੌਰਾਨ 6ਵੀਂ ਕਲਾਸ ‘ਚ ਪੜ੍ਹ ਰਹੇ ਸਾਰੇ ਵਿਦਿਆਰਥੀਆਂ ਨੂੰ ਪੰਜਾਬ ਦੇ ਇਤਿਹਾਸਕ ਅਤੇ ਵਿਗਿਆਨਕ ਮਹੱਤਵ ਵਾਲੇ ਸਥਾਨਾਂ ਦੀ ਯਾਤਰਾ ਕਰਵਾਉਣ ਦਾਮ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਪੰਜਾਬ ‘ਚ ਮੌਜੂਦ ਇਤਿਹਾਸਕ ਅਤੇ ਵਿਗਿਆਨਕ ਮਹੱਤਵ ਵਾਲੇ ਸਥਾਨ ਜਿਨ੍ਹਾਂ ‘ਚ ਸਾਇੰਸ ਸਿਟੀ, ਜੰਗ-ਏ-ਆਜ਼ਾਦੀ ਮੈਮੋਰੀਅਲ, ਮਿਊਜ਼ੀਅਮ, ਆਰਟ ਗੈਲਰੀ, ਬੋਟੈਨੀਕਲ ਗਾਰਡਨ, ਚਿੜੀਆਘਰ, ਪੁਰਾਤਵ ਸਥਾਨ ’ਤੇ ਭੇਜਿਆ ਜਾ ਸਕਦਾ ਹੈ। ਇਸ ਦੇ ਲਈ ਵਿਭਾਗ ਵੱਲੋਂ ਲੁਧਿਆਣਾ ਦੇ 24671 ਸਕੂਲਾਂ ਨੂੰ 1.23 ਕਰੋੜ ਰੁਪਏ ਸਮੇਤ ਸੂਬੇ ਦੇ 1,996,81 ਸਕੂਲਾਂ ਦੇ ਪ੍ਰਤੀ ਵਿਦਿਆਰਥੀ 500 ਦੇ ਹਿਸਾਬ ਨਾਲ 9.98 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਨੂੰ ਵਿਦਿਆਰਥੀਆਂ ਦੀ ਰਿਫਰੈਸ਼ਮੈਂਟ (ਚਾਹ, ਪਾਣੀ, ਖਾਣਾ), ਟਰਾਂਸਪੋਰਟੇਸ਼ਨ ਅਤੇ ਹੋਰ ਖਰਚਿਆਂ ਲਈ ਵਰਤਿਆ ਜਾ ਸਕਦਾ ਹੈ। ਇਸ ਟਰਿੱਪ ਲਈ ਵਿਭਾਗ ਵੱਲੋਂ ਵੱਖ-ਵੱਖ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ, ਜਿਸ ਦੇ ਅਨੁਸਾਰ ਸਕੂਲ ਮੁਖੀ ਟਰਿੱਪ ‘ਚ ਜਾਣ ਦੇ ਲਈ ਵਿਦਿਆਰਥੀਆਂ ਦੀ ਗਿਣਤੀ ਦੇ ਅਨੁਸਾਰ, ਬੱਸ, ਵੈਨ ਜਾਂ ਹੋਰ ਵਾਹਨ ਹਾਇਰ ਕਰਨਗੇ ਅਤੇ ਇਹ ਵੀ ਯਕੀਨੀ ਕਰਨਗੇ ਕਿ ਹਾਇਰ ਕੀਤਾ ਗਿਆ ਵਾਹਨ ਸੇਫਟੀ ਮਾਪਦੰਡਾਂ ’ਤੇ ਪੂਰਾ ਹੋਵੇ।

ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

**NAME CHANGE**
I, NIKHAT W/O MOHD SULEMAN ANSARI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to NIKHAT SULEMAN ANSARI for all future purpose.

**NAME CHANGE**
I Naresh S/o Dalip Singh R/o G-395,Block-k , Gali No-1 , Adhyapak Nagar, Nangloi , West Delhi, Delhi-110041,Have Changed My Name Naresh Kumar For All Purpose

**NAME CHANGE**
I, USHA KUMAR W/O AJAY KUMAR residing at 1479 RANI BAGH DELHI-110034 have changed my name to USHA RANI for all future purpose.

**NAME CHANGE**
I, AKSHAY KUMAR KILA S/O VINOD KUMAR KILA residing at H NO-1705-A, SECTOR-B POCKET-1, VASANT KUNJ, DELHI-110070 have changed my name to AKSHAY KILA for all future purpose.

**NAME CHANGE**
I, Neharika D/o Ashok Manchanda R/o G-10/11, 1st Floor, Kiran Garden, Nr. Janta Clinic, Uttam Nagar, Delhi-110059, have changed my name to Neharika Manchanda for all future purposes

**NAME CHANGE**
I, PRERNA SHARMA D/O SANJIV RANJAN SHARMA R/O DS 260, ARJAN VIHAR, DELHI CANTT–110010, have changed my name from PRERNA SHARMA to PRERNA for all future purposes.

**NAME CHANGE**
I, PRINCY AGARWAL W/O AKSHAY KILA residing at H NO-1705-A, SECTOR-B POCKET-1, VASANT KUNJ, DELHI-110070 have changed my name to PRINCY KILA for all future purpose.

**NAME CHANGE**
I, Jai Pal s/o Darshan Lal Juneja R/o H. No.86, 2nd Floor, Near Gate No.2, Ram Vihar, Karkardooma, Delhi-110092, have changed my name to Jai Pal Juneja for all future purposes.

**NAME CHANGE**
I, MOHAMMAD SULEMAN/ MOHAMMAD SULEMAN ANSARI S/O GULAM NABI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to MOHD SULEMAN ANSARI for all future purpose.

**NAME CHANGE**
I, PRAHLAD DEWAL S/O MANGLI PRASAD residing at H NO-X-33/5 STREET NO-10 X-BLOCK BRAHAMPURI DELHI-110053 have changed my name to PRAHLAD KUMAR for all future purpose.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**
I, hitherto known as SANTOSH DEVI W/O ASHOK KUMAR SHARMA R/O F-7/B, GALI NO-16, SADH NAGAR-2, PALAM COLONY, SOUTH WEST DELHI, DELHI-110045 have changed my name and shall hereafter be known as SANTOSH BHARDWAJ W/O ASHOK BHARDWAJ.

**NAME CHANGE**
I, hitherto known as PALLVI KUMARI alias PALLVI D/o HARDEEP CHAND residing at Khadhra Road, Mohalla Kaulsar, Phagwara Kapurthala, Punjab - 144401 have changed my name and shall hereafter be known as PALLVI.

**NAME CHANGE**
I, hitherto known as Junaid alias Uwais Ahmed S/o Shahnawaz Ahmed R/o 6976, Gali Karkhane Wali, Beri Wala Bagh, Azad Market, Delhi-110006 have changed my name and shall hereafter be known as Uwais Ahmed.

**PUBLIC NOTICE**
It is for general information that I, Preethy Vijayan W/o Anu Mathew R/o 74-B, Pocket-A-3, Mayur Vihar Phase-3, Delhi-110096 declare that name of mine has been wrongly written as Nissy Jose in my Aadhar Card No. 443223050768. The actual name of mine is Preethy Vijayan, which may be amended accordingly.

**NAME CHANGE**
I, Jeewan Singh Danu s/o Keshar Singh Danu R/o H. No.17, Keemu Post Gogina, Kapkot, Bageshwar-263632, Uttrakhand, have changed my name to Jeewan Singh for all future purposes.

**NAME CHANGE**
I, Bala Narashimhan s/o Murali Krishnan R/o H-1/229, Madangir, Dr. Ambedkar Nagar, New Delhi-110062, have changed my name to Bala Narashimhan Mudaliyar for all future purposes.

**NAME CHANGE**
M/S Pankaj Khera, Girish Kumar LIC No.B-2214, Shop No.B-282, Fruit And Vegetable Market, Gazipur, Delhi-110096 Have Changed Today The Title Of Above Firm As M/S Neelkanth Trading Co., Ankur Dhingra # 9868589463

**NAME CHANGE**
I, Shipra Malik D/o Madan Malik R/o 87-D, GH-10, Sunder Apartment, Sunder Vihar, New Delhi-110087 declare That after marriage I have changed my name to Shipra Bhatia W/o Saurabh Bhatia, for all future purposes.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**PUBLIC NOTICE**
Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..
SANDEEP SHARMA
ADVOCATE
Chamber No.505,
Patiala House Court,
New Delhi-110002

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

# ਹੰਸ ਰਾਜ ਹੰਸ ਨੂੰ 12 ਫੀਸਦੀ ਵੋਟ ਮਿਲੇ

## ਭਾਜਪਾ ਉਮੀਦਵਾਰ ਨੂੰ ਅਕਾਲੀ ਦਲ ਦੇ ਬਰਾਬਰ ਵੋਟਾਂ ਮਿਲੀਆਂ

**ਫਰੀਦਕੋਟ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਫਰੀਦਕੋਟ ਲੋਕ ਸਭਾ ਹਲਕੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੰਸ ਰਾਜ ਹੰਸ ਜਿਸ ਨੂੰ ਚੋਣ ਪ੍ਰਚਾਰ ਦੌਰਾਨ ਕਿਸਾਨਾਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਦੇ ਬਾਵਜੂਦ ਹੰਸ ਰਾਜ ਹੰਸ ਨੇ ਫਰੀਦਕੋਟ ਲੋਕ ਸਭਾ ਹਲਕੇ ਵਿੱਚ 12 ਫੀਸਦੀ ਤੋਂ ਵੱਧ ਵੋਟ ਹਾਸਲ ਕਰਕੇ ਰਿਕਾਰਡ ਬਣਾਇਆ ਹੈ। ਅਕਾਲੀ ਦਲ ਬਾਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਨੇ 1 ਲੱਖ 38 ਹਜ਼ਾਰ ਵੋਟ ਹਾਸਲ ਕੀਤੀ ਹੈ ਜਦਕਿ ਹੰਸ ਰਾਜ ਹੰਸ ਨੇ 1 ਲੱਖ 24 ਹਜ਼ਾਰ ਵੋਟ ਹਾਸਲ ਕੀਤੀ। ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ 13.65 ਫੀਸਦੀ ਵੋਟ ਪਈ ਜਦੋਂਕਿ ਹੰਸ ਰਾਜ ਹੰਸ ਨੂੰ 12.21 ਪ੍ਰਤੀਸ਼ਤ ਵੋਟ ਹਾਸਲ ਹੋਈ। ਸ਼੍ਰੋਮਣੀ ਅਕਾਲੀ ਦਲ ਨੇ ਫਰੀਦਕੋਟ ਵਿਧਾਨ ਸਭਾ ਹਲਕੇ ਵਿੱਚ 17 ਹਜ਼ਾਰ 400 ਵੋਟ ਹਾਸਲ ਕੀਤੀ। ਇਸੇ ਤਰ੍ਹਾਂ ਹੰਸ ਰਾਜ ਹੰਸ ਇਸ ਵਿਧਾਨ ਸਭਾ ਹਲਕੇ ਵਿੱਚ 17 ਹਜ਼ਾਰ ਵੋਟ ਹਾਸਲ ਕਰਨ ਵਿੱਚ ਕਾਮਯਾਬ ਹੋਏ। ਹੰਸ ਰਾਜ ਹੰਸ ਨੇ ਵੀ ਕਿਹਾ ਕਿ ਉਹ ਫਰੀਦਕੋਟ ਲੋਕ ਸਭਾ ਹਲਕੇ ਵਿੱਚ ਹੀ ਮੌਜੂਦ ਰਹਿਣਗੇ ਅਤੇ ਲੋਕਾਂ ਨਾਲ ਰਾਬਤਾ ਰੱਖਣਗੇ। ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ 9 ਵਿਧਾਨ ਸਭਾ ਹਲਕਿਆਂ ਵਿੱਚੋਂ ਸਿਰਫ 17 ਹਜ਼ਾਰ ਵੋਟ ਹਾਸਲ ਹੋਈ ਸੀ ਜਦੋਂਕਿ ਇਸ ਵਾਰੀ 9 ਹਲਕਿਆਂ ਵਿੱਚੋਂ ਭਾਜਪਾ ਉਮੀਦਵਾਰ ਨੂੰ 1 ਲੱਖ 24 ਹਜ਼ਾਰ ਵੋਟ ਹਾਸਲ ਹੋਈ। ਭਾਜਪਾ ਨੇ ਸ਼ੁਰੂਆਤ ਵਿੱਚ ਹੀ 12 ਪ੍ਰਤੀਸ਼ਤ ਤੋਂ ਵੱਧ ਵੋਟ ਹਾਸਲ ਕਰਕੇ ਬਾਕੀ ਪਾਰਟੀਆਂ ਨੂੰ ਹੈਰਾਨ ਕਰ ਦਿੱਤਾ ਹੈ। ਭਾਜਪਾ ਨੇ ਕਾਂਗਰਸ ਦੀ ਸ਼ਹਿਰੀ ਵੋਟ ਦੇ ਨਾਲ-ਨਾਲ ਪਿੰਡਾਂ ਵਿੱਚ ਦਲਿਤ ਵਰਗ ਦੀ ਵੋਟ ਹਾਸਲ ਕਰਨ ਵਿੱਚ ਵੀ ਕਾਮਯਾਬੀ ਹਾਸਲ ਕੀਤੀ ਹੈ। ਫਰੀਦਕੋਟ ਦੇ ਦੋ ਦਰਜਨ ਤੋਂ ਵੱਧ ਵੱਡੇ ਪਿੰਡਾਂ ਵਿੱਚ ਹੰਸ ਰਾਜ ਹੰਸ ਜੇਤੂ ਹੋ ਕੇ ਨਿਕਲੇ ਹਨ ਜਿਨ੍ਹਾਂ ਵਿੱਚ ਸੁੱਖਣ ਵਾਲਾ ਅਤੇ ਆਰਾਈਆਂ ਵਾਲਾ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ।



ਫ਼ਰੀਦਕੋਟ ਰਾਖਵਾਂ ਹਲਕੇ 'ਚ ਅਕਾਲੀ ਦਲ ਮਾਨ, ਬਸਪਾ, ਸੀਪੀਆਈ ਸਣੇ ਕੁੱਲ 28 ਵਿਚੋਂ 23 ਉਮੀਦਵਾਰਾਂ ਦੀਆਂ ਜ਼ਮਾਨਤਾ ਜ਼ਬਤ ਹੋ ਗਈਆਂ। ਇਸ ਹਲਕੇ ਵਿਚ ਮੁੱਖ ਮੁਕਾਬਲਾ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਅਤੇ 'ਆਪ' ਉਮੀਦਵਾਰ ਕਰਮਜੀਤ ਅਨਮੋਲ ਦਰਮਿਆਨ ਰਿਹਾ ਜਦੋਂਕਿ ਕਾਂਗਰਸ ਤੀਜੇ, ਅਕਾਲੀ ਚੌਥੇ ਤੇ ਭਾਜਪਾ ਪੰਜਵੇਂ ਨੰਬਰ ਉੱਤੇ ਰਹੀ। ਇਹ ਚੋਣਾਂ ਜਿਥੇ ਸੂਬੇ ਦੀ ਹਾਕਮ ਧਿਰ ਲਈ ਪਰਖ ਦੀ ਘੜੀ ਸਨ ਉਥੇ ਗੁਆਚੀ ਸਿਆਸੀ ਜ਼ਮੀਨ ਤਲਾਸ਼ ਰਹੀ ਅਕਾਲੀ ਦਲ, ਕਾਂਗਰਸ ਤੇ ਭਾਜਪਾ ਲਈ ਇਮਤਿਹਾਨ ਸਨ। ਗਿਣਤੀ ਸ਼ੁਰੂ ਹੋਣ ਬਾਅਦ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਦੇ ਹੱਕ ਵਿਚ ਰੁਝਾਨ ਆਉਣਾ ਸ਼ੁਰੂ ਹੋਇਆ ਅਤੇ ਲੀਡ ਵਧਣ ਦੀ ਬਾਕੀ ਸਿਆਸੀ ਧਿਰਾਂ ਦੇ ਉਮੀਦਵਾਰਾਂ ਨੂੰ ਸੂਚਨਾ ਮਿਲੀ ਤਾਂ ਉਹ ਗਿਣਤੀ ਕੇਂਦਰਾਂ ਵਿੱਚ ਨਹੀਂ ਪੁੱਜੇ ਤੇ ਉਹ ਘਰ ਵਿਚ ਰਹੇ। ਭਾਵੇਂ ਸਿਆਸੀ ਧਿਰਾਂ ਦੇ ਸਮਰਥਕ ਗਿਣਤੀ ਕੇਂਦਰਾਂ ਵਿਚ ਮੌਜੂਦ ਸਨ ਤੇ ਪਲ-ਪਲ ਦੀ ਖ਼ਬਰ ਉਨ੍ਹਾਂ ਤੱਕ ਪੁੱਜਦੀ ਕਰ ਰਹੇ ਸਨ। ਕਈ ਅਕਾਲੀ ਤੇ ਕਾਂਗਰਸੀ ਆਗੂ ਇਸ ਗੱਲ ਤੋਂ ਖੁਸ਼ ਦਿਖਾਈ ਦਿੱਤੇ ਕਿ ਉਨ੍ਹਾਂ ਦੇ ਬੂਥ ਜਾਂ ਪਿੰਡ ਵਿਚ ਉਨ੍ਹਾਂ ਦੀ ਪਾਰਟੀ ਦੀ ਵੋਟ ਵਿਰੋਧੀਆਂ ਨਾਲੋਂ ਵੱਧ ਨਿਕਲੀ ਹੈ। ਫ਼ਰੀਦਕੋਟ ਦੇ ਹਲਕੇ ਵਿੱਚ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿਚੋਂ ਜ਼ਿਲ੍ਹਾ ਮੋਗਾ ਦੇ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਤੇ ਬਾਘਾਪੁਰਾਣਾ 'ਚੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੇ 'ਆਪ' ਦੀ ਵੋਟ ਬੈਂਕ ਨੂੰ ਵੱਡਾ ਖੋਰਾ ਲਾਇਆ ਹੈ। ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੇ ਨਿਹਾਲ ਸਿੰਘ ਵਾਲਾ ਹਲਕੇ ਵਿਚੋਂ ਹਾਕਮ ਧਿਰ ਉਮੀਦਵਾਰ ਤੋਂ 21677 ਵੱਧ ਤੇ ਬਾਘਾਪੁਰਾਣਾ ਵਿਚ 11605 ਵੱਧ ਵੋਟਾਂ ਹਾਸਲ ਕੀਤੀਆਂ ਜਦਕਿ ਉਨ੍ਹਾਂ 'ਆਪ' ਉਮੀਦਵਾਰ ਨੂੰ ਸਖ਼ਤ ਟੱਕਰ ਦਿੰਦੇ ਧਰਮਕੋਟ ਹਲਕੇ ਵਿਚੋਂ 561 ਤੇ ਮੋਗਾ ਸ਼ਹਿਰੀ ਹਲਕੇ ਵਿਚੋਂ 2079 ਵੋਟਾਂ ਵੱਧ ਹਾਸਲ ਕਰਕੇ ਜ਼ਿਲ੍ਹੇ ਦੇ ਚਾਰੇ ਵਿਧਾਨ ਸਭਾ ਹਲਕਿਆਂ ਵਿਚੋਂ 35922 ਵੋਟਾਂ ਵੱਧ ਹਾਸਲ ਕਰਕੇ ਜਿੱਤ ਦਰਜ ਕੀਤੀ ਹੈ।

ਇਸ ਹਲਕੇ ਵਿਚ ਅੰਮ੍ਰਿਤਸਰ ਅਕਾਲੀ ਦਲ ਮਾਨ ਉਮੀਦਵਾਰ ਬਲਦੇਵ ਸਿੰਘ ਗਗੜਾ, ਬਸਪਾ ਉਮੀਦਵਾਰ ਗੁਰਬਖਸ ਸਿੰਘ, ਸੀਪੀਆਈ ਉਮੀਦਵਾਰ ਗੁਰਚਰਨ ਸਿੰਘ ਮਾਨ ਸਮੇਤ 23 ਉਮੀਦਵਾਰ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ। ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਅਤੇ ਐੱਸਐੱਸਪੀ ਵਿਵੇਕਸ਼ੀਲ ਸੋਨੀ ਨੇ ਅਮਨ ਅਮਾਨ ਬਣਾਈ ਰੱਖਣ ਤੇ ਅਮਨ ਨਾਲ ਚੋਣਾਂ ਦਾ ਕੰਮ ਸਮਾਪਤ ਹੋਣ ਸਮੂਹ ਸਿਆਸੀ ਧਿਰਾਂ ਤੇ ਵੋਟਰਾਂ ਦਾ ਧੰਨਵਾਦ ਕੀਤਾ।

# ਦੇਸ਼ ਭਗਤ 'ਵਰਸਿਟੀ 'ਚ ਸ਼ਾਈਨਿੰਗ ਸਟਾਰ ਪ੍ਰੋਗਰਾਮ

**ਮੰਡੀ ਗੋਬਿੰਦਗੜ੍ਹ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਗਤ ਯੂਨੀਵਰਸਿਟੀ ਦੇ ਦਾਖ਼ਲਾ ਸੈੱਲ ਵੱਲੋਂ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ ਮੈਰਿਟ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਸ਼ਾਈਨਿੰਗ ਸਟਾਰ ਪ੍ਰੋਗਰਾਮ ਕੀਤਾ ਗਿਆ।

ਇਸ ਵਿੱਚ ਸ਼ਾਲੀਮਾਰ ਸੀਨੀਅਰ ਸੈਕੰਡਰੀ ਸਕੂਲ ਸ਼ਿਮਲਾ ਪੁਰੀ, ਲੁਧਿਆਣਾ ਦੇ 56 ਹੋਣਹਾਰ ਵਿਦਿਆਰਥੀਆਂ ਦਾ ਯੂਨੀਵਰਸਿਟੀ ਦੇ ਉਪ ਪ੍ਰਧਾਨ ਡਾ. ਹਰਸ਼ ਸਦਾਵਰਤੀ ਨੇ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ। ਇਸ ਮੌਕੇ ਸ਼ਾਲੀਮਾਰ ਸਕੂਲ ਦੇ ਅਧਿਆਪਕ ਮਨਪ੍ਰੀਤ ਕੌਰ, ਸ਼ਰਧਾ, ਲੱਕੀ ਗੁਪਤਾ ਅਤੇ ਜਗਜੀਤ ਸਿੰਘ ਵੀ ਹਾਜ਼ਰ ਸਨ।



ਡਾ. ਸਦਾਵਰਤੀ ਨੇ ਦੱਸਿਆ ਕਿ ਅਜਿਹੇ ਸਮਾਗਮਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇ ਕੇ ਬਿਹਤਰ ਸਿੱਖਿਆ ਵੱਲ ਉਤਸ਼ਾਹਿਤ ਕਰਨਾ ਹੈ। ਉਨ੍ਹਾਂ 12 ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ ਵਧੀਆ ਸਕੋਰ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ ਭਗਤ ਯੂਨੀਵਰਸਿਟੀ ਹੁਨਰ ਆਧਾਰਤ ਗਿਆਨ ਦੇ ਨਾਲ-ਨਾਲ ਨਿੱਜੀ ਵਿਕਾਸ ਵਿੱਚ ਮਦਦ ਕਰਦੀ ਹੈ। ਵਿਦਿਆਰਥੀਆਂ ਨੂੰ ਕੈਰੀਅਰ ਮਾਰਗਦਰਸ਼ਨ ਪ੍ਰਦਾਨ ਕਰਦੇ ਹੋਏ ਉਨ੍ਹਾਂ ਯੂਨੀਵਰਸਿਟੀ ਵਿਖੇ 200 ਤੋਂ ਵੱਧ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਧੰਨਵਾਦ ਅਤੇ ਮੰਚ ਸੰਚਾਲਨ ਗਗਨਦੀਪ ਸਿੰਘ ਨੇ ਕੀਤਾ।

# ਗੁਰੂ ਗ੍ਰੰਥ ਸਾਹਿਬ 'ਵਰਸਿਟੀ ਦੇ ਸੁਨੀਲ ਨੇ ਜੀਆਰਈ ਪਾਸ ਕੀਤੀ



**ਫ਼ਤਹਿਗੜ੍ਹ ਸਾਹਿਬ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਤੋਂ ਐਮਟੈਕ ਸੀਐਸਈ ਦੇ ਵਿਦਿਆਰਥੀ ਸੁਨੀਲ ਜਸਵਾਲ ਨੇ 330 ਦੇ ਸਕੋਰ ਨਾਲ ਗ੍ਰੈਜੂਏਟ ਰਿਕਾਰਡ ਪ੍ਰੀਖਿਆ (ਜੀਆਰਈ) ਪਾਸ ਕੀਤੀ ਹੈ। ਇਸ ਵਿੱਚ ਮੌਖਿਕ 160, ਮਾਤਰਾਤਮਕ: 170 ਅਤੇ ਵਿਸ਼ਲੇਸ਼ਣਾਤਮਕ ਲਿਖਤ 3.5 ਸ਼ਾਮਲ ਹਨ। ਵਰਨਣਯੋਗ ਹੈ ਕਿ ਸੁਨੀਲ ਨੂੰ ਸੰਯੁਕਤ ਰਾਜ ਦੀਆਂ ਵੱਕਾਰੀ ਯੂਨੀਵਰਸਿਟੀਆਂ ਜਿਵੇਂ ਕਿ ਨਿਊਯਾਰਕ ਯੂਨੀਵਰਸਿਟੀ, ਸਟੈਨਫੋਰਡ ਯੂਨੀਵਰਸਿਟੀ ਅਤੇ ਟੈਕਸਾਸ ਯੂਨੀਵਰਸਿਟੀ ਤੋਂ ਦਾਖ਼ਲੇ ਲਈ ਪੇਸ਼ਕਸ਼ ਪ੍ਰਾਪਤ ਹੋਈ ਹੈ। ਕੰਪਿਊਟਰ ਸਾਇੰਸ ਵਿਭਾਗ ਦੀ ਮੁਖੀ ਡਾ. ਨਵਦੀਪ ਕੌਰ ਨੇ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਹੈ। ਉਪ ਕੁਲਪਤੀ ਡਾ. ਪ੍ਰਿਤਪਾਲ ਸਿੰਘ ਨੇ ਸੁਨੀਲ ਨੂੰ ਵਧਾਈ ਦਿੱਤੀ ਤੇ ਉਸ ਦੇ ਭਵਿੱਖ ਦੇ ਸਫ਼ਰ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਯੂਨੀਵਰਸਿਟੀ ਦੇ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ ਦੇ ਕੋਆਰਡੀਨੇਟਰ ਡਾ. ਅੰਕਦੀਪ ਕੌਰ ਅਟਵਾਲ ਅਤੇ ਵਿਭਾਗ ਦੇ ਫੈਕਲਟੀ ਮੈਂਬਰ ਡਾ. ਸਰਪ੍ਰੀਤ ਸਿੰਘ, ਡਾ. ਕਮਲਜੀਤ ਕੌਰ ਅਤੇ ਡਾ. ਅਮਨਦੀਪ ਕੌਰ ਵਿਰਕ ਨੇ ਵੀ ਸੁਨੀਲ ਨੂੰ ਵਧਾਈ ਦਿੱਤੀ।

# ਮਾਲੇਰਕੋਟਲਾ ਦੇ ਜੰਮਪਲ ਕਿਸ਼ੋਰੀ ਲਾਲ ਨੇ ਅਮੇਠੀ ਤੋਂ ਸਮ੍ਰਿਤੀ ਇਰਾਨੀ ਨੂੰ ਹਰਾਇਆ

**ਮਲੇਰਕੋਟਲਾ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਦੇ ਅਮੇਠੀ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਤੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੂੰ ਹਰਾ ਕੇ ਮਾਲੇਰਕੋਟਲਾ ਦੇ ਮੁਹੱਲਾ ਭਾਵੜਿਆਂ ਦੇ ਮਰਹੂਮ ਅਮਰ ਚੰਦ ਸ਼ਰਮਾ ਦਾ ਪੁੱਤਰ ਤੇ ਕਾਂਗਰਸ ਪਾਰਟੀ ਦਾ ਉਮੀਦਵਾਰ ਕਿਸ਼ੋਰੀ ਲਾਲ ਸ਼ਰਮਾ ਸੰਸਦ ਮੈਂਬਰ ਬਣ ਗਿਆ ਹੈ। ਕਿਸ਼ੋਰੀ ਲਾਲ ਸ਼ਰਮਾ ਦੇ ਪਰਿਵਾਰਕ ਮੈਂਬਰ, ਹਮਜਮਾਤੀ ਅਤੇ ਸ਼ਹਿਰ ਵਾਸੀ ਸਵੇਰ ਤੋਂ ਵੋਟਾਂ ਦੀ ਗਿਣਤੀ ਸ਼ੁਰੂ ਹੋਣ ਵੇਲੇ ਤੋਂ ਹੀ ਟੈਲੀਵਿਜ਼ਨ ਅੱਗੇ ਬੈਠੇ ਅਮੇਠੀ ਦੀਆਂ ਵੋਟਾਂ ਦੀ ਸਥਿਤੀ ਦਿਲਚਸਪੀ ਨਾਲ ਦੇਖ ਰਹੇ ਸਨ ਜਿਉਂ ਹੀ ਕਿਸ਼ੋਰੀ ਲਾਲ ਸ਼ਰਮਾ ਦੀ ਡੇਢ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤਣ ਦੀ ਖ਼ਬਰ ਆਈ ਤਾਂ ਖ਼ੁਸ਼ੀ 'ਚ ਖੀਵੇ ਹੋਏ ਉਸ ਦੇ ਪਰਿਵਾਰਕ ਜੀਆਂ ਅਤੇ ਹਮਜਮਾਤੀਆਂ ਨੇ ਲੱਡੂ ਅਤੇ ਮਠਿਆਈ ਵੰਡ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਕਿਸ਼ੋਰੀ ਲਾਲ ਦੇ ਸਥਾਨਕ ਐੱਸਡੀਪੀਪੀ ਸਕੂਲ ਦੇ ਜਮਾਤੀਆਂ ਸਾਬਕਾ ਕੌਂਸਲਰ ਜਗਦੀਸ਼ ਕੁਮਾਰ ਜੱਗੀ ਅਤੇ ਸਨਅਤਕਾਰ ਸੰਜੀਵ ਕੁਮਾਰ ਕਿੱਟੀ ਚੋਪੜਾ ਨੇ ਦੱਸਿਆ ਕਿ ਕਿਸ਼ੋਰੀ ਲਾਲ ਸ਼ਰਮਾ ਦੇ ਪਿਤਾ ਮਾਲੇਰਕੋਟਲਾ ਵਿੱਚ ਬੇਕਰੀ ਦਾ ਕੰਮ ਕਰਦੇ ਸਨ। ਉਸ ਦਾ ਇੱਕ ਭਰਾ ਪ੍ਰੇਮ ਨਾਥ ਸ਼ਰਮਾ ਅੱਜ ਵੀ ਮਾਲੇਰਕੋਟਲਾ ਦੇ ਸਰਾਫ਼ਾ ਬਾਜ਼ਾਰ ਨੇੜੇ ਛੋਟਾ ਚੌਕ ਵਿਚ ਬੇਕਰੀ ਦੀ ਦੁਕਾਨ ਚਲਾ ਰਿਹਾ ਹੈ। ਉਨ੍ਹਾਂ ਆਪਣੀ ਮੁੱਢਲੀ ਸਿੱਖਿਆ ਸਥਾਨਕ ਐੱਸਡੀਪੀਪੀ ਸਕੂਲ ਤੋਂ ਪ੍ਰਾਪਤ ਕੀਤੀ। 1977 ਵਿੱਚ ਦਸਵੀਂ ਕਰਨ ਉਪਰੰਤ ਉਹ ਆਪਣੇ ਵੱਡੇ ਭਰਾ ਲੇਖ ਰਾਜ ਸ਼ਰਮਾ ਕੋਲ ਰੇਡੀਓ ਸੇਲ ਐਂਡ ਸਰਵਿਸ ਦਾ ਕੰਮ ਸਿੱਖਣ ਲੁਧਿਆਣਾ ਚਲੇ ਗਏ ਸਨ। ਉਹ ਲੁਧਿਆਣਾ ਤੋਂ 1983 ਵਿੱਚ ਅਮੇਠੀ ਚਲੇ ਗਏ ਜਿੱਥੇ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ ਤੇ ਉਨ੍ਹਾਂ ਦੀ ਨੇੜਤਾ ਗਾਂਧੀ ਪਰਿਵਾਰ ਨਾਲ ਹੋ ਗਈ। ਉਨ੍ਹਾਂ ਉਸ ਵੇਲੇ ਰਾਜੀਵ ਗਾਂਧੀ ਨਾਲ ਮਿਲ ਕੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਕੰਮ ਕੀਤਾ।



# ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਨਾਰਾਜ਼ਗੀ ਵੀ ਬਣੀ 'ਆਪ' ਦੀ ਹਾਰ ਦਾ ਕਾਰਨ: ਬੇਲੂਮਾਜਰਾ

**ਪਟਿਆਲਾ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾਈ ਮੁਲਾਜ਼ਮ ਆਗੂ ਦਰਸ਼ਨ ਬੇਲੂਮਾਜਰਾ, ਜਸਵੀਰ ਖੋਖਰ, ਦਰਸ਼ਨ ਸਿੰਘ ਲੁਬਾਣਾ, ਅਧਿਆਪਕ ਆਗੂ ਵਿਕਰਮਦੇਵ ਸਿੰਘ, ਹਰਦੀਪ ਟੋਡਰਪੁਰ ਅਤੇ ਗਗਨ ਰਾਣੂ ਸਮੇਤ ਕਈ ਹੋਰਨਾ ਨੇ ਵੀ ਵੱਖ-ਵੱਖ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਪੰਜਾਬ ਦੇ ਮੁਲਾਜ਼ਮਾਂ ਤੇ ਤਨਖਾਹ ਕਮਿਸ਼ਨ ਨੂੰ ਪੂਰਨ ਰੂਪ ਵਿੱਚ ਲਾਗੂ ਨਾ ਕਰਨਾਂ, ਡੀਏ ਦੀਆਂ ਬਕਾਇਆ ਕਿਸ਼ਤਾਂ ਅਤੇ ਪਿਛਲੇ ਬਕਾਏ ਦੇਣ ਵਰਗੇ ਮਸਲੇ ਤੇ ਪੰਜਾਬ ਸਰਕਾਰ ਵੱਲੋਂ ਧਾਰੀ ਚੁੱਪ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਅੰਦਰ 'ਆਪ' ਸਰਕਾਰ ਪ੍ਰਤੀ ਵੱਡਾ ਗੁੱਸਾ ਹੈ। ਕਿਤੇ ਨਾ ਕਿਤੇ 'ਆਪ' ਉਮੀਦਵਾਰਾਂ ਦੀ ਹਾਰ ਦਾ ਕਾਰਨ ਨਾਰਾਜ਼ ਮੁਲਾਜ਼ਮ ਤੇ ਪੈਨਸ਼ਨਰ ਵੀ ਹਨ। ਉਨ੍ਹਾਂ ਕਿਹਾ ਕਿ ਮੁਲਾਜ਼ਮਾ ਦੀਆਂ ਮੁੱਖ ਮੰਗਾਂ ਕੱਚੇ ਕਾਮੇ ਪੱਕੇ ਨਾ ਕਰਨਾ, ਪੁਰਾਣੀ ਪੈਨਸ਼ਨ ਸਕੀਮ ਤੋਂ ਪਾਸਾ ਵੱਟਣ ਸਮੇਤ ਕਈ ਹੋਰ ਮਸਲੇ ਵੀ ਮੌਜੂਦ ਹਨ।

ਮੁਲਾਜ਼ਮ ਆਗੂਆਂ ਨੇ ਕਿਹਾ ਕਿ ਹੁਣ ਸਿਤਮ ਜਰੀਫੀ ਇਹ ਹੈ ਕਿ ਹੁਣ ਤੱਕ ਕੇਂਦਰ ਨੇ ਆਪਣੇ ਮੁਲਾਜ਼ਮਾਂ ਨੂੰ 50 ਫੀਸਦੀ ਡੀਏ ਦਿੱਤਾ ਹੋਇਆ ਹੈ, ਪਰ ਪੰਜਾਬ ਦੇ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਨੇ ਸਿਰਫ 38 ਫੀਸਦੀ ਦਿੱਤਾ ਹੈ। ਚੋਣ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੁਲਾਜ਼ਮ ਤੇ ਪੈਨਸ਼ਨਰ ਸਰਕਾਰ ਖ਼ਿਲਾਫ਼ ਆਪਣਾ ਗੁੱਸਾ ਕੱਢਣ ਲਈ ਖੁੱਲ੍ਹ ਕੇ ਭੁਗਤੇ ਹਨ

# ਸਪੀਕਰ ਵੱਲੋਂ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਪ੍ਰਵਾਨ

**ਚੰਡੀਗੜ੍ਹ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਅੰਗੁਰਾਲ ਨੇ ਹਾਲਾਂਕਿ ਲੰਘੇ ਦਿਨ ਵਿਧਾਨ ਸਭਾ ਸਪੀਕਰ ਦੇ ਨਾਮ ਚਿੱਠੀ ਲਿਖ ਕੇ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਸੀ। ਅੰਗੁਰਾਲ ਅੱਜ ਵਿਧਾਨ ਸਭਾ ਸਪੀਕਰ ਨੂੰ ਮਿਲਣ ਲਈ ਚੰਡੀਗੜ੍ਹ ਪਹੁੰਚੇ, ਪਰ ਸਪੀਕਰ ਦੇ ਮੌਜੂਦ ਨਾ ਹੋਣ ਕਰਕੇ ਉਨ੍ਹਾਂ ਨੂੰ ਖਾਲੀ ਹੱਥ ਮੁੜਨਾ ਪਿਆ। ਅੰਗੁਰਾਲ ਨੇ ਕਿਹਾ ਕਿ ਉਹ ਸਪੀਕਰ ਦੀ ਧੱਕੇਸ਼ਾਹੀ ਖ਼ਿਲਾਫ਼ ਹਾਈ ਕੋਰਟ ਦਾ ਦਰ ਖੜਕਾਉਣਗੇ।



ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਲੋਕ ਸਭਾ ਹਲਕਾ ਜਲੰਧਰ ਤੋਂ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਨਾਲ 28 ਮਾਰਚ ਨੂੰ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਇਸ ਤੋਂ ਇਕ ਦਿਨ ਬਾਅਦ 28 ਮਾਰਚ ਨੂੰ ਹੀ ਸ਼ੀਤਲ ਅੰਗੁਰਾਲ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਸੀ। ਜਾਣਕਾਰੀ ਅਨੁਸਾਰ ਸਪੀਕਰ ਨੇ 30 ਮਈ ਨੂੰ ਅੰਗੁਰਾਲ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਸੀ, ਜਦੋਂ ਕਿ 31 ਮਈ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਜਲੰਧਰ ਪੱਛਮੀ ਦੀ ਸੀਟ ਖਾਲੀ ਐਲਾਨ ਦਿੱਤੀ ਸੀ। ਅੰਗੁਰਾਲ ਨੇ 2 ਜੂਨ ਨੂੰ ਵਿਧਾਨ ਸਭਾ ਸਪੀਕਰ ਦੇ ਨਾਮ ਪੱਤਰ ਲਿਖ ਕੇ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਸੀ। ਲੋਕ ਸਭਾ ਚੋਣਾਂ ਖਤਮ ਹੁੰਦਿਆਂ ਹੀ ਵਿਧਾਇਕ ਸ਼ੀਤਲ ਅੰਗੁਰਾਲ ਨੇ ਭਾਜਪਾ ਤੋਂ ਪਾਸਾ ਵੱਟ ਲਿਆ ਹੈ। ਉਨ੍ਹਾਂ ਆਪਣੇ ਫੇਸਬੁੱਕ ਅਕਾਊਂਟ ਤੋਂ 'ਮੋਦੀ ਕਾ ਪਰਿਵਾਰ' ਵੀ ਹਟਾ ਦਿੱਤਾ ਹੈ। ਸ਼ੀਤਲ ਅੰਗੁਰਾਲ ਪਹਿਲਾਂ ਵੀ ਭਾਜਪਾ ਛੱਡ ਕੇ 'ਆਪ' ਵਿੱਚ ਆਏ ਸਨ। ਉਨ੍ਹਾਂ ਨੇ 'ਆਪ' ਵੱਲੋਂ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ ਚੋਣਾਂ ਲੜ ਕੇ ਜਿੱਤ ਹਾਸਲ ਕੀਤੀ ਸੀ। ਅੰਗੁਰਾਲ ਨੇ ਸਪੀਕਰ ਵੱਲੋਂ ਅਸਤੀਫ਼ਾ ਪ੍ਰਵਾਨ ਕਰਨ ਵਿਰੁੱਧ ਅਦਾਲਤ ਦਾ ਦਰਵਾਜ਼ਾ ਖੜਕਾਉਣ ਦਾ ਐਲਾਨ ਕਰਦਿਆਂ ਕਿਹਾ, "ਮੈਂ ਦੋ ਮਹੀਨੇ ਪਹਿਲਾਂ ਅਸਤੀਫਾ ਦਿੱਤਾ ਸੀ। ਅਸਤੀਫਾ ਦੇਣ ਦਾ ਕਾਰਨ ਸੀ ਕਿ ਹਿਮਾਚਲ ਪ੍ਰਦੇਸ਼ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਲੋਕ ਸਭਾ ਚੋਣਾਂ ਦੇ ਨਾਲ ਜ਼ਿਮਨੀ ਚੋਣ ਕਰਵਾਈ ਜਾਵੇ, ਪਰ ਸੂਬਾ ਸਰਕਾਰ ਨੇ ਨਹੀਂ ਕਰਵਾਈਆਂ। ਕੁਝ ਦਿਨ ਪਹਿਲਾਂ ਪੰਜਾਬ ਵਿਧਾਨ ਸਭਾ ਵੱਲੋਂ ਇਕ ਪੱਤਰ ਰਾਹੀਂ ਮੈਨੂੰ ਅਸਤੀਫ਼ੇ ਬਾਰੇ ਗੱਲਬਾਤ ਕਰਨ ਲਈ 3 ਜੂਨ ਨੂੰ ਸਵੇਰੇ 11 ਵਜੇ ਸੱਦਿਆ ਗਿਆ ਸੀ। ਜਦੋਂ ਅੱਜ ਮੈਂ ਵਿਧਾਨ ਸਭਾ ਪਹੁੰਚਿਆ ਤਾਂ ਸਪੀਕਰ ਵਿਧਾਨ ਸਭਾ ਵਿੱਚ ਨਹੀਂ ਸਨ।'' ਅੰਗੁਰਾਲ ਨੇ ਦਾਅਵਾ ਕੀਤਾ ਕਿ ਵਿਧਾਨ ਸਭਾ ਦਫ਼ਤਰ ਨੇ ਉਨ੍ਹਾਂ ਨੂੰ 11 ਜੂਨ ਨੂੰ ਸਵੇਰੇ 11 ਵਜੇ ਮੁੜ ਸੱਦਿਆ, ਪਰ ਦਿੱਲੀ ਬੈਠੇ 'ਆਪ' ਆਗੂਆਂ ਦੇ ਦਬਾਅ ਹੇਠ ਸਪੀਕਰ ਨੇ ਅੱਜ ਬਾਅਦ ਦੁਪਹਿਰ ਪੁਰਾਣੀ ਤਾਰੀਖ ਵਿੱਚ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਸਪੀਕਰ ਨੇ ਦਬਾਅ ਹੇਠ ਅਸਤੀਫ਼ਾ ਪ੍ਰਵਾਨ ਕੀਤਾ ਹੈ, ਜਿਸ ਖਿਲਾਫ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸ਼ੀਤਲ ਅੰਗੁਰਾਲ ਨਾਲ ਕੋਈ ਧੱਕਾ ਨਹੀਂ ਹੋਇਆ ਤੇ ਨੇਮਾਂ ਮੁਤਾਬਕ ਹੀ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਕੀਤਾ ਗਿਆ ਹੈ। ਸੰਧਵਾਂ ਨੇ ਕਿਹਾ ਕਿ ਵਿਧਾਇਕ ਸ਼ੀਤਲ ਅੰਗੁਰਾਲ ਦਾ ਅਸਤੀਫ਼ਾ ਪਹਿਲਾਂ ਹੀ ਮਨਜ਼ੂਰ ਹੋ ਗਿਆ ਸੀ ਅਤੇ ਉਨ੍ਹਾਂ ਨੂੰ ਸਿਰਫ਼ ਇਸ ਬਾਰੇ ਜਾਣਕਾਰੀ ਦੇਣੀ ਬਾਕੀ ਸੀ। ਉਨ੍ਹਾਂ ਕਿਹਾ ਕਿ ਸਪੀਕਰ ਹੋਣ ਦੇ ਨਾਤੇ ਅਤੇ ਨਿਯਮਾਂਵਲੀ ਤਹਿਤ ਅਸਤੀਫ਼ਾ ਸਵੀਕਾਰ ਕਰਨਾ ਉਨ੍ਹਾਂ ਦੀ ਡਿਊਟੀ ਬਣਦੀ ਸੀ, ਜੋ ਉਨ੍ਹਾਂ ਨੇ ਪੂਰੀ ਕਰ ਦਿੱਤੀ ਹੈ। ਸੰਧਵਾਂ ਨੇ ਕਿਹਾ ਕਿ ਉਨ੍ਹਾਂ ਅੰਗੁਰਾਲ ਨੂੰ ਅੱਜ ਅਸਤੀਫ਼ੇ ਬਾਰੇ ਕੋਈ ਚਰਚਾ ਕਰਨ ਲਈ ਨਹੀਂ ਸਗੋਂ ਅਸਤੀਫ਼ਾ ਸਵੀਕਾਰ ਕਰਨ ਬਾਰੇ ਜਾਣਕਾਰੀ ਦੇਣ ਲਈ ਸੱਦਿਆ ਸੀ। ਸੰਧਵਾਂ ਨੇ ਕਿਹਾ ਕਿ ਸਪੀਕਰ ਸਭ ਦਾ ਹੁੰਦਾ ਹੈ ਅਤੇ ਫ਼ੈਸਲਾ ਕਾਨੂੰਨ ਅਨੁਸਾਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ੀਤਲ ਅੰਗੁਰਾਲ 'ਤੇ 'ਐਂਟੀ ਡਿਫੈਕਸ਼ਨ ਲਾਅ' (ਦਲਬਦਲੀ ਵਿਰੋਧੀ ਕਾਨੂੰਨ) ਵੀ ਲੱਗ ਸਕਦਾ ਹੈ, ਪਰ ਉਹ ਇਕ ਵੱਖਰਾ ਮਾਮਲਾ ਹੈ, ਅਸਤੀਫ਼ਾ ਤਾਂ ਖ਼ੁਦ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਦਿੱਤਾ ਹੈ। ਜਲੰਧਰ ਪੱਛਮੀ ਸੀਟ ਖਾਲੀ ਹੋਣ ਨਾਲ ਜ਼ਿਮਨੀ ਚੋਣ ਦਾ ਰਾਹ ਪੱਧਰਾ ਹੋ ਗਿਆ ਹੈ ਤੇ 'ਆਪ' ਦੀ ਟਿਕਟ ਦੇ ਚਾਹਵਾਨਾਂ ਨੇ ਹੁਣ ਤੋਂ ਤਿਆਰੀਆਂ ਕੱਸ ਦਿੱਤੀਆਂ ਹਨ। 'ਆਪ' ਦੇ ਹਲਕਾ ਇੰਚਾਰਜ ਮਹਿੰਦਰ ਭਗਤ ਟਿਕਟ ਲੈਣ ਵਾਲਿਆਂ ਵਿੱਚੋਂ ਮੂਹਰਲੀ ਕਤਾਰ ਵਿੱਚ ਸ਼ਾਮਲ ਹਨ।

# ਸ਼ੈੱਡ ਨਾ ਹੋਣ ਕਾਰਨ ਸਬਜ਼ੀ ਵਿਕਰੇਤਾਵਾਂ ਦਾ ਕੰਮ ਠੱਪ



**ਸੁਨਾਮ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਬਜ਼ੀ ਮੰਡੀ ਵਿੱਚ ਸਬਜ਼ੀ ਦੇ ਪਰਚੂਨ ਵਿਕਰੇਤਾਵਾਂ ਨੂੰ ਕੜਕਦੀ ਧੁੱਪ ਵਿਚ ਸਬਜ਼ੀ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦੱਸਣਯੋਗ ਹੈ ਕਿ ਮਾਰਕੀਟ ਕਮੇਟੀ ਵੱਲੋਂ 1.25 ਕਰੋੜ ਰੁਪਏ ਦੀ ਲਾਗਤ ਨਾਲ ਸ਼ਹਿਰ ਦੀ ਪੁਰਾਣੀ ਸਬਜ਼ੀ ਮੰਡੀ ਵਾਲੀ ਥਾਂ 'ਤੇ ਪਰਚੂਨ ਸਬਜ਼ੀ ਮੰਡੀ ਬਣਨ ਨਾਲ ਸ਼ਹਿਰ ਵਾਸੀਆਂ ਨੂੰ ਅਵਾਰਾ ਪਸ਼ੂਆਂ ਅਤੇ ਟ੍ਰੈਫਿਕ ਸਮੱਸਿਆ ਤੋਂ ਤਾਂ ਭਾਵੇਂ ਨਿਜਾਤ ਮਿਲ ਗਈ ਹੈ ਪਰ ਇਸ ਸਬਜ਼ੀ ਮੰਡੀ ਸ਼ੈੱਡ ਦੀ ਘਾਟ ਅਜੇ ਵੀ ਰੜਕ ਰਹੀ ਹੈ।

ਰਿਟੇਲ ਸਬਜ਼ੀ ਮੰਡੀ ਵਿੱਚ ਫੜੀ ਲਾ ਰਹੇ ਅਸਲਮ ਖਾਨ ਅਤੇ ਰਣਵੀਰ ਕੁਮਾਰ ਨੇ ਦੱਸਿਆ ਕਿ ਸਬਜ਼ੀ ਮੰਡੀ 'ਚ ਛਾਂ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਫੜੀ ਮਾਲਕ ਤੱਪਦੀ ਧੁੱਪ ਵਿੱਚ ਸੜਨ ਲਈ ਮਜਬੂਰ ਹਨ। ਉਨ੍ਹਾਂ ਦੱਸਿਆ ਕਿ ਅੱਗ ਵਰ੍ਹਾਉਂਦੇ ਮੌਸਮ ਵਿੱਚ ਗਾਹਕ ਵੀ ਬਹੁਤ ਘੱਟ ਆ ਰਹੇ ਹਨ ਅਤੇ ਉਨ੍ਹਾਂ ਦੀਆਂ ਸਬਜ਼ੀਆਂ ਅਤੇ ਫਲ ਵੀ ਖਰਾਬ ਹੋ ਰਹੇ ਹਨ। ਜਿਸ ਕਾਰਨ ਕਈ ਫੜ੍ਹੀਆਂ ਵਾਲੇ ਤਾਂ ਆਪਣਾ ਸਬਜ਼ੀ-ਫਰੂਟ ਦਾ ਕੰਮ ਬੰਦ ਕਰ ਕੇ ਕੋਈ ਹੋਰ ਕਾਰੋਬਾਰ ਕਰਨ ਲੱਗ ਪਏ ਹਨ। ਉਨ੍ਹਾਂ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਤੋਂ ਇੱਥੇ ਸ਼ੈਡ ਬਣਾਉਣ ਦੀ ਮੰਗ ਕੀਤੀ ਤਾਂ ਜੋ ਉਨ੍ਹਾਂ ਨੂੰ ਰਾਹਤ ਮਿਲ ਸਕੇ।

# ਤਨਖਾਹਾਂ ਨਾ ਮਿਲਣ ਕਾਰਨ ਟੀਚਰਜ਼ ਯੂਨੀਅਨ ਸੰਘਰਸ਼ ਦੇ ਰੌਂਅ 'ਚ



**ਦੇਵੀਗੜ੍ਹ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਹਰ ਮਹੀਨੇ ਦੀ ਤਰ੍ਹਾਂ ਇਸ ਮਹੀਨੇ ਵੀ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਜ਼ੁਬਾਨੀ ਰੋਕ ਲਗਾ ਦਿੱਤੀ ਗਈ ਹੈ। ਅੱਜ ਚਾਰ ਜੂਨ ਹੋਣ ਤੋਂ ਬਾਅਦ ਵੀ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੇ ਗੀਝੇ ਖਾਲੀ ਹਨ। ਇਸ ਤੋਂ ਪਹਿਲਾਂ ਵੀ ਪਿਛਲੇ ਮਹੀਨਿਆਂ ਵਿੱਚ ਵੀ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਤਨਖਾਹਾਂ ਦਾ ਦਸ ਬਾਰਾਂ ਤਾਰੀਕਾਂ ਤੱਕ ਅੱਪੜਦੀਆਂ ਕੀਤੀਆਂ ਗਈਆਂ ਸਨ। ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਮੁੱਖ ਮੰਤਰੀ ਪੰਜਾਬ ਨੇ ਕਿਹਾ ਸੀ ਕਿ ਕਿਸੇ ਵੀ ਚੀਜ਼ ਲਈ ਕਿਸੇ ਵੀ ਬੰਦੇ ਨੂੰ ਧਰਨਾ ਦੇਣ ਦੀ ਲੋੜ ਨਹੀਂ ਪਏਗੀ ਪਰ ਤਨਖਾਹਾਂ ਨਾ ਮਿਲਣ ਕਰ ਕੇ ਮੁਲਾਜ਼ਮ ਸਰਕਾਰ ਖ਼ਿਲਾਫ਼ ਸੰਘਰਸ਼ ਕਰਨ ਦੇ ਰੌਂਅ ਵਿੱਚ ਹਨ। ਪੰਜਾਬ ਸਰਕਾਰ ਵੱਲੋਂ ਆਪਣੇ ਖਰਚੇ ਚਲਾਉਣ ਲਈ ਕਰੋੜਾਂ ਰੁਪਏ ਦੇ ਕਰਜ਼ੇ ਲਏ ਜਾ ਰਹੇ ਹਨ ਪਰ ਮੁਲਾਜ਼ਮਾਂ ਨੂੰ ਤਨਖਾਹ ਦੇਣ ਲੱਗੇ ਖਜ਼ਾਨੇ ਖਾਲੀ ਹਨ। ਇਸ ਮੌਕੇ ਪਰਮਜੀਤ ਸਿੰਘ ਪਟਿਆਲਾ, ਹਿੰਮਤ ਸਿੰਘ ਖੋਖ, ਕੰਵਲ ਨੈਨ ਸਮਾਣਾ, ਭੁਪਿੰਦਰ ਸਿੰਘ ਕੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਕਰ ਕੇ ਲੋਕ ਸਭਾ ਚੋਣਾਂ ਵਿੱਚ ਸਰਕਾਰ ਨੂੰ ਮੁਲਾਜ਼ਮਾਂ ਨੇ ਸ਼ੀਸ਼ਾ ਦਿਖਾ ਦਿੱਤਾ ਹੈ ਜੇਕਰ ਇਸੇ ਤਰ੍ਹਾਂ ਸਰਕਾਰ ਦਾ ਮੁਲਾਜ਼ਮਾਂ ਪ੍ਰਤੀ ਵਤੀਰਾ ਰਿਹਾ ਤਾਂ ਆਉਂਦੇ ਦਿਨਾਂ ਵਿੱਚ ਵੱਡੇ ਪੱਧਰ 'ਤੇ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢੇ ਜਾਣਗੇ। ਇਸ ਮੌਕੇ ਸਾਥੀ ਦੀਦਾਰ ਸਿੰਘ ਪਟਿਆਲਾ, ਹਰਦੀਪ ਸਿੰਘ ਪਟਿਆਲਾ, ਟਹਿਲਬੀਰ ਸਿੰਘ, ਮਨਦੀਪ ਸਿੰਘ ਕਾਲੇਕੇ, ਜਗਪ੍ਰੀਤ ਸਿੰਘ ਭਾਟੀਆ, ਨਿਰਭੈ ਸਿੰਘ ਘਨੌਰ, ਸ਼ਿਵਪ੍ਰੀਤ ਸਿੰਘ ਪਟਿਆਲਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਤੁਰੰਤ ਮੁਲਾਜ਼ਮਾਂ ਦੀਆਂ ਤਨਖਾਹਾਂ ਜਾਰੀ ਕਰਨ ਦੇ ਹੁਕਮ ਜਾਰੀ ਕਰਨੇ ਚਾਹੀਦੇ ਹਨ।

## ਪਟਿਆਲਾ ਕ੍ਰਾਇਮ ਰਿਪੋਰਟ

### ਥਾਣਾ ਕੋਤਵਾਲੀ ਪੁਲਿਸ ਨੇ ਕੀਤਾ ਅਣਪਛਾਤੇ ਕਰਿੰਦਿਆਂ ਵਿਰੁੱਧ ਕੇਸ ਦਰਜ

**ਪਟਿਆਲਾ, 8 ਜੂਨ -ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਕੋਤਵਾਲੀ ਪਟਿਆਲਾ ਦੀ ਪੁਲਿਸ ਨੇ ਅਣਪਛਾਤੇ ਕਰਿੰਦਿਆਂ ਵਿਰੁੱਧ 188 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਮੁਤਾਬਿਕ ਏ. ਐਸ. ਆਈ. ਪ੍ਰਤਾਪ ਸਿੰਘ ਜੋ ਕਿ ਗੈਰ- ਸਮਾਜਿਕ ਅਨਸਰਾਂ ਦੀ ਭਾਲ ਵਿੱਚ ਅਨਾਰਦਾਨਾ ਚੌਂਕ ਪਟਿਆਲਾ ਕੋਲ ਮੌਜੂਦ ਸੀ ਨੂੰ ਸੂਚਨਾ ਮਿਲੀ ਕਿ ਲਿਬਰਟੀ ਚੌਂਕ ਪਟਿਆਲਾ ਤੇ ਸਨੌਰੀ ਅੱਡਾ ਪਟਿਆਲਾ ਦੇ ਕੋਲ ਸ਼ਰਾਬ ਦੇ ਠੇਕਿਆਂ ਦੇ ਕਰਿੰਦੇ ਸ਼ਟਰ ਬੰਦ ਕਰਕੇ ਸ਼ਰਾਬ ਵੇਚ ਰਹੇ ਹਨ, ਜਿਸ 'ਤੇ ਜਿਲਾ ਮੈਜਿਸਟਰੇਟ ਪਟਿਆਲਾ ਵੱਲੋਂ ਲੋਕ ਸਭਾ ਚੋਣਾਂ 2024 ਦੀਆਂ ਵੋਟਾਂ ਦੀ ਗਿਣਤੀ ਹੋਣ ਕਰਕੇ ਬੰਦ ਕਰਨ ਦਾ ਹੁਕਮ ਹੋਇਆ ਹੈ। ਪੁਲਿਸ ਨੇ ਅਣਪਛਾਤੇ ਕਰਿੰਦਿਆਂ ਵਿਰੁੱਧ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਥਾਣਾ ਕੋਤਵਾਲੀ ਪੁਲਿਸ ਨੇ ਕੀਤਾ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ

**ਪਟਿਆਲਾ, 8 ਜੂਨ -ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਕੋਤਵਾਲੀ ਪਟਿਆਲਾ ਦੀ ਪੁਲਿਸ ਨੇ ਦੋ ਵਿਅਕਤੀਆਂ ਵਿਰੁੱਧ ਧਾਰਾ 324, 34 ਆਈ.ਪੀ.ਸੀ. ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਅਰੁਣ ਪੁੱਤਰ ਪਰਮੇਸ਼ਵਰ ਰਿਸ਼ੀਦੇਵ ਵਾਸੀ ਲੱਕੜ ਮੰਡੀ ਬੀਰ ਸਿੰਘ ਧੀਰ ਸਿੰਘ ਕਲੋਨੀ ਪਟਿਆਲਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਜਦੋਂ ਉਹ ਆਪਣੇ ਸਾਲੇ ਰਿਤਕ ਨਾਲ ਖੰਨਾ ਬਾਬੂ ਦੇ ਆਰੇ ਲੱਕੜ ਮੰਡੀ ਪਟਿਆਲਾ ਦੇ ਕੋਲ ਮੌਜੂਦ ਸੀ ਤਾਂ ਮਾਮੂਲੀ ਜੀ ਤਕਰਾਰ ਨੂੰ ਲੈ ਕੇ ਅਨੁਜ ਪੁੱਤਰ ਰਾਜੇਸ਼, ਮੋਹਿਤ ਮਹਿੰਦਰ ਬੇਚੂ ਮੜੇਈ ਵਾਸੀਆਂ ਬੀਰ ਸਿੰਘ ਧੀਰ ਸਿੰਘ ਕਲੋਨੀ ਪਟਿਆਲਾ ਨੇ ਉਸਦੀ ਅਤੇ ਉਸਦੇ ਸਾਲੇ ਦੀ ਕੁੱਟਮਾਰ ਕੀਤੀ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗਲਤ ਇਸ਼ਾਰੇ ਕਰਨ ਤੋਂ ਰੋਕਣ 'ਤੇ ਗਰਭਵਤੀ ਔਰਤ ਤੇ ਪਤੀ ਦੀ ਕੁੱਟਮਾਰ

**ਜਲੰਧਰ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਦਿਓਲ ਨਗਰ ਨੇੜੇ ਇਕ ਵਿਅਕਤੀ ਅਤੇ ਉਸ ਦੀ ਗਰਭਵਤੀ ਪਤਨੀ 'ਤੇ ਕੁਝ ਹਮਲਾਵਰਾਂ ਨੇ ਹਮਲਾ ਕਰ ਦਿੱਤਾ। ਘਟਨਾ 'ਚ ਵਿਅਕਤੀ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ, ਜਦਕਿ ਔਰਤ ਦੇ ਪੇਟ 'ਤੇ ਸੱਟਾਂ ਲੱਗੀਆਂ ਹਨ।

ਦੇਰ ਰਾਤ ਦੋਵਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਜਲੰਧਰ ਲਿਜਾਇਆ ਗਿਆ, ਜਿੱਥੇ ਗਰਭਵਤੀ ਔਰਤ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮਾਮਲੇ ਦੀ ਸੂਚਨਾ ਥਾਣਾ ਭਾਰਗਵ ਕੈਂਪ ਦੀ ਪੁਲੀਸ ਨੂੰ ਦਿੱਤੀ ਗਈ। ਦਿਓਲ ਨਗਰ ਦੇ ਰਹਿਣ ਵਾਲੇ ਸ਼ਿਵਮ ਨੇ ਦੱਸਿਆ ਕਿ ਉਹ ਮੂਲ ਰੂਪ ਵਿੱਚ ਅੰਮ੍ਰਿਤਸਰ ਦੇ ਕਸਬਾ ਬਿਆਸ ਦਾ ਰਹਿਣ ਵਾਲਾ ਹੈ। ਕਰੀਬ ਚਾਰ ਮਹੀਨੇ ਪਹਿਲਾਂ ਉਸ ਦੀ ਬਦਲੀ ਜਲੰਧਰ ਹੋਈ ਸੀ। ਸ਼ਿਵਮ ਨੇ ਦੱਸਿਆ ਕਿ ਉਸ ਦੀ ਪਤਨੀ ਗਰਭਵਤੀ ਹੈ, ਜਦੋਂ ਉਹ ਰਾਤ ਨੂੰ ਆਪਣੀ ਪਤਨੀ ਨੂੰ ਡਾਕਟਰ ਕੋਲ ਲੈ ਕੇ ਜਾ ਰਿਹਾ ਸੀ ਤਾਂ ਸੀਮਿੰਟ ਅਤੇ ਪ੍ਰਾਪਰਟੀ ਦਾ ਕਾਰੋਬਾਰ ਕਰਨ ਵਾਲੇ ਵਿਅਕਤੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਦੀ ਪਤਨੀ 'ਤੇ ਅਸ਼ਲੀਲ ਇਸ਼ਾਰੇ ਕੀਤੇ।

ਜਦੋਂ ਇਸ ਦਾ ਵਿਰੋਧ ਕੀਤਾ ਗਿਆ ਤਾਂ ਮੁਲਜ਼ਮਾਂ ਨੇ ਲੜਾਈ ਸ਼ੁਰੂ ਕਰ ਦਿੱਤੀ। ਜਦੋਂ ਪੀੜਤ ਦੀ ਪਤਨੀ ਉਸ ਨੂੰ ਬਚਾਉਣ ਲਈ ਅੱਗੇ ਆਈ ਤਾਂ ਉਸ ਦੀ ਵੀ ਕੁੱਟਮਾਰ ਕੀਤੀ ਗਈ। ਘਟਨਾ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ। ਸ਼ਿਵਮ ਨੇ ਦੱਸਿਆ ਕਿ ਮੁਲਜ਼ਮ ਉਸ ਦੀ ਪਤਨੀ ਨੂੰ ਪਹਿਲਾਂ ਵੀ ਤੰਗ-ਪ੍ਰੇਸ਼ਾਨ ਕਰਦਾ ਸੀ ਪਰ ਲੜਾਈ ਦੇ ਡਰੋਂ ਪਤਨੀ ਨੇ ਲੜਾਈ ਦੇ ਡਰੋਂ ਉਸ ਕੋਲ ਇਸ ਦਾ ਜ਼ਿਕਰ ਨਹੀਂ ਕੀਤਾ ਸੀ। ਥਾਣਾ ਭਾਰਗਵ ਕੈਂਪ ਦੀ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕੁਲਵੀਰ ਸਿੰਘ ਭੋਗਪੁਰੀਆ ਪ੍ਰਧਾਨ ਚੁਣੇ

**ਜਲੰਧਰ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ਼ ਕਲੱਬ ਆਦਮਪੁਰ ਦੀ ਮੀਟਿੰਗ ਅੱਜ ਪ੍ਰਧਾਨ ਅਕਸ਼ੈਦੀਪ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸਰਬਸੰਮਤੀ ਨਾਲ 2024-2025 ਲਈ ਕੁਲਵੀਰ ਸਿੰਘ ਭੋਗਪੁਰੀਆਨੂੰ ਪ੍ਰਧਾਨ, ਰਾਜਿੰਦਰ ਪ੍ਰਸ਼ਾਦ ਨੂੰ ਸੈਕਟਰੀ, ਵਿਨੋਦ ਟੰਡਨ ਨੂੰ ਖਜ਼ਾਨਚੀ, ਹਰਵਿੰਦਰ ਸਿੰਘ ਪਰਹਾਰ ਨੂੰ ਪੀਆਰਓ ਨਿਯੁਕਤ ਕੀਤਾ ਗਿਆ। ਨਵੇਂ ਬਣੇ ਪ੍ਰਧਾਨ ਭੋਗਪੁਰੀਆ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਲੱਬ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਪੂਰੀ ਵਾਹ ਲਾਉਣਗੇ। ਇਸ ਮੌਕੇ ਕਲੱਬ ਮੈਂਬਰ ਦਸ਼ਿਵੰਦਰ ਕੁਮਾਰ ਚਾਂਦ, ਬਲਰਾਮ ਵਰਮਾ, ਅਮਰਜੀਤ ਸਿੰਘ ਭੋਗਪੁਰੀਆ, ਖੜਕ ਸਿੰਘ, ਸੁਸ਼ੀਲ ਡੋਗਰਾ, ਰਾਜਿੰਦਰ ਵਰਮਾ, ਹਰਵਿੰਦਰ ਕੁਮਾਰ, ਹਰਿੰਦਰ ਸਿੰਘ ਬਾਂਸਲ, ਹਰਵਿੰਦਰ ਅਗਰਵਾਲ, ਰਘੁਵੀਰ ਸਿੰਘ ਵਿਰਦੀ, ਜਗਦੀਸ਼ ਪਸਰੀਚਾ, ਲਾਇਨ ਸੁਖਦੇਵ ਸਿੰਘ ਰੂਪਰਾ ਆਦਿ ਹਾਜ਼ਰ ਸਨ।

# ਪਾਵਰ ਇੰਜਨੀਅਰਾਂ ਵੱਲੋਂ ਗਰਮੀ ਦੀ ਲਹਿਰ ਨੂੰ ਕੌਮੀ ਆਫ਼ਤ ਐਲਾਨਣ ਦੀ ਮੰਗ

**ਪਟਿਆਲਾ, 8 ਜੂਨ -**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਤ ਦੀ ਗਰਮੀ ਕਾਰਨ ਦੇਸ਼ ਅੰਦਰ ਵਧੀ ਬਿਜਲੀ ਦੀ ਮੰਗ ਦੇ ਮੱਦੇਨਜ਼ਰ 'ਆਲ ਇੰਡੀਆ ਪਾਵਰ ਇੰਜਨੀਅਰਜ਼ ਫੈਡਰੇਸ਼ਨ' ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਗਰਮੀ ਦੀ ਲਹਿਰ ਨੂੰ ਰਾਸ਼ਟਰੀ ਆਫ਼ਤ ਐਲਾਨਣ ਦੀ ਮੰਗ ਕੀਤੀ ਹੈ। ਇਸ ਪੱਤਰ ਦੀਆਂ ਕਾਪੀਆਂ ਦੇਸ਼ ਦੇ ਸਾਰੇ ਮੁੱਖ ਮੰਤਰੀਆਂ ਅਤੇ ਸਕੱਤਰ (ਬਿਜਲੀ) ਭਾਰਤ ਸਰਕਾਰ ਨਵੀਂ ਦਿੱਲੀ ਨੂੰ ਵੀ ਭੇਜੀਆਂ ਗਈਆਂ ਹਨ। ਜਥੇਬੰਦੀ ਦੇ ਕੌਮੀ ਚੇਅਰਮੈਨ ਸ਼ੈਲੇਂਦਰ ਦੂਬੇ ਦੇ ਦਸਤਖਤਾਂ ਹੇਠਾਂ ਜਾਰੀ ਇਸ ਪੱਤਰ 'ਚ ਦੇਸ਼ ਅੰਦਰ ਗਰਮੀ ਅਤੇ ਬਿਜਲੀ ਦੀ ਵਧੀ ਮੰਗ ਵੱਲ ਧਿਆਨ ਦਿਵਾਇਆ ਗਿਆ ਹੈ।



ਤਰਕ ਦਿੱਤਾ ਗਿਆ ਹੈ ਕਿ ਉੱਤਰੀ ਰਾਜਾਂ ਵਿੱਚ ਬਿਜਲੀ ਦੀ ਮੰਗ ਸਿਖਰਾਂ ਨੂੰ ਛੂਹ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮਹੀਨੇ ਯੂਪੀ ਵਿੱਚ ਬਿਜਲੀ ਦੀ ਵੱਧ ਤੋਂ ਵੱਧ ਮੰਗ 29000 ਮੈਗਾਵਾਟ ਨੂੰ ਵੀ ਪਾਰ ਕਰ ਗਈ ਸੀ ਜਦਕਿ ਪੰਜਾਬ ਵਿੱਚ ਇਹ ਮੰਗ 14000 ਮੈਗਾਵਾਟ, ਹਰਿਆਣਾ ਵਿੱਚ 12000 ਮੈਗਾਵਾਟ ਅਤੇ ਦਿੱਲੀ ਵਿੱਚ 8300 ਮੈਗਾਵਾਟ ਤੱਕ ਵੀ ਅੱਪੜ ਚੁੱਕੀ ਹੈ। ਇਸ ਮੁਸ਼ਕਲ ਨਾਲ਼ ਜੂਝਣ ਲਈ ਜਥੇਬੰਦੀ ਵੱਲੋਂ ਕੁਝ ਸੁਝਾਅ ਪੇਸ਼ ਕੀਤੇ ਗਏ ਹਨ ਜਿਸ ਦੌਰਾਨ ਕਿਹਾ ਗਿਆ ਹੈ ਕਿ ਅਗਲੇ ਦਿਨੀਂ ਝੋਨੇ ਦੀ ਬਿਜਾਈ ਦੌਰਾਨ ਪੰਜਾਬ ਵਿੱਚ ਤਾਂ ਬਿਜਲੀ ਦੀ ਮੰਗ ਹੋਰ ਵੀ ਵਧੇਗੀ। ਇਸ ਕਰਕੇ ਝੋਨੇ ਦੀ ਬਿਜਾਈ ਲਈ ਨਿਰਧਾਰਤ 28 ਜੂਨ ਤੱਕ ਕਰਨ ਦੀ ਲੋੜ ਹੈ। ਝੋਨੇ ਦੀਆਂ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਦਫ਼ਤਰਾਂ ਦਾ ਸਮਾਂ ਸਵੇਰੇ 7 ਤੋਂ ਦੁਪਹਿਰ 2 ਵਜੇ ਤੱਕ ਕੀਤਾ ਜਾਵੇ। ਵਪਾਰਕ ਅਦਾਰੇ, ਮਾਲ ਤੇ ਦੁਕਾਨਾਂ ਆਦਿ 7 ਵਜੇ ਬੰਦ ਕਰਨੀਆਂ ਯਕੀਨੀ ਬਣਾਈਆਂ ਜਾਣ। ਉਦਯੋਗਾਂ 'ਤੇ ਪੀਕ ਲੋਡ ਪਾਬੰਦੀਆਂ ਲਗਾਈਆਂ ਜਾਣ। ਕੋਈ ਵੀ ਡਿਸਟਰੀਬਿਊਸ਼ਨ ਟਰਾਂਸਫਾਰਮਰ ਆਪਣੀ ਸਮਰੱਥਾ ਦੇ 75 ਫੀਸਦੀ ਤੋਂ ਵੱਧ ਲੋਡ 'ਤੇ ਨਾ ਰਹੇ। ਇਸ ਤੋਂ ਬਿਨਾਂ ਕੁਝ ਹੋਰ ਸੁਝਾਅ ਵੀ ਨਿਰਧਾਰਤ 28 ਜੂਨ ਤੱਕ ਕਰਨ ਦੀ ਲੋੜ ਹੈ। ਝੋਨੇ ਦੀਆਂ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਦਫ਼ਤਰਾਂ ਦਾ ਸਮਾਂ ਸਵੇਰੇ 7 ਤੋਂ ਦੁਪਹਿਰ 2 ਵਜੇ ਤੱਕ ਕੀਤਾ ਜਾਵੇ। ਵਪਾਰਕ ਅਦਾਰੇ, ਮਾਲ ਤੇ ਦੁਕਾਨਾਂ ਆਦਿ 7 ਵਜੇ ਬੰਦ ਕਰਨੀਆਂ ਯਕੀਨੀ ਬਣਾਈਆਂ ਜਾਣ। ਉਦਯੋਗਾਂ 'ਤੇ ਪੀਕ ਲੋਡ ਪਾਬੰਦੀਆਂ ਲਗਾਈਆਂ ਜਾਣ। ਕੋਈ ਵੀ ਡਿਸਟਰੀਬਿਊਸ਼ਨ ਟਰਾਂਸਫਾਰਮਰ ਦਿੱਤੇ ਗਏ ਹਨ।

# ਸਮਾਜ ਸੇਵੀ ਸੰਸਥਾਵਾਂ ਵਲੋਂ ਵਿਸ਼ਵ ਵਾਤਾਵਰਨ ਦਿਵਸ ਦੇ ਸਬੰਧ ਵਿੱਚ ਬੂਟੇ ਲਗਾਉਣ ਲਈ ਅੱਗੇ ਆਉਣਾ ਸ਼ਲਾਘਾਯੋਗ: ਡੀ ਆਈ ਜੀ ਹਰਚਰਨ ਸਿੰਘ ਭੁੱਲਰ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਵੱਲੋਂ ਸਰਕਾਰੀ ਆਈ ਟੀ ਆਈ ਲੜਕਿਆ ਦੇ ਐਨ ਸੀ ਸੀ ਵਿੰਗ ਦੇ ਸਹਿਯੋਗ ਨਾਲ ਡੀ ਆਈ ਜੀ ਪਟਿਆਲਾ ਰੇਂਜ ਦੇ ਦਫ਼ਤਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਦੇ ਸਬੰਧ ਵਿੱਚ ਬੂਟੇ ਲਗਾਏ ਗਏ। ਜਿਸ ਵਿਚ ਮੁੱਖ ਮਹਿਮਾਨ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਆਈ ਪੀ ਐਸ ਜੀ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਉਦਘਾਟਨ ਡੀ ਐਸ ਪੀ ਗੁਰਬੰਸ ਸਿੰਘ ਬੈਂਸ ਨੇ ਕੀਤਾ। ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਐਸ ਆਈ ਨਵਦੀਪ ਕੌਰ ਚੈਹਿਲ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿਗ ਅਫ਼ਸਰ ਸਰਕਾਰੀ ਆਈ ਟੀ ਆਈ ਲੜਕੇ ਪਟਿਆਲਾ, ਸਟੇਟ ਐਵਾਰਡੀ ਰੁਪਿੰਦਰ ਕੌਰ, ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਐਨ ਸੀ ਸੀ ਕੈਡਿਟਸ ਕੁਨਾਲ ਨਈਅਰ, ਲਖਵਿੰਦਰ ਕੌਰ ਅੰਡਰ ਅਫ਼ਸਰ ਐਨ ਸੀ ਸੀ, ਪਰਵਿੰਦਰ ਐਨ ਐਸ ਐਸ ਵਲੰਟੀਅਰ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਦੇ ਸਬੰਧ ਵਿੱਚ ਬੂਟੇ ਲਗਾਉਣ ਦੀ ਸ਼ੁਰੂਆਤ ਕਰਨੀ ਬਹੁਤ ਹੀ ਪ੍ਰਸੰਸਾਯੋਗ ਹੈ। ਉਹਨਾਂ ਕਿਹਾ ਕਿ ਅੱਜ ਹਰ ਦਿਨ ਵੱਧਦੇ ਤਾਪਮਾਨ ਲਈ ਇਨਸਾਨ ਖੁਦ ਜ਼ਿੰਮੇਵਾਰ ਹੈ। ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਨਵੇਂ ਬੂਟੇ ਨਹੀਂ ਲਗਾਏ ਜਿਸ ਕਾਰਨ ਗੌਲਬਲ ਵਾਰਮਿਗ ਕਾਰਨ ਮਨੁੱਖ ਨੂੰ ਕੀਤੇ ਅੱਜ ਹੜ੍ਹਾਂ, ਸੋਕਾ ਆਦਿ ਕਾਰਨ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਮਨੁੱਖ ਨੂੰ ਸਾਲ ਵਿੱਚ ਪੰਜ ਰੁੱਖ ਲਗਾ ਕੇ ਉਹਨਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇ ਸਕਾਂਗੇ।

ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦੀ ਟੀਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਲਈ ਉਹੋ ਹਮੇਸ਼ਾਂ ਮਦਦ ਲਈ ਤਿਆਰ ਹਨ। ਇਸ ਮੌਕੇ ਡੀ ਆਈ ਜੀ ਦਫ਼ਤਰ ਵਿਖੇ ਪਿੱਪਲ ਦੇ ਬੂਟੇ ਲਗਾਏ ਗਏ।



ਸਮਾਜ ਸੇਵੀ ਸੰਸਥਾਵਾਂ ਵਲੋਂ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਬੂਟੇ ਲਗਾਉਂਦੇ ਹੋਏ ਨਾਲ, ਡੀ ਐਸ ਪੀ ਗੁਰਬੰਸ ਸਿੰਘ ਬੈਂਸ, ਐਸ ਆਈ ਨਵਦੀਪ ਕੌਰ ਚੈਹਿਲ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਅਤੇ ਹੋਰ ਮੈਬਰ।

# ਹਲਕੇ ਵਾਸੀਆਂ ਦੇ ਦੁੱਖ-ਸੁੱਖ ਅਤੇ ਵਿਕਾਸ ਕਾਰਜਾਂ ਲਈ ਹਰ ਵਕਤ ਤਿਆਰ ਹਾਂ :ਰਾਜਾ ਗਿੱਲ

**ਮਾਛੀਵਾੜਾ ਸਾਹਿਬ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਡਾਕਟਰ ਅਮਰ ਸਿੰਘ ਦੀ ਵੱਡੀ ਜਿੱਤੇ ਤੋਂ ਬਾਗੋ ਬਾਗ ਹੋਏ ਹਲਕਾ ਸਮਰਾਲਾ ਦੇ ਕਾਂਗਰਸ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਹ ਲੋਕਾਂ ਦੀ ਜਿੱਤ ਹੈ।

ਸੱਚ ਦੀ ਜਿੱਤ ਹੈ। ਉਹਨਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਪਿਛਲੇ ਪੰਜ ਸਾਲਾਂ ਦੇ ਦੌਰਾਨ ਭਾਵੇਂ ਹਲਕੇ ਦੇ ਵਿੱਚ ਥੋੜਾ ਸਮਾਂ ਉਹਨਾਂ ਨੂੰ ਮਿਲਿਆ ਕਿਉਂਕਿ ਕੁਝ ਸਮਾਂ ਲੌਕਡਾਊਨ ਦੇ ਕਾਰਨ ਤੇ ਉਸ ਤੋਂ ਬਾਅਦ ਕੇਂਦਰ ਦੀ ਸਰਕਾਰ ਵੱਲੋਂ ਉਹਨਾਂ ਦੇ ਫੰਡ ਰੋਕੇ ਜਾਣ ਕਾਰਨ ਖਾਲੀ ਚਲਾ ਗਿਆ। ਪਰ ਫਿਰ ਵੀ ਹਲਕੇ ਦੇ ਵੋਟਰਾਂ ਨੇ ਉਹਨਾਂ ਨੂੰ ਅਥਾਹ ਪਿਆਰ ,ਸਤਿਕਾਰ ਤੇ ਮਾਣ ਬਖ਼ਸ਼ਦੇ ਹੋਏ ਵੱਡੀ ਲੀਡ ਦੇ ਨਾਲ ਜਿਤਾਇਆ ਜਿਸ ਦੇ ਲਈ ਉਹ ਹਲਕੇ ਦੇ ਵੋਟਰਾਂ ਦੇ ਤਹਿ ਦਿਲੋਂ ਧੰਨਵਾਦੀ ਹਨ ਅਤੇ ਸਦਾ ਰਿਣੀ ਰਹਿਣਗੇ। ਉਹਨਾਂ ਮਾਛੀਵਾੜਾ ਸਾਹਿਬ ਕਾਂਗਰਸ ਪਾਰਟੀ ਦੇ ਦਫਤਰ ਵਿੱਚ ਪੁੱਜ ਕੇ ਇਲਾਕੇ ਦੇ ਇਕੱਤਰਿਤ ਹੋਏ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਖੁਸ਼ੀ ਸਾਂਝੀ ਕਰਦਿਆਂ



ਮੂੰਹ ਮਿੱਠਾ ਕਰਵਾਇਆ ਅਤੇ ਵਧਾਈਆਂ ਦਿੱਤੀਆਂ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਸੀਨੀਅਰ ਵਾਈਸ ਪ੍ਰਧਾਨ ਕਸਤੂਰੀ ਲਾਲ ਮਿੰਟੂ, ਜਗਜੀਤ ਸਿੰਘ ਪ੍ਰਿਥੀਪੁਰ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਉਹਨਾਂ ਨੂੰ ਦਿੱਤਾ ਗਿਆ ਇਹ ਮਾਣ ਉਹ ਕਦੀ ਵਿਅਰਥ ਨਹੀਂ ਜਾਣ ਦੇਣਗੇ। ਉਹ ਹਲਕੇ ਦੇ ਵਿਕਾਸ ਦੇ ਲਈ ਮੈਂਬਰ ਪਾਰਲੀਮੈਂਟ ਦੇ ਰਾਹੀਂ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਛੱਡਣਗੇ। ਉਹਨਾਂ ਕਿਹਾ ਕਿ ਫੋਕੇ ਵਾਅਦਿਆਂ ਤੇ ਲਾਰਿਆਂ ਵਾਲੀਆਂ ਪਾਰਟੀਆਂ ਨੂੰ ਲੋਕਾਂ ਨੇ ਇੱਕ ਸਿਰੇ ਤੋਂ ਨਕਾਰਦਿਆਂ ਹੋਇਆ ਇਹ ਸਾਬਿਤ ਕਰ ਦਿੱਤਾ ਹੈ ਕਿ ਲੋਕਾਂ ਦੇ ਹੱਕ ਸੱਚ ਦੇ ਲਈ ਖੜਨ ਵਾਲੀ ਤੇ ਲੜਨ ਵਾਲੀ ਇੱਕੋ ਇੱਕ ਪਾਰਟੀ ਕਾਂਗਰਸ ਪਾਰਟੀ ਹੈ। ਜਿਸ ਨੂੰ ਉਹਨਾਂ ਪੂਰੇ ਪੰਜਾਬ ਵਿੱਚ ਹੀ ਨਹੀਂ ਕੇਂਦਰ ਵਿੱਚ ਵੀ ਵੱਡਾ ਬੱਲ ਬਖਸ਼ਿਆ ਹੈ। ਇਸ ਮੌਕੇ ਰੁਪਿੰਦਰ ਸਿੰਘ ਰਾਜਾ ਗਿੱਲ ਨੂੰ ਵਧਾਈ ਦੇਣ ਵਾਲਿਆਂ ਵਿੱਚ ਇਲਾਕੇ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਬਲਾਕ ਸੰਮਤੀ ਮੈਂਬਰ ਹੋਰ ਅਹੁਦੇਦਾਰ ਆਗੂ ਤੇ ਵਰਕਰ ਪੁੱਜੇ ਹੋਏ ਸਨ। ਜਿਨ੍ਹਾਂ ਵਿੱਚ ਸਾਬਕਾ ਕੌਂਸਲਰ ਪਰਮਜੀਤ ਪੰਮੀ, ਬਲਾਕ ਮੀਡੀਆ ਇੰਚਾਰਜ ਵਨੀਤ ਕੁਮਾਰ ਝੜੌਦੀ,ਹੁਸਨ ਲਾਲ ਮੜਕਣ ,ਅਮਰਜੀਤ ਸਿੰਘ ਕਾਲਾ ,ਐਡਵੋਕੇਟ ਕਪਿਲ ਅਨੰਦ, ਵਿਜੇ ਰਾਣਾ ਹੈਡੋਂ ਬੇਟ,ਪ੍ਰਧਾਨ ਨੰਦ ਕਿਸ਼ੋਰ ,ਸੋਮਨਾਥ ਸਿਕੰਦਰਪੁਰ ,ਸਰਪੰਚ ਹਰਮੇਸ਼ ਖਾਨਪੁਰ, ਸ਼ੁਭਾਸ਼ ਬੀਟਨ , ਸੰਦੀਪ ਸਿੰਘ ਸੁੱਖਾ ਮੰਡ ਜੋਧੋਵਾਲ,ਬਲਵਿੰਦਰ ਰਾਏ ਸੋਨੀ,ਸੁਖਦੀਪ ਸਿੰਘ ਸੋਨੀ, ਅਮਨਦੀਪ ਸਿੰਘ ਗੁਰੋਂ, ਸੁਰਿੰਦਰ ਕੁਮਾਰ ਸ਼ਿੰਦੀ,ਸਰਪੰਚ ਕਿਰਪਾਲ ਸਿੰਘ, ਬਲਵਿੰਦਰ ਸਿੰਘ, ਜਸਪ੍ਰੀਤ ਸਹਿਜੋ ਮਾਜਰਾ, ਰਾਜਨ ਸਰਪੰਚ, ਡਾਕਟਰ ਸਰਪੰਚ ਸੁਰਜੀਤ ਸਿੰਘ, ਸੁਖਦੀਪ ਸਿੰਘ ਬਾਜਵਾ, ਸਰਪੰਚ ਧਰਮਪਾਲ, ਗੋਪੀ ਧਨੂੰਰ,ਰੂਬਲ ਧਨੂੰਰ, ਸਰਪੰਚ ਚਰਨਜੀਤ ਵੱਡੀ ਗਿਣਤੀ ਵਿੱਚ ਵਰਕਰ ਪੁੱਜੇ ਹੋਏ ਸਨ।

# ਹਿੰਦੂ ਤਖ਼ਤ ਤੇ ਹਿੰਦੂ ਸੁਰਕਸ਼ਾ ਪਰਿਸ਼ਦ ਸ਼ਹੀਦ ਵੀਰ ਸੈਨਿਕਾਂ ਨੂੰ ਸ਼ਰਧਾਂਜ਼ਲੀ ਦੇਵੇਗੀ ਅੱਜ



**ਪਟਿਆਲਾ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਹਿੰਦੂ ਤਖ਼ਤ ਹਿੰਦੂ ਸੁਰਕਸ਼ਾ ਪਰਿਸ਼ਦ ਅਤੇ ਬਜਰੰਗ ਦਲ ਹਿੰਦ ਦੀ ਇੱਕ ਮੀਟਿੰਗ ਹੋਈ ਜਿਸ ਵਿਚ 8 ਜੂਨ ਨੂੰ ਸ਼ਹੀਦ ਹੋਏ ਵੀਰ ਸੈਨਿਕਾਂ ਨੂੰ ਸ਼ਰਧਾਂਜ਼ਲੀ ਦੇਣ ਦਾ ਫ਼ੈਸਲਾ ਲਿਆ ਗਿਆ। ਸਵਾਮੀ ਸ਼ੰਕਰਾਨੰਦ ਗਿਰੀ ਜੀ ਨੇ ਕਿਹਾ ਕਿ ਪੰਨੂ ਵਰਗੇ ਕੁੱਝ ਸ਼ਰਾਰਤੀ ਅਨਸਰ ਵਿਦੇਸ਼ਾਂ ਵਿੱਚ ਬੈਠ ਕੇ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਨੇ। ਪੰਜਾਬ ਦੀ ਨੌਜਵਾਨ ਪੀੜੀ ਦੇ ਹੱਥ ਹਥਿਆਰ ਦੇਣਾ ਚਾਹੁੰਦੇ ਨੇ ਪਰ ਓਹ ਕਦੀ ਕਾਮਯਾਬ ਨਹੀਂ ਹੋਣਗੇ। ਖਾਲਿਸਤਾਨ ਨਾ ਬਣਿਆ ਸੀ ਤੇ ਨਾ ਹੀ ਕਦੇ ਬਣੇਗਾ। ਇਹ ਲੋਗ ਮਾਵਾਂ ਦੇ ਪੁੱਤ ਮਰਵਾ ਕੇ ਤਮਾਸ਼ਾ ਦੇਖਣ ਵਾਲੇ ਭੇੜੀਏ ਹਨ। ਰਹੀ ਸ਼੍ਰੀ ਕਾਲੀ ਮਾਤਾ ਮੰਦਰ ਦੀ ਗੱਲ਼ ਜਿਹੜਾ ਜਿਸ ਨੀਯਤ ਨਾਲ ਆਏਗਾ ਉਹਦਾ ਵਧਿਆ ਸਵਾਗਤ ਕਰਾਂਗੇ।

ਇਸ ਮੌਕੇ ਭਵਯਾ ਭਾਰਦਵਾਜ, ਪ੍ਰਧਾਨ ਬਜਰੰਗ ਦਲ ਹਿੰਦ ਸੰਦੀਪ ਕੁਮਾਰ ਵਿਸ਼ਾਲ ਪੂਰੀ, ਰੋਹਿਤ ਜਲੋਟਾ, ਗਿਤਾਂਸ਼ ਗੌਤਮ,ਸ਼ੰਕਰ ਭਾਰਦਵਾਜ , ਗੋਲਡੀ, ਯੋਗੇਸ਼ ਬਾਵਾ ਆਦਿ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ

**ਪਟਿਆਲਾ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵੱਲੋਂ ਅੱਜ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਪਟਿਆਲਾ ਮੈਡਮ ਰੁਪਿੰਦਰਜੀਤ ਚਾਹਲ ਨੇ ਜ਼ਿਲ੍ਹਾ ਕਚਹਿਰੀਆਂ ਪਟਿਆਲਾ ਦੇ ਵਿਹੜੇ ਵਿੱਚ ਪਿੱਪਲ, ਬੋਹੜ ਅਤੇ ਨਿੰਮ (ਤ੍ਰਿਵੇਣੀ) ਦੇ ਬੂਟੇ ਲਗਾਏ।

ਇਸ ਮੌਕੇ ਮੈਡਮ ਨਵਦੀਪ ਗਿੱਲ, ਸੀ.ਜੇ.ਐਮ, ਪਟਿਆਲਾ, ਸ੍ਰੀ ਅਤੁਲ ਕੰਬੋਜ, ਸਿਵਲ ਜੱਜ (ਸੀਨੀਅਰ ਡੀਵੀਜਨ), ਪਟਿਆਲਾ ਅਤੇ ਮੈਡਮ ਮੰਨੀ ਅਰੋੜਾ, ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੇ ਵੀ ਮੋਰਿੰਗਾ ਓਲੀਫੇਰਾ, ਨਿੰਮ ਆਦਿ ਦੇ ਰੁੱਖ ਲਗਾ ਕੇ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੁਨੇਹਾ ਦਿੱਤਾ।



ਮੈਡਮ ਅਰੋੜਾ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਵੱਡੀ ਗਿਣਤੀ 'ਚ ਰੁੱਖਾਂ ਦੀ ਕਟਾਈ ਨਾਲ ਪ੍ਰਦੂਸ਼ਣ ਦੇ ਪੱਧਰ 'ਚ ਵਾਧਾ ਸਾਡੇ ਮੌਸਮ 'ਚ ਅਸੰਤੁਲਨ ਪੈਦਾ ਕਰ ਰਿਹਾ ਹੈ, ਜਿਸ ਨਾਲ ਸਾਡੀ ਰੋਜ਼ਾਨਾ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਰੁੱਖ ਲਗਾਉਣ ਨਾਲ ਪ੍ਰਦੂਸ਼ਣ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਮਿਲੇਗੀ ਅਤੇ ਸਾਡੇ ਵਾਤਾਵਰਨ ਨੂੰ ਵੀ ਹਰਿਆ-ਭਰਿਆ ਬਣਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਬੂਟੇ ਲਗਾਉਣ ਦੇ ਨਾਲ-ਨਾਲ ਬੂਟੇ ਦੀ ਸਹੀ ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਜੋ ਉਹ ਪੂਰੀ ਤਰ੍ਹਾਂ ਵਧੇ ਹੋਏ ਰੁੱਖ ਬਣ ਸਕਣ। ਇਸ ਮੌਕੇ ਸ. ਪਰਮਜੀਤ ਸਿੰਘ, ਪੀ.ਐਲ.ਵੀ., ਸ਼. ਗੁਰਕੀਰਤ ਸਿੰਘ, ਪੀ.ਐਲ.ਵੀ. ਅਤੇ ਸ਼. ਜਸਪਾਲ ਸਿੰਘ, ਪੀ.ਐਲ.ਵੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦਾ ਸਟਾਫ ਵੀ ਹਾਜ਼ਰ ਸੀ।

ਇਸ ਤੋਂ ਇਲਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵੱਲੋਂ ਪੈਰਾ ਲੀਗਲ ਵਲੰਟੀਅਰਾਂ ਦੇ ਸਹਿਯੋਗ ਨਾਲ ਅਜੀਤ ਨਗਰ, ਪਟਿਆਲਾ, ਗੁਰਦੁਆਰਾ ਦੁਖਨਿਵਾਰਨ ਸਾਹਿਬ, ਪਟਿਆਲਾ, ਅਤੇ ਤ੍ਰਿਕੋਣਾ ਪਾਰਕ ਮਾਡਲ ਟਾਊਨ, ਪਟਿਆਲਾ ਦੇ ਸਾਹਮਣੇ ਨਿੰਮ, ਪਿੱਪਲ ਅਤੇ ਬੋਹੜ ਦੇ ਬੂਟੇ ਵੀ ਲਗਾਏ ਗਏ। ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵੱਲੋਂ ਪੈਰਾ ਲੀਗਲ ਵਲੰਟੀਅਰਾਂ ਦੇ ਸਹਿਯੋਗ ਨਾਲ ਜੁਡੀਸ਼ੀਅਲ ਕੋਰਟ ਕੰਪਲੈਕਸ, ਸਮਾਣਾ, ਸ੍ਰੀ ਗੁਰੂ ਤੇਗ ਬਹਾਦਰ ਨਗਰ ਨਾਭਾ ਅਤੇ ਰਾਜਪੁਰਾ ਸ਼ਹਿਰ ਵਿਖੇ ਵੀ ਬੂਟੇ ਲਗਾਏ ਗਏ।

# ਟੋਇਟਾ ਕਿਰਲੋਸਕਰ ਮੋਟਰ ਨੇ ਟੋਇਟਾ ਵਾਤਾਵਰਣ ਮਹੀਨੇ ਦੀ ਸ਼ੁਰੂਆਤ ਦਾ ਕੀਤਾ ਐਲਾਨ

**ਜਲੰਧਰ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਇਟਾ ਕਿਰਲੋਸਕਰ ਮੋਟਰ ਨੇ ਆਪਣੇ ਟੋਇਟਾ ਵਾਤਾਵਰਣ ਮਹੀਨੇ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ ਇੱਕ ਸਮਰਪਿਤ ਮਹੀਨਾ (ਜੂਨ 2024) ਹੁੰਦਾ ਹੈ ਜੋ ਕਿ ਵਾਤਾਵਰਣ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਅਤੇ ਇੱਕ ਹਰੇ, ਟਿਕਾਊ ਭਵਿੱਖ ਦੀ ਲੋੜ ਨੂੰ ਉਤਸ਼ਾਹਿਤ ਕਰਨ ਲਈ ਹੈ। ਟੋਇਟਾ ਐਨਵਾਇਰਨਮੈਂਟਲ ਚੈਲੇਂਜ 2050 (ਟੀਈਸੀ 2050) ਅਤੇ ਇਸ ਸਾਲ ਦੇ ਥੀਮ ਜ਼ਿੰਮੇਵਾਰ ਸਰੋਤਾਂ ਦੀ ਖਪਤ ਲਈ ਇਕਜੁੱਟ ਹੋਈਏ' ਦੁਆਰਾ ਆਪਣੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਵਿੱਚ ਗੁੰਝਲਦਾਰ ਢੰਗ ਨਾਲ ਬੁਣੇ ਗਏ ਵਿਭਿੰਨ ਪਹਿਲਕਦਮੀਆਂ ਦੇ ਇੱਕ ਸਮੂਹ ਦੁਆਰਾ, ਕੰਪਨੀ ਦਾ ਉਦੇਸ਼ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਅਤੇ ਕਾਰਵਾਈ ਨੂੰ ਉਤਸ਼ਾਹਿਤ ਕਰਨਾ ਹੈ। ਇਸ ਵਿੱਚ ਮੁੱਖ ਰੂਪ ਵਿੱਚ ਜਲ ਪ੍ਰਬੰਧਨ, ਰੁੱਖ ਲਗਾਉਣ ਦੇ ਨਾਲ ਕੁਦਰਤੀ ਈਕੋਸਿਸਟਮ ਦੀ ਬਹਾਲੀ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਹ ਵਿਸ਼ਵ ਪੱਧਰੀ ਵਾਤਾਵਰਣ ਦਿਵਸ 2024 ਲਈ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (ਯੂਐਨਈਪੀ) ਥੀਮ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ, ਜੋ ਕਿ ਜ਼ਮੀਨੀ ਸੁਧਾਰ, ਮਾਰੂਸਥਲੀਕਰਨ ਅਤੇ ਸੋਕੇ ਦਾ ਮੁਕਾਬਲਾ ਕਰਨ ਦੇ ਨਾਜ਼ੁਕ ਮੁੱਦਿਆਂ 'ਤੇ ਜ਼ੋਰ ਦਿੰਦਾ ਹੈ। ਟੋਇਟਾ ਕਿਰਲੋਸਕਰ ਮੋਟਰ ਦੇ ਕਾਰਜਕਾਰੀ ਉਪ ਪ੍ਰਧਾਨ ਅਤੇ ਨਿਰਮਾਣ ਨਿਰਦੇਸ਼ਕ ਸ਼੍ਰੀ ਬੀ.ਪਦਮਨਾਭ ਨੇ ਕਿਹਾ, "ਟੋਇਟਾ ਕਿਰਲੋਸਕਰ ਮੋਟਰ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਵਾਤਾਵਰਣ ਅਤੇ ਸਮਾਜਿਕ ਸਥਿਰਤਾ ਆਰਥਿਕ ਤਰੱਕੀ ਜਿੰਨੀ ਹੀ ਮਹੱਤਵਪੂਰਨ ਹੈ। ਅਸੀਂ ਉਨ੍ਹਾਂ ਛੇ ਵਾਤਾਵਰਣ ਚੁਣੌਤੀਆਂ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹਾਂ ਜਿੰਨ੍ਹਾਂ ਨੂੰ ਟੋਇਟਾ ਵਿਸ਼ਵ ਪੱਧਰ 'ਤੇ ਸੰਬੋਧਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸਾਡਾ ਧਿਆਨ ਉਤਪਾਦਾਂ ਅਤੇ ਨਿਰਮਾਣ ਕਾਰਜਾਂ ਉੱਤੇ ਹੀ ਨਹੀਂ ਹੈ ਬਲਕਿ ਸਮੁੱਚੀ ਵੈਲਯੂ ਚੇਨ 'ਤੇ ਹੈ ਇਸ ਦੇ ਨਾਲ ਹੀ ਉਨ੍ਹਾਂ ਭਾਈਚਾਰਿਆਂ ਨੂੰ ਵੀ ਵਾਪਸ ਦੇ ਰਹੇ ਹਾਂ ਜਿੱਥੇ ਅਸੀਂ ਕੰਮ ਕਰਦੇ ਹਾਂ।

# ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਅਤੇ ਸਟੇਟ ਬੈਂਕ ਆਫ ਇੰਡੀਆ ਦੇ ਕਰਮਚਾਰੀਆਂ ਲਈ ਕੈਸ਼ਲੈੱਸ ਕੈਂਸਰ ਕੇਅਰ ਲਈ ਐਮਓਯੂ ਤੇ ਦਸਤਖਤ ਕੀਤੇ



**ਨਿਊ ਚੰਡੀਗੜ੍ਹ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ (HBCH&RC) ਅਤੇ ਭਾਰਤੀ ਸਟੇਟ ਬੈਂਕ (SBI) ਨੇ ਇੱਕ ਸਹਿਯੋਗ ਨੂੰ ਰਸਮੀ ਰੂਪ ਦੇਣ ਲਈ ਤਿੰਨ ਸਾਲਾਂ ਦੇ ਸਮਝੌਤਾ ਪੱਤਰ (MoU) ਤੇ ਹਸਤਾਖਰ ਕੀਤੇ ਹਨ ਜੋ ਨਕਦ ਰਹਿਤ ਕੈਂਸਰ ਦੇਖਭਾਲ ਇਲਾਜ ਮੁਹੱਈਆ ਕਰਵਾਏਗਾ। ਇਹ ਭਾਈਵਾਲੀ SBI ਦੇ ਸਾਰੇ ਕਰਮਚਾਰੀਆਂ ਦੀ ਸਿਹਤ ਅਤੇ ਭਲਾਈ ਲਈ ਦੋਵਾਂ ਸੰਸਥਾਵਾਂ ਦੀ ਵਚਨਬੱਧਤਾ ਨੂੰ ਰੇਖਾਂਕਿਤ ਕਰਦੀ ਹੈ। ਭਾਰਤੀ ਸਟੇਟ ਬੈਂਕ, ਫਾਰਚੂਨ 500 ਕੰਪਨੀਆਂ ਦੀ ਸੂਚੀ ਦੇ ਅਧੀਨ, ਇੱਕ ਭਾਰਤੀ ਬਹੁ-ਰਾਸ਼ਟਰੀ ਜਨਤਕ ਖੇਤਰ ਦਾ ਬੈਂਕ ਅਤੇ ਵਿੱਤੀ ਸੇਵਾਵਾਂ ਦੀ ਵਿਧਾਨਕ ਸੰਸਥਾ ਹੈ। SBI ਭਾਰਤ ਦਾ ਸਭ ਤੋਂ ਵੱਡਾ ਬੈਂਕ ਹੈ, ਜਿਸ ਕੋਲ ਜਾਇਦਾਦ ਦੇ ਹਿਸਾਬ ਨਾਲ 23% ਮਾਰਕੀਟ ਸ਼ੇਅਰ ਹੈ ਅਤੇ ਕੁੱਲ ਲੋਨ ਅਤੇ ਜਮ੍ਹਾ ਬਾਜ਼ਾਰ ਦਾ 25% ਹਿੱਸਾ ਹੈ। ਭਾਰਤ ਵਿਚ ਦਸਵੇਂ ਸਭ ਤੋਂ ਵੱਡੇ ਰੁਜ਼ਗਾਰਦਾਤਾ ਦੇ ਰੂਪ ਵਿਚ, SBI ਕੋਲ ਲਗਭਗ 250,000 ਕਰਮਚਾਰੀ ਹਨ, ਜੋ ਕਿ ਇਸ ਸਮਝੌਤੇ ਦੇ ਵੱਡੀ ਗਿਣਤੀ ਵਿਚ ਲੋਕਾਂ ਤੇ ਪੈਣ ਵਾਲੇ ਮਹੱਤਵਪੂਰਨ ਪ੍ਰਭਾਵ ਤੇ ਜ਼ੋਰ ਦਿੰਦੇ ਹਨ।

ਇਸ ਐਮਓਯੂ ਦੇ ਜ਼ਰੀਏ, SBI ਦੇ ਕਰਮਚਾਰੀਆਂ ਨੂੰ ਨਿਊ ਚੰਡੀਗੜ੍ਹ ਵਿਚ HBCH&RC ਵਿਖੇ ਨਕਦ ਰਹਿਤ ਮੈਡੀਕਲ ਸਹੂਲਤਾਂ ਦੀ ਪਹੁੰਚ ਹੋਵੇਗੀ। ਇਸ ਸਮਝੌਤੇ ਦਾ ਉਦੇਸ਼ ਕੈਂਸਰ ਦੇ ਇਲਾਜ ਤੋਂ ਗੁਜ਼ਰ ਰਹੇ SBI ਕਰਮਚਾਰੀਆਂ ਤੇ ਵਿੱਤੀ ਬੋਝ ਨੂੰ ਘੱਟ ਕਰਨਾ ਹੈ।

ਇਹ ਯਕੀਨੀ ਬਣਾਉਣਾ ਕਿ ਉਹ ਅਗਾਊਂ ਭੁਗਤਾਨਾਂ ਦੇ ਤਣਾਅ ਤੋਂ ਬਿਨਾਂ ਸਭ ਤੋਂ ਵਧੀਆ ਸੰਭਵ ਦੇਖਭਾਲ ਪ੍ਰਾਪਤ ਕਰ ਸਕਣ। ਹਸਤਾਖਰ ਸਮਾਰੋਹ ਵਿਚ ਦੋਵਾਂ ਸੰਸਥਾਵਾਂ ਦੇ ਮਾਣਯੋਗ ਅਧਿਕਾਰੀ ਹਾਜ਼ਰ ਸਨ।

ਐਸਬੀਆਈ ਦੀ ਨੁਮਾਇੰਦਗੀ ਕਰ ਰਹੇ ਸਨ: ਵਿਕਾਸ ਗੁਪਤਾ, ਰੀਜਨਲ ਮੈਨੇਜਰ ਚੰਡੀਗੜ੍ਹ ਆਰ.ਬੀ.ਓ.ਰਵੀ ਕੁਮਾਰ, ਮੈਨੇਜਰ ਐਚ.ਆਰ ਅਤੇ ਐਡਮਿਨ ਆਰਬੀਓ ਚੰਡੀਗੜ੍ਹ, ਪ੍ਰਦੀਪ ਕੁਮਾਰ ਝਾਅ, ਚੀਫ਼ ਮੈਨੇਜਰ ਆਈ.ਆਰ. ਚੰਡੀਗੜ੍ਹ ਸਰਕਲ, ਕਾਜਲ ਕੁਮਾਰ ਭੌਮਿਕ, ਡੀਜੀਐਮ ਸੀਡੀਓ ਚੰਡੀਗੜ੍ਹ ਸਰਕਲ HBCH&RC ਨੂੰ ਇਹਨਾਂ ਦੁਆਰਾ ਦਰਸਾਇਆ ਗਿਆ ਸੀ: ਡਾ: ਅਸ਼ੀਸ਼ ਗੁਲੀਆ, ਡਾਇਰੈਕਟਰ, , ਪੰਜਾਬ, ਮਾਧੋ ਸਿੰਘ, ਡਾਇਰੈਕਟਰ ਪ੍ਰਸ਼ਾਸਨ, ਕੇਸ਼ਵ ਸ਼ਰਮਾ, ਡਿਪਟੀ ਕੰਟਰੋਲਰ ਆਫ ਅਕਾਊਂਟਸ, ਮਿਹਰ ਆਰ ਪਾਂਡਾ, ਡਿਪਟੀ ਐਡਮਿਨ ਅਫਸਰ। ਇਸ ਮੌਕੇ ਤੇ ਬੋਲਦੇ ਹੋਏ, ਪੰਜਾਬ ਦੇ ਡਾਇਰੈਕਟਰ ਡਾ. ਅਸ਼ੀਸ਼ ਗੁਲੀਆ ਨੇ ਕਿਹਾ ਸਾਨੂੰ SBI ਦੇ ਨਾਲ ਸਾਂਝੇਦਾਰੀ ਕਰਕੇ ਉਹਨਾਂ ਦੇ ਕਰਮਚਾਰੀਆਂ ਨੂੰ ਸਾਡੀਆਂ ਵਿਆਪਕ ਕੈਂਸਰ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਿਚ ਖੁਸ਼ੀ ਹੋ ਰਹੀ ਹੈ। ਇਹ ਗਠਜੋੜ ਮਿਆਰੀ ਕੈਂਸਰ ਦੇ ਇਲਾਜ ਨੂੰ ਪਹੁੰਚਯੋਗ ਅਤੇ ਕਿਫਾਇਤੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਸ਼. ਵਿਕਾਸ ਗੁਪਤਾ, ਖੇਤਰੀ ਮੈਨੇਜਰ ਚੰਡੀਗੜ੍ਹ RBO ਨੇ ਟਿੱਪਣੀ ਕੀਤੀ, ਸਾਡੇ ਕਰਮਚਾਰੀਆਂ ਦੀ ਸਿਹਤ ਅਤੇ ਤੰਦਰੁਸਤੀ ਸਾਡੇ ਲਈ ਬਹੁਤ ਮਹੱਤਵ ਰੱਖਦੀ ਹੈ। HBCH&RC ਨਾਲ ਇਹ ਸਮਝੌਤਾ ਸਾਡੇ ਸਟਾਫ਼ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਇਹ ਯਕੀਨੀ ਬਣਾਉਂਦਾ ਹੈ ਕਿ ਉਹ ਆਪਣੇ ਤੇ ਵਿੱਤੀ ਰੁਕਾਵਟਾਂ ਦੀ ਚਿੰਤਾ ਕੀਤੇ ਬਿਨਾਂ ਧਿਆਨ ਕੇਂਦਰਿਤ ਕਰ ਸਕਣ।

ਇਹ ਸਮਝੌਤਾ SBI ਕਰਮਚਾਰੀਆਂ ਲਈ ਸਿਹਤ ਸੰਭਾਲ ਲਾਭਾਂ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਪਲ ਹੈ, ਅੱਜ ਦੇ ਕੰਮ ਦੇ ਮਾਹੌਲ ਵਿਚ ਪਹੁੰਚਯੋਗ ਅਤੇ ਕਿਫਾਇਤੀ ਸਿਹਤ ਸੰਭਾਲ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸ ਭਾਈਵਾਲੀ ਰਾਹੀਂ, HBCH&RC ਅਤੇ SBI ਭਾਰਤ ਵਿਚ ਕਾਰਪੋਰੇਟ ਜ਼ਿੰਮੇਵਾਰੀ ਅਤੇ ਕਰਮਚਾਰੀ ਭਲਾਈ ਲਈ ਇੱਕ ਮਾਪਦੰਡ ਸਥਾਪਤ ਕਰ ਰਹੇ ਹਨ।

# ਸਰਕਾਰੀ ਆਈ ਟੀ ਆਈ ਲੜਕਿਆਂ ਵਿਖੇ ਪ੍ਰਿੰਸੀਪਲ ਹਰਦੀਪ ਕੁਮਾਰ ਟੌਹੜਾ ਦੀ ਅਗਵਾਈ ਹੇਠ ਚਲਾਈ ਪਲਾਸਟਿਕ ਮੁਕਤ ਮੁਹਿੰਮ



ਸਰਕਾਰੀ ਆਈ ਟੀ ਆਈ ਲੜਕਿਆਂ ਦੇ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ, ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਉਪਕਾਰ ਸਿੰਘ ਆਈ ਟੀ ਆਈ ਨੂੰ ਪਲਾਸਟਿਕ ਮੁਕਤ ਕਰਨ ਤਹਿਤ ਸਫਾਈ ਕਰਦੇ ਹੋਏ।

**ਪਟਿਆਲਾ, 8 ਜੂਨ-**
**-ਅਮਰਜੀਤ ਸਿੰਘ ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਆਈ ਟੀ ਆਈ ਲੜਕਿਆਂ ਵਿਖੇ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਦੀ ਸਰਪ੍ਰਸਤੀ ਹੇਠ ਐਨ ਸੀ ਸੀ ਕੈਡਿਟਸ,ਐਨ ਐਸ ਐਸ ਵਲੰਟੀਅਰਜ਼ ਅਤੇ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ ਦੇ ਸਹਿਯੋਗ ਨਾਲ ਵਿਸ਼ਵ ਵਾਤਾਵਰਨ ਦਿਵਸ ਦੇ ਸਬੰਧ ਸਰਕਾਰੀ ਆਈ ਟੀ ਆਈ ਲੜਕਿਆਂ ਨਾਭਾ ਰੋਡ ਪਟਿਆਲਾ ਨੂੰ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਅਤੇ ਟ੍ਰੇਨਿੰਗ ਅਫ਼ਸਰ ਦੀ ਅਗਵਾਈ ਹੇਠ ਪਲਾਸਟਿਕ ਮੁਕਤ ਪਾਰਕ ਕਰਨ ਲਈ ਮੁਹਿੰਮ ਚਲਾਈ ਗਈ। ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਝ ਕੇਂਦਰ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਟ੍ਰੇਨਿੰਗ ਅਫ਼ਸਰ ਸੁਖਵੰਤ ਸਿੰਘ , ਉਪਕਾਰ ਸਿੰਘ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਨੇ ਕਿਹਾ ਕਿ ਆਈ ਟੀ ਆਈ ਵਿਖੇ ਵਿਦਿਆਰਥੀਆਂ ਵਲੋਂ ਵੱਖ ਵੱਖ ਥਾਵਾਂ ਉਪਰ ਬਿਸਕੁਟਾਂ, ਚਿੱਪਸ, ਪਾਣੀ ਦੀਆਂ ਬੋਤਲਾਂ ਅਤੇ ਹੋਰ ਪਲਾਸਟਿਕ ਦੇ ਲਿਫ਼ਾਫ਼ਿਆਂ ਨੂੰ ਸੁੱਟ ਜਾਂਦੇ ਹਨ। ਉਹਨਾਂ ਕਿਹਾ ਕਿ ਇਕ ਪਲਾਸਟਿਕ ਦਾ ਲਿਫ਼ਾਫ਼ਾ ਤਿੰਨ ਸੌ ਸਾਲ ਤੱਕ ਨਹੀਂ ਗੱਲਦਾ। ਇਸ ਨਾਲ ਅਨੇਕਾਂ ਭਿਆਨਕ ਬਿਮਾਰੀਆਂ ਲੱਗ ਸਕਦੀਆਂ ਹਨ ਅਤੇ ਪਲਾਸਟਿਕ ਨਾਲ ਕੈਂਸਰ ਬਹੁਤ ਛੇਤੀ ਫੈਲਦਾ ਹੈ। ਉਹਨਾਂ ਕਿਹਾ ਕਿ ਸਰਕਾਰੀ ਆਈ ਟੀ ਆਈ ਨੂੰ ਪਲਾਸਟਿਕ ਮੁਕਤ ਕਰਨ ਲਈ ਸਾਰੇ ਵਿਦਿਆਰਥੀਆਂ ਨੂੰ ਥਾਂ-ਥਾਂ ਉਧਰ ਪਲਾਸਟਿਕ ਨਾ ਸੁੱਟਣ ਲਈ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਆਈ ਟੀ ਆਈ ਵਿਚੋਂ ਪਲਾਸਟਿਕ ਨੂੰ ਇੱਕਤਰ ਕੀਤਾ ਗਿਆ।

# ਸਰਕਾਰੀ ਮੁਲਾਜ਼ਮਾਂ ਤੇ ਪੈਨਸਨਰਾਂ ਦੀ ਨਰਾਜ਼ਗੀ ਵੀ ਬਣੀ ਆਪ ਦੀ ਹਾਰ ਦਾ ਕਾਰਨ

**ਪਟਿਆਲਾ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁਲਾਜ਼ਮਾਂ ਤੇ ਤਨਖਾਹ ਕਮਿਸ਼ਨ ਨੂੰ ਪੂਰਨ ਰੂਪ ਵਿੱਚ ਲਾਗੂ ਨਾ ਕਰਨਾ, ਡੀਏ ਦੀਆਂ ਬਕਾਇਆ ਕਿਸਤਾਂ ਅਤੇ ਪਿਛਲੇ ਬਕਾਏ ਦੇਣ ਵਰਗੇ ਮਸਲੇ ਤੇ ਪੰਜਾਬ ਸਰਕਾਰ ਵੱਲੋਂ ਧਾਰੀ ਚੁੱਪ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਅੰਦਰ ਆਪ ਸਰਕਾਰ ਪ੍ਰਤੀ ਵੱਡਾ ਗੁੱਸਾ ਹੈ। ਕਿਤੇ ਨਾ ਕਿਤੇ ਆਪ ਉਮੀਦਵਾਰਾਂ ਦੀ ਹਾਰ ਦਾ ਕਾਰਨ ਨਰਾਜ ਮੁਲਾਜ਼ਮ ਤੇ ਪੈਨਸ਼ਨਰ ਵੀ ਹਨ।ਮੁਲਾਜਮ ਆਗੂ ਦਰਸ਼ਨ ਬੈਲੂ ਮਾਜਰਾ ਨੇ ਕਿਹਾ ਕਿ ਮੁਖ ਮੰਗਾਂ ਕੱਚੇ ਕਾਮੇ ਪੱਕੇ ਨਾ ਕਰਨਾ, ਪੁਰਾਣੀ ਪੈਨਸਨ ਤੋ ਪਾਸਾ ਵੱਟਣਾ ,ਜਿੰਨਾ ਤੇ ਪਹਿਲਾਂ ਕੇਂਦਰੀ ਤਨਖਾਹ ਕਮਿਸ਼ਨ ਧੱਕੇ ਨਾਲ ਠੋਸਿਆ ਗਿਆ। ਪਰ ਹੁਣ ਸਿਤਮ ਜਰੀਫੀ ਇਹ ਹੈ ਕਿ ਹੁਣ ਤੱਕ ਕੇਂਦਰ ਨੇ ਆਪਣੇ ਮੁਲਾਜ਼ਮਾਂ ਨੂੰ 50% ਡੀ ਏ ਦਿੱਤਾ ਹੋਇਆ ਹੈ ਪਰ ਪੰਜਾਬ ਦੇ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਨੇ ਸਿਰਫ 38% ਦਿੱਤਾ ਹੈ। ਚੋਣ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੁਲਾਜ਼ਮ ਤੇ ਪੈਨਸਨਰ ਸਰਕਾਰ ਖਿਲਾਫ ਆਪਣਾ ਗੁੱਸਾ ਕੱਢਣ ਲਈ ਖੁੱਲ ਕੇ ਭੁਗਤੇ ਹਨ।

# ਹੰਕਾਰੀ ਦਾ ਹੰਕਾਰ ਤੋੜਨ ਵਿੱਚ ਰਾਮਗੜ੍ਹੀਆ ਪਰਿਵਾਰ ਹੋਏ ਕਾਮਯਾਬ: ਹਰਜੀਤ ਸਿੰਘ ਰਾਮਗੜ੍ਹੀਆ

## ਰਾਮਗੜ੍ਹੀਆ ਨੇ ਲਾਲਜੀਤ ਭੁੱਲਰ ਦੀ ਹਾਰ ਉਪਰੰਤ ਮੁੜ ਸਜਾਈ ਦਸਤਾਰ

**ਅੰਮ੍ਰਿਤਸਰ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਨੇ ਰਾਮਗੜ੍ਹੀਆ ਬੁੰਗਾ ਅੰਮ੍ਰਿਤਸਰ ਸਾਹਿਬ ਵਿਖੇ ਆਪਣੇ ਸਿਰ ਉਤੇ ਅੱਜ ਸਜਾਈ ਦਸਤਾਰ। ਪਿਛਲੇ ਦਿਨੀਂ ਲੋਕ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਅੰਦਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਪੰਜਾਬ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਚੋਣ ਪ੍ਰਚਾਰ ਦੌਰਾਨ ਰਾਮਗੜ੍ਹੀਆ ਭਾਈਚਾਰੇ ਪ੍ਰਤੀ ਭੱਦੀ ਸ਼ਬਦਾਵਲੀ ਵਰਤੀ ਸੀ।

ਮੁੱਖ ਮੰਤਰੀ ਪੰਜਾਬ ਦੇ ਨਾਮ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਨੇ ਮੰਗ ਪੱਤਰ ਦਿੱਤਾ ਸੀ। ਇਸ ਮੰਗ ਪੱਤਰ ਰਾਹੀਂ ਜਥੇਬੰਦੀ ਦੀ ਮੰਗ ਸੀ ਕਿ ਲਾਲਜੀਤ ਸਿੰਘ ਭੁੱਲਰ ਦੀ ਟਿਕਟ ਕੈਂਸਲ ਕੀਤੀ ਜਾਵੇ, ਮੰਤਰੀ ਪਦ ਤੋਂ ਹਟਾਇਆ ਜਾਵੇ। ਬਰਾਦਰੀ ਪ੍ਰਤੀ ਬੋਲੀ ਭੱਦੀ ਸ਼ਬਦਾਬਲੀ ਬਦਲੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਬੰਦੀ ਨੂੰ ਅਣਦੇਖਿਆ ਕੀਤਾ, ਕੋਈ ਸੁਣਵਾਈ ਨਹੀਂ ਹੋਈ।

ਹੰਕਾਰੀ ਮੰਤਰੀ ਲਾਲਜੀਤ ਭੁੱਲਰ ਦਾ ਹੰਕਾਰ ਤੋੜਨ ਲਈ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਦੀ ਅਗਵਾਈ ਹੇਠ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਦੀਆਂ ਟੀਮਾਂ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਅੰਦਰ ਹੰਕਾਰੀ ਮੰਤਰੀ ਲਾਲਜੀਤ ਭੁੱਲਰ ਨੂੰ ਵੋਟ ਨਾ ਪਾਉਣ ਲਈ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ। ਜੀਰਾ, ਮੱਖੂ, ਸੁਲਤਾਨਪੁਰ ਲੋਧੀ, ਕਪੂਰਥਲਾ, ਖਡੂਰ ਸਾਹਿਬ, ਬਾਬਾ ਬਕਾਲਾ, ਰਈਆ, ਜੰਡਿਆਲਾ ਗੁਰੂ, ਤਰਨਤਾਰਨ, ਪੱਟੀ, ਵਲਟੋਹਾ, ਖੇਮਕਰਨ, ਭਿਖੀਵਿੰਡ ਅੰਦਰ ਰਾਮਗੜ੍ਹੀਆ ਭਾਈਚਾਰੇ ਨਾਲ ਕੌਮੀ ਸੰਚਾਲਕ ਵੱਲੋਂ ਮੀਟਿੰਗਾਂ ਕੀਤੀਆਂ ਗਈਆਂ। ਉਸ ਉਪਰੰਤ

ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਰਾਮਗੜ੍ਹੀਆ ਪਰਿਵਾਰ ਦਾ ਇਤਿਹਾਸਕ ਪਿੰਡ ਸੁਰ ਸਿੰਘ ਵਿਖੇ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਨੇ ਆਪਣੀ ਕੌਮ ਅੱਗੇ ਬੇਨਤੀ ਕੀਤੀ ਕਿ ਹੰਕਾਰੀ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਹੰਕਾਰ ਤੋੜਨਾ ਅਤਿ ਜ਼ਰੂਰੀ ਹੈ। ਕੋਈ ਵੀ ਰਾਮਗੜ੍ਹੀਆ ਪਰਿਵਾਰ ਇਸ ਨੂੰ ਵੋਟ ਨਾ ਪਾਵੇ। ਉਹਨਾਂ ਇਸ ਮੌਕੇ ਆਪਣੀ ਕੌਮ ਲਈ ਆਪਣੇ ਸਿਰ ਉੱਤੋਂ ਦਸਤਾਰ ਉਤਾਰ ਕੇ ਕਿਹਾ ਮੈ ਹੰਕਾਰੀ ਮੰਤਰੀ ਦਾ ਹੰਕਾਰ ਤੋੜਨ ਉਪਰੰਤ ਹੀ ਆਪਣੇ ਸਿਰ ਉਤੇ ਦਸਤਾਰ ਸਜਾਵਾਂਗਾ।

ਅੱਜ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਅਕਾਲ ਤਖਤ ਸਾਹਿਬ ਵਿਖੇ ਸੂਬਾ ਆਗੂਆਂ ਸਮੇਤ ਮੱਥਾ ਟੇਕਣ ਪਹੁੰਚੇ ਉਸ ਉਪਰੰਤ ਉਹਨਾਂ ਨੇ ਰਾਮਗੜ੍ਹੀਆ ਬੁੰਗਾ ਅੰਮ੍ਰਿਤਸਰ ਸਾਹਿਬ ਵਿਖੇ ਆਪਣੇ ਸਿਰ ਉਤੇ ਦਸਤਾਰ ਸਜਾਈ ਅਤੇ ਕਿਹਾ ਹੰਕਾਰੀਆ ਦਾ ਹੰਕਾਰ ਤੋੜਨਾ ਸਾਨੂੰ ਸਾਡੇ ਵਿਰਸੇ ਵਿੱਚ ਮਿਲਿਆ ਹੈ। ਆਪਣੀ ਕੌਮ ਲਈ ਉਹ ਆਪਣਾ ਸੀਸ ਵੀ ਲਹਾਉਣ ਲਈ ਤਿਆਰ ਹਨ।

ਉਹਨਾਂ ਕਿਹਾ ਕਿਸੇ ਨੂੰ ਕਿਸੇ ਵੀ ਜਾਤੀ ਪ੍ਰਤੀ ਕੋਈ ਵੀ ਭੱਦੀ ਸ਼ਬਦਾਵਲੀ ਨਹੀ ਬੋਲਣੀ ਚਾਹਦੀ। ਸਾਨੂੰ ਸਭ ਧਰਮਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਆਪਣੀ ਭਾਈਚਾਰਕ ਸਾਂਝ ਰੱਖਣੀ ਚਾਹੀਦੀ ਹੈ। ਪਹੁੰਚੀਆਂ ਜ਼ਿਲ੍ਹਾ ਟੀਮਾਂ ਨੇ ਹਰਜੀਤ ਸਿੰਘ ਰਾਮਗੜ੍ਹੀਆ ਨੂੰ ਦਸਤਾਰਾਂ ਭੇਂਟ ਕੀਤੀਆਂ ਅਤੇ ਵਿਧਾਨ ਸਭਾ ਹਲਕੇ ਤੋਂ ਪਹੁੰਚੇ ਰਾਮਗੜ੍ਹੀਆ ਭਾਈਚਾਰੇ ਨੇ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਤਸਵੀਰ ਭੇਂਟ ਕਰ ਅਤੇ ਸਿਰਪਾਓ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਸੂਬਾ ਚੇਅਰਮੈਨ ਜਗਜੀਤ ਸਿੰਘ ਸੱਗੂ, ਸੂਬਾ ਪ੍ਰਧਾਨ ਬਲਵਿੰਦਰ ਸਿੰਘ ਕਲਸੀ, ਕੰਵਰਬੀਰ ਸਿੰਘ ਮੰਜਿਲ ਮੁੱਖ ਬੁਲਾਰਾ ਪੰਜਾਬ, ਗੁਰਜੰਟ ਸਿੰਘ ਧੀਮਾਨ, ਗੁਰਵਿੰਦਰ ਸਿੰਘ ਦਿਓਸੀ, ਧਰਮਜੀਤ ਸਿੰਘ ਜੰਡੂ, ਜਰਨੈਲ ਸਿੰਘ ਸੱਗੂ, ਸੁਖਵਿੰਦਰ ਸਿੰਘ ਸੁਖੀ, ਹਰਮੇਸ਼ ਸਿੰਘ, ਬਲਜੀਤ ਸਿੰਘ ਬਾਂਸਲ, ਗੁਰਵਿੰਦਰ ਸਿੰਘ ਮਠਾੜੂ, ਠੇਕੇਦਾਰ ਨਿਰਮਲ ਸਿੰਘ, ਠੇਕੇਦਾਰ ਸੁਖਪਾਲ ਸਿੰਘ ਅਲੀਸੇਰ, ਸੁਖਦੇਵ ਸਿੰਘ ਰੁਪਾਲ, ਅੰਤਰਪਾਲ ਸਿੰਘ ਰੁਪਾਲ, ਬਲਵੰਤ ਸਿੰਘ ਰਾਮਗੜ੍ਹੀਆ, ਨਿਰੰਜਨ ਸਿੰਘ , ਗੁਰਸੇਵਕ ਸਿੰਘ, ਮੁਸਤਫਾ ਸਿੰਘ, ਹਰਜਿੰਦਰ ਸਿੰਘ ਦੋਦਾ, ਗੁਰਦਿਤਾ ਸਿੰਘ, ਮੁਕੰਦ ਸਿੰਘ ਰਾਮਗੜ੍ਹੀਆ , ਜਰਨੈਲ ਸਿੰਘ ਮਠਾੜੂ, ਜਸਪ੍ਰੀਤ ਸਿੰਘ, ਨਰਿੰਦਰ ਸਿੰਘ ਸੋਹਲ, ਗੁਰਮੇਲ ਸਿੰਘ, ਜਗਸੀਰ ਸਿੰਘ ਧੀਮਾਨ, ਰਣਜੀਤ ਸਿੰਘ ਅਤੇ ਮੈਂਬਰ ਸਾਹਿਬਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਸ੍ਰੀ ਕੇਦਾਰ ਨਾਥ ਮੰਦਿਰ ਪਟਿਆਲਾ 'ਚ ਮਾਸਿਕ ਸ਼ਿਵਰਾਤਰੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ

**ਪਟਿਆਲਾ, 8 ਜੂਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਮੰਦਿਰ ਪਟਿਆਲਾ ਵਿਖੇ ਤਰੋਸ਼ਧੀ (ਮਾਸਿਕ ਸ਼ਿਵਰਾਤਰੀ) ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੰਦਿਰ ਸ੍ਰੀ ਕੇਦਾਰ ਨਾਥ ਦੇ ਗਾਰਡ ਜੁਗਲ ਕਿਸ਼ੋਰ ਦੀ ਬੇਟੀ ਪਰੀ ਦਾ ਜਨਮ ਦਿਨ ਸੀ। ਇਸ ਮੌਕੇ ਕੇਕ ਕੱਟ ਕੇ ਪਰੀ ਦਾ ਜਨਮ ਦਿਨ ਮਨਾਇਆ ਗਿਆ ਅਤੇ ਬਾਅਦ ਵਿੱਚ ਸਾਰੀ ਸੰਗਤ ਨੂੰ ਲੰਗਰ ਵਰਤਾਇਆ ਗਿਆ।

ਇਸ ਮੌਕੇ ਬੱਚਿਆਂ ਦੇ ਖੇਡਣ ਲਈ ਝੂਲੇ ਵੀ ਮੰਦਿਰ ਸ੍ਰੀ ਕੇਦਾਰ ਨਾਥ ਜੀ ਮੱਥੁਰਾ ਕਾਲੋਨੀ ਪਟਿਆਲਾ ਵਿਖੇ ਲਗਾਏ ਗਏ। ਹਰ ਮਹੀਨੇ ਤਰੋਸ਼ਧੀ ਦੇ ਤਿਉਹਾਰ ਤੇ ਜਿਹੜੇ ਵੀ ਬੱਚਿਆਂ ਜਾਂ ਵੱਡਿਆ ਦਾ ਜਨਮ ਦਿਨ ਜਾਂ ਵਿਆਹ ਦੀ ਸਾਲਗਿਰਾ ਹੋਵੇਗੀ ਉਹਨ੍ਹਾਂ ਦਾ ਪ੍ਰੋਗਰਾਮ ਵੀ ਮੰਦਿਰ ਸ੍ਰੀ ਕੇਦਾਰ ਨਾਥ ਪਟਿਆਲਾ ਵਿਖੇ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਦੇ ਸਰਪ੍ਰਸਤ ਸਤਨਾਮ ਹਸੀਜਾ ਜੀ ਵਲੋਂ ਕੇਕ ਲਿਆ ਕੇ ਮਨਾਇਆ ਜਾਵੇਗਾ ਬਾਅਦ ਵਿੱਚ ਕੇਕ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ ਅਤੇ ਭੰਡਾਰਾ ਵਰਤੇਗਾ। ਇਸ ਮੌਕੇ ਸੁਧਾਰ ਸਭਾ ਦੇ ਸਾਰੇ ਮੈਂਬਰ ਮੌਜੂਦ ਸਨ। ਸੁਧਾਰ ਸਭਾ ਹਰ ਸੋਮਵਾਰ ਨੂੰ ਸ਼ਾਮ ਨੂੰ ਮਹਿਲਾ ਕੀਰਤਨ ਕਰਵਾਉਂਦੀ ਹੈ ਅਤੇ ਬਾਅਦ ਵਿੱਚ ਖੀਰ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ।



## ਤੁਹਾਡੀ ਸਿਹਤ

# ਕੁਦਰਤ ਦਾ ਵਰਦਾਨ ਮੇਥੀ



- ਡਾ. ਹਰਸ਼ਿੰਦਰ ਕੌਰ

ਇੱਕ ਮੈਡੀਕਲ ਕਾਨਫਰੰਸ ਵਿੱਚ ਇੱਕ ਨਵੀਂ ਦਵਾਈ ਬਾਰੇ ਦੱਸਿਆ ਗਿਆ ਕਿ ਇਹ ਸ਼ੱਕਰ ਰੋਗੀਆਂ ਲਈ ਬਹੁਤ ਫ਼ਾਇਦੇਮੰਦ ਸਾਬਤ ਹੋ ਰਹੀ ਹੈ। ਉਸ ਦਵਾਈ ਦਾ ਨਾਂ ਸੀ 'ਫੈਨਫਿਊਰੋ'। ਕਾਨਫਰੰਸ ਦੇ ਅੰਤ ਵਿੱਚ ਦੱਸਿਆ ਗਿਆ ਕਿ ਇਹ ਦਵਾਈ ਮੇਥੀ ਤੋਂ ਬਣਾਈ ਗਈ ਹੈ, ਜਿਸਨੂੰ ਸੁਣ ਕੇ ਸਾਰੇ ਜਣੇ ਹੈਰਾਨ ਰਹਿ ਗਏ ਕਿ ਇਹ ਨਿੱਕੀਆਂ ਜਿਹੀਆਂ ਹਰੀਆਂ ਪੱਤੀਆਂ ਏਨੀਆਂ ਲਾਹੇਵੰਦ ਕਿਵੇਂ ਹੋ ਸਕਦੀਆਂ ਹਨ? ਉਸ ਕਾਨਫਰੰਸ ਤੋਂ ਬਾਅਦ ਅਮਰੀਕਾ ਵਿੱਚ ਵਰਤੇ ਜਾ ਰਹੇ 'ਫੇਸ ਪੈਕ' ਵਿਖਾਏ ਗਏ, ਜੋ ਮੂੰਹ ਉੱਤੇ ਬਣ ਰਹੇ ਬਲੈਕ ਹੈੱਡਜ਼, ਫਿੰਸੀਆਂ, ਕਿਲ, ਝੁਰੜੀਆਂ ਆਦਿ ਲਈ ਕਮਾਲ ਦਾ ਅਸਰ ਵਿਖਾ ਰਹੇ ਸਨ ਤੇ ਅਮਰੀਕੀ ਔਰਤਾਂ ਦੀ ਪਹਿਲੀ ਪਸੰਦ ਬਣ ਚੁੱਕੇ ਸਨ। ਉਨ੍ਹਾਂ ਵਿੱਚ ਅਸਲ ਚੀਜ਼ 'ਮੇਥੀ' ਸੀ! ਉੱਥੋਂ ਦੇ ਕਈ ਬਿਊਟੀ ਕਲੀਨਿਕ ਮੇਥੀ ਦੇ ਬੀਜ (ਮੇਥਰੇ) ਪਾਣੀ ਵਿੱਚ ਉਬਾਲ ਕੇ ਉਸ ਨਾਲ ਆਪਣੀਆਂ ਗਾਹਕ ਔਰਤਾਂ ਦਾ ਮੂੰਹ ਚੰਗੀ ਤਰ੍ਹਾਂ ਧੋ ਕੇ, ਤਾਜ਼ੀ ਮੇਥੀ ਦਾ ਲੇਪ ਵੀਹ ਮਿੰਟ ਲਈ ਮੂੰਹ ਉੱਤੇ ਲਾ ਦਿੰਦੇ ਹਨ। ਇਹ ਝੁਰੜੀਆਂ ਅਤੇ ਮੁਹਾਸਿਆਂ ਵਾਸਤੇ ਕਮਾਲ ਦਾ ਅਸਰ ਵਿਖਾਉਂਦੀ ਹੈ। ਵਾਲਾਂ ਲਈ ਵੀ ਮੇਥੀ ਤੋਂ ਬਣੇ ਸ਼ੈਂਪੂ ਸਭ ਤੋਂ ਮਹਿੰਗੇ ਵਿਕਦੇ ਹਨ। ਸਿਕਰੀ ਅਤੇ ਵਾਲ ਝੜਨ ਤੋਂ ਰੋਕਣ ਲਈ ਮੇਥੀ ਦੀ ਵਰਤੋਂ ਜ਼ੋਰਾਂ ਉੱਤੇ ਹੈ। ਭਾਵੇਂ ਰੋਜ਼ ਖਾਧੀ ਜਾਵੇ ਅਤੇ ਭਾਵੇਂ ਵਾਲਾਂ ਉੱਤੇ ਪੇਸਟ ਬਣਾ ਕੇ ਲਾ ਲਈ ਜਾਵੇ, ਇਸ ਨਾਲ ਹੌਲੀ-ਹੌਲੀ ਵਾਲ ਲਿਸ਼ਕਵੇਂ ਤੇ ਕਾਲੇ ਹੋਣ ਲੱਗ ਪੈਂਦੇ ਹਨ। ਵਾਲਾਂ ਅਤੇ ਚਮੜੀ ਵਿੱਚ ਮੇਥੀ ਦੀ ਏਨੀ ਜ਼ਿਆਦਾ ਵਰਤੋਂ ਕਈ ਵਾਰ ਤਾਂ ਸ਼ੱਕ ਹੀ ਪਾ ਦਿੰਦੀ ਹੈ ਕਿ ਇਹ ਖਾਣ ਦੀ ਚੀਜ਼ ਹੈ ਵੀ ਕਿ ਸਿਰਫ਼ ਲਾਉਣ ਵਾਲੀ ਹੀ ਹੈ। ਮੇਥੀ ਦੇ ਲਾਭ ਇੰਜ ਹਨ:

➢ ਮੇਥੀ ਦੇ ਬੀਜ ਪਾਣੀ ਵਿੱਚ ਉਬਾਲ ਕੇ ਅਤੇ ਰਾਤ ਭਰ ਖੋਪੇ ਦੇ ਤੇਲ ਵਿੱਚ ਭਿਉਂ ਕੇ ਰੱਖ ਕੇ ਉਸ ਨਾਲ ਰੋਜ਼ ਹਲਕੀ ਹਲਕੀ ਸਿਰ ਦੀ ਮਾਲਿਸ਼ ਕਰਨ ਨਾਲ ਵਾਲ ਝੜਨੇ ਵੀ ਰੁਕਦੇ ਹਨ ਤੇ ਸਿਕਰੀ ਵੀ ਠੀਕ ਹੋ ਜਾਂਦੀ ਹੈ।

➢ ਜਿਹੜੇ ਜਣੇ ਭਾਰ ਘਟਾਉਣ ਬਾਰੇ ਸੋਚ ਰਹੇ ਹੋਣ, ਉਹ ਤਾਂ ਅੱਜ ਤੋਂ ਹੀ ਮੇਥੀ ਖਾਣੀ ਸ਼ੁਰੂ ਕਰ ਦੇਣ ਕਿਉਂਕਿ ਇਸ ਤੋਂ ਵਧੀਆ ਕੁਦਰਤੀ ਦਵਾਈ ਮਿਲਣੀ ਔਖੀ ਹੀ ਹੈ। ਜੇ ਕਿਸੇ ਦੀ ਚਮੜੀ ਉੱਤੇ ਦਾਗ਼ ਹਨ ਜਾਂ ਸੜਨ ਦੇ ਤਾਜ਼ੇ ਦਾਗ਼, ਛਾਲੇ, ਐਗਜ਼ੀਮਾ ਆਦਿ ਹਨ ਤਾਂ ਵੀ ਮੇਥੀ ਦੇ ਬੀਜਾਂ ਨੂੰ ਰਗੜ ਕੇ ਪਤਲਾ ਪੇਸਟ ਬਣਾ ਕੇ ਚਮੜੀ ਉੱਤੇ ਲੇਪ ਵਾਂਗ ਲਾ ਕੇ ਉੱਤੇ ਸਾਫ਼ ਕੱਪੜੇ ਨਾਲ ਢਕ ਕੇ ਰੱਖਣ ਨਾਲ ਹੌਲੀ-ਹੌਲੀ ਕੁਝ ਆਰਾਮ ਪੈ ਜਾਂਦਾ ਹੈ। ਅੰਤੜੀਆਂ ਦੇ ਕੈਂਸਰ (ਕੋਲਨ ਕੈਂਸਰ) ਵਿੱਚ ਵੀ ਮੇਥੀ ਵਿਚਲੇ ਭਰਵੇਂ ਫਾਈਬਰ ਦੇ ਸਦਕਾ ਫ਼ਾਇਦਾ ਲਿਆ ਜਾ ਸਕਦਾ ਹੈ ਕਿਉਂਕਿ ਇਹ ਖਾਣੇ ਵਿਚਲੇ ਮਾੜੇ ਤੱਤਾਂ ਨੂੰ ਅੰਤੜੀਆਂ ਦੀ ਨਰਮ ਪਰਤ ਉੱਤੇ ਵਾਰ ਨਹੀਂ ਕਰਨ ਦਿੰਦੀ ਤੇ ਕੈਂਸਰ ਹੋਣ ਤੋਂ ਬਚਾਅ ਕਰ ਸਕਦੀ ਹੈ।

➢ ਮੇਥੀ ਸਿਰਫ਼ ਫਾਈਬਰ ਸਦਕਾ ਹੀ ਗੁਣਕਾਰੀ ਨਹੀਂ ਬਲਕਿ ਇਸ ਵਿਚਲੇ ਪ੍ਰੋਟੀਨ, ਵਿਟਾਮਿਨ- ਸੀ, ਨਾਇਆਸਿਨ, ਪੋਟਾਸ਼ੀਅਮ, ਲੋਹ ਕਣ, ਐਲਕਾਲੌਇਡ ਤੇ ਡਾਇਓਸਜੈਨਿਨ ਵੀ ਰਲ ਕੇ ਸਰੀਰ ਵਿੱਚ ਕਮਾਲ ਦਾ ਅਸਰ ਵਿਖਾਉਂਦੇ ਹਨ।

# ਕੁਪੋਸ਼ਣ ਤੋਂ ਬਚਣ ਲਈ ਪ੍ਰੋਟੀਨ ਜ਼ਰੂਰੀ



***ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ।***

ਇੱਕ ਸਿਹਤਮੰਦ ਸਰੀਰ ਲਈ ਮੁੱਖ ਤੌਰ 'ਤੇ ਛੇ ਤੱਤਾਂ ਦੀ ਲੋੜ ਹੁੰਦੀ ਹੈ ਜਿਵੇਂ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਚਰਬੀ, ਵਿਟਾਮਿਨ, ਖਣਿਜ ਪਦਾਰਥ ਅਤੇ ਪਾਣੀ। ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਹੀ ਸੰਤੁਲਿਤ ਖ਼ੁਰਾਕ ਬਣਦੀ ਹੈ। ਪਾਣੀ ਤੋਂ ਬਾਅਦ ਸਾਡੇ ਸਰੀਰ ਵਿੱਚ ਪ੍ਰੋਟੀਨ ਹੀ ਸਭ ਤੋਂ ਵੱਧ ਮਾਤਰਾ ਵਿੱਚ ਪਾਇਆ ਜਾਂਦਾ ਹੈ। ਸਾਡਾ ਸਰੀਰ ਸੈੱਲਾਂ ਦਾ ਬਣਿਆ ਹੋਇਆ ਹੈ। ਕਈ ਸੈੱਲ ਮਿਲ ਕੇ ਟਿਸ਼ੂ ਅਤੇ ਕਈ ਟਿਸ਼ੂ ਮਿਲ ਕੇ ਇੱਕ ਅੰਗ ਬਣਾਉਂਦੇ ਹਨ। ਵੱਖ-ਵੱਖ ਸੈੱਲ ਮਿਲ ਕੇ ਹੱਡੀਆਂ, ਮਾਸਪੇਸ਼ੀਆਂ, ਨਾੜਾਂ ਅਤੇ ਚਮੜੀ ਦੇ ਖ਼ਾਸ ਕੰਮ ਕਰਨ ਵਿੱਚ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਸੈੱਲਾਂ ਦੀ ਜ਼ਿੰਦਗੀ ਸਾਡੀ ਖ਼ੁਰਾਕ ਉੱਤੇ ਨਿਰਭਰ ਕਰਦੀ ਹੈ। ਪ੍ਰੋਟੀਨ ਇਨ੍ਹਾਂ ਸੈੱਲਾਂ ਲਈ ਸਭ ਤੋਂ ਜ਼ਰੂਰੀ ਤੱਤ ਹੈ। ਸਾਡੀ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਇਹ ਸੈੱਲ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਨਤੀਜੇ ਵਜੋਂ ਸਰੀਰ ਵਿੱਚ ਚੱਲਦੇ ਵੱਖ-ਵੱਖ ਅੰਗਾਂ ਦੇ ਕੰਮਾਂ ਵਿੱਚ ਵਿਘਨ ਪੈ ਜਾਂਦਾ ਹੈ।

**ਕੀ ਹਨ ਪ੍ਰੋਟੀਨ ਦੇ ਲਾਭ**

➢ ਸਰੀਰ ਵਿਚਲੇ ਹਰੇਕ ਸੈੱਲ ਲਈ ਪ੍ਰੋਟੀਨ ਜ਼ਰੂਰੀ ਤੱਤ ਹੈ। ਪ੍ਰੋਟੀਨ ਜਿੱਥੇ ਨਵੇਂ ਸੈੱਲ ਬਣਾਉਣ ਵਿੱਚ ਮਦਦ ਕਰਦੇ ਹਨ, ਉੱਥੇ ਪੁਰਾਣੇ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ ਕਰਦੇ ਹਨ।

➢ ਪ੍ਰੋਟੀਨ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ।

➢ ਪ੍ਰੋਟੀਨ ਮਾਸਪੇਸ਼ੀਆਂ ਦੇ ਵਿਕਾਸ ਲਈ ਬੇਹੱਦ ਲਾਹੇਵੰਦ ਤੱਤ ਹੈ।

➢ ਪ੍ਰੋਟੀਨ ਸਾਡੇ ਸਰੀਰ ਵਿਚ ਹਾਰਮੋਨ, ਐਨਜ਼ਾਇਮ ਅਤੇ ਐਂਟੀ-ਬਾਡੀ ਬਣਾਉਣ ਵਿਚ ਮਦਦ ਕਰਕੇ ਸਰੀਰ ਦਾ ਸੁਰੱਖਿਆ ਅਤੇ ਪਾਚਨ ਤੰਤਰ ਮਜ਼ਬੂਤ ਬਣਾਉਂਦਾ ਹੈ।

➢ ਪ੍ਰੋਟੀਨ ਖ਼ੂਨ ਦੇ ਸੈੱਲ ਬਣਾਉਣ ਵਿੱਚ ਵੀ ਮਦਦ ਕਰਦੇ ਹਨ।

➢ ਪ੍ਰੋਟੀਨ ਚਮੜੀ, ਨਹੁੰਆਂ ਅਤੇ ਵਾਲਾਂ ਦੀ ਸਿਹਤ ਲਈ ਵੀ ਜ਼ਿੰਮੇਵਾਰ ਹਨ।

➢ ਪ੍ਰੋਟੀਨ ਜ਼ਖ਼ਮ ਭਰਨ ਵਿੱਚ ਵੀ ਮਦਦ ਕਰਦੇ ਹਨ।

**ਪ੍ਰੋਟੀਨ ਦੀ ਕਮੀ**

ਪ੍ਰੋਟੀਨ ਦੀ ਕਮੀ ਨਾਲ ਹੋਣ ਵਾਲੀ ਸਭ ਤੋਂ ਵੱਡੀ ਬੀਮਾਰੀ ਦਾ ਨਾਂ 'ਕਵੇਸ਼ਰਕਰ' ਹੈ। ਪ੍ਰੋਟੀਨ ਦੀ ਕਮੀ ਤੋਂ ਇਲਾਵਾ ਕੈਲਰੀ ਦੀ ਕਮੀ ਵੀ ਹੋ ਜਾਣ ਨਾਲ 'ਮੈਰਸਮਸ' ਨਾਂ ਦੀ ਬੀਮਾਰੀ ਹੋ ਜਾਂਦੀ ਹੈ। ਕਵੇਸ਼ਰਕਰ 'ਕੁਪੋਸ਼ਣ' ਦਾ ਹੀ ਇੱਕ ਰੂਪ ਹੈ।

ਭਾਰਤ ਵਿੱਚ 50 ਫ਼ੀਸਦੀ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੋ ਜਾਂਦੀ ਹੈ। ਸੰਸਾਰ ਭਰ ਵਿੱਚ ਹਰੇਕ ਤਿੰਨ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਵਿੱਚੋਂ ਇੱਕ ਬੱਚਾ ਸਾਡੇ ਦੇਸ਼ ਦਾ ਹੈ। ਇਹ ਗੰਭੀਰ ਬੀਮਾਰੀ ਆਮ ਕਰਕੇ 1-4 ਸਾਲ ਦੀ ਉਮਰ ਤਕ ਦੇ ਬੱਚਿਆਂ ਵਿੱਚ ਵੇਖਣ ਨੂੰ ਮਿਲਦੀ ਹੈ। ਇਹ ਜ਼ਿਆਦਾਤਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਵਿੱਚ ਪਾਈ ਜਾਂਦੀ ਹੈ। ਸਾਡੇ ਦੇਸ਼ ਵਿਚ ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਦੇ ਮੁੱਖ ਕਾਰਨ ਗ਼ਰੀਬੀ, ਅਨਪੜ੍ਹਤਾ, ਲਿੰਗ ਭੇਦਭਾਵ, ਕੁਦਰਤੀ ਸੰਕਟ ਜਿਵੇਂ ਭੁੱਖਮਰੀ, ਸੋਕਾ ਆਦਿ ਹਨ। ਇਨ੍ਹਾਂ ਤੋਂ ਇਲਾਵਾ ਗੁਰਦਿਆਂ ਦੀ ਬੀਮਾਰੀ, ਸ਼ਰਾਬ ਦੀ ਲਤ, ਆਂਦਰਾਂ ਵਿੱਚ ਭੋਜਨ ਜਜ਼ਬ ਹੋਣ ਦੀ ਕਿਰਿਆ ਵਿੱਚ ਖ਼ਰਾਬੀ ਕਾਰਨ ਵੀ ਹੋ ਸਕਦੇ ਹਨ। ਜਾਗਰੂਕਤਾ ਦੀ ਘਾਟ ਹੋਣ ਕਰਕੇ ਮਾਵਾਂ ਬੱਚੇ ਨੂੰ ਆਪਣਾ ਪ੍ਰੋਟੀਨ ਭਰਪੂਰ ਦੁੱਧ ਦੇਣਾ ਛੇਤੀ ਹੀ ਛੁਡਾ ਦਿੰਦੀਆਂ ਹਨ, ਜਿਸ ਕਰਕੇ ਬੱਚੇ ਵਿੱਚ ਪ੍ਰੋਟੀਨ ਦੀ ਕਮੀ ਪੈਦਾ ਹੋ ਜਾਂਦੀ ਹੈ।

**ਲੱਛਣ**

➢ ਜਲੋਧਰ ਰੋਗ (ਅਡੀਮਾ)

ਪ੍ਰੋਟੀਨ ਸਾਡੇ ਸਰੀਰ ਵਿੱਚ ਪਾਣੀ ਦਾ ਸੰਤੁਲਨ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਨ੍ਹਾਂ ਦੀ ਕਮੀ ਕਾਰਨ ਪਾਣੀ ਖ਼ਾਸ ਕਰਕੇ ਲੱਤਾਂ, ਗਿੱਟਿਆਂ ਅਤੇ ਪੈਰਾਂ ਵਿੱਚ ਜਮ੍ਹਾਂ ਹੋਣ ਲੱਗ ਪੈਂਦਾ ਹੈ ਤੇ ਸਰੀਰ ਵਿੱਚ ਸੋਜ ਆਉਣ ਲੱਗ ਪੈਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਅਕਸਰ ਪੇਟ ਫੁੱਲਿਆ ਨਜ਼ਰ ਆਉਂਦਾ ਹੈ।



➢ ਮਾਸਪੇਸ਼ੀਆਂ ਵਿੱਚ ਕਮਜ਼ੋਰੀ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਸਰੀਰ ਮਾਸਪੇਸ਼ੀਆਂ ਵਿੱਚੋਂ ਪ੍ਰੋਟੀਨ ਲੈਣ ਲੱਗ ਪੈਂਦਾ ਹੈ, ਜਿਸ ਕਰਕੇ ਮਰੀਜ਼ ਦਾ ਭਾਰ ਖਾਸਾ ਘੱਟ ਜਾਂਦਾ ਹੈ।

➢ ਹੱਡੀਆਂ ਅਤੇ ਜੋੜਾਂ ਦਾ ਦਰਦ

ਸਾਡਾ ਸਰੀਰ ਪ੍ਰੋਟੀਨ ਨੂੰ ਜੋੜਾਂ ਵਿੱਚ ਮੌਜੂਦ ਤਰਲ ਪਦਾਰਥਾਂ ਵਿੱਚ ਜਮ੍ਹਾਂ ਕਰਕੇ ਰੱਖਦਾ ਹੈ। ਸਰੀਰ ਵਿੱਚ ਪ੍ਰੋਟੀਨ ਦੀ ਕਮੀ ਹੋਣ 'ਤੇ ਜੋੜਾਂ ਵਿਚਲੇ ਪ੍ਰੋਟੀਨ ਭੰਡਾਰ ਖ਼ਤਮ ਹੋਣ ਲੱਗਦੇ ਹਨ ਤੇ ਇਸ ਕਰਕੇ ਜੋੜ ਜਾਮ ਹੋਣ ਮਗਰੋਂ ਦੁਖਣ ਲੱਗ ਪੈਂਦੇ ਹਨ। ਲੱਤਾਂ ਅਤੇ ਬਾਹਾਂ ਪਤਲੀਆਂ ਹੋ ਜਾਂਦੀਆਂ ਹਨ।

➢ ਅਨੀਮੀਆ

ਖ਼ੁਰਾਕ ਵਿੱਚ ਪ੍ਰੋਟੀਨ ਦੀ ਕਮੀ ਨਾਲ ਖ਼ੂਨ ਵਿੱਚ ਪਾਏ ਜਾਣ ਵਾਲ ਪ੍ਰੋਟੀਨ 'ਹੀਮੋਗਲੋਬਿਨ' ਦੀ ਕਮੀ ਹੋ ਜਾਂਦੀ ਹੈ, ਜਿਸ ਕਰਕੇ ਖ਼ੂਨ ਦੇ ਸੈੱਲ ਬਣਨੇ ਬੰਦ ਹੋ ਜਾਂਦੇ ਹਨ।

➢ ਵਾਲ ਝੜਨਾ

ਵਾਲਾਂ ਵਿਚਲਾ ਪ੍ਰੋਟੀਨ 'ਕੈਰੇਟਿਨ' ਭੋਜਨ ਵਿੱਚ ਪ੍ਰੋਟੀਨ ਦੀ ਕਮੀ ਕਾਰਨ ਨਹੀਂ ਬਣਦਾ ਜਿਸ ਕਰਕੇ ਵਾਲ ਬੇਹੱਦ ਪਤਲੇ, ਕਮਜ਼ੋਰ ਤੇ ਦੋ-ਮੂੰਹੇ ਹੋ ਜਾਂਦੇ ਹਨ।

➢ ਸੁਰੱਖਿਆ ਅਤੇ ਪਾਚਨ-ਤੰਤਰ ਵਿੱਚ ਕਮਜ਼ੋਰੀ

ਪ੍ਰੋਟੀਨ ਦੀ ਕਮੀ ਕਾਰਨ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਣ ਕਾਰਨ ਇਨਫੈਕਸ਼ਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

➢ ਦਸਤਕਾਫ਼ੀ ਸਮੇਂ ਤਕ ਦਸਤ ਹੋਣ ਕਰਕੇ ਸਰੀਰ ਦਾ ਵਾਧਾ ਰੁਕ ਜਾਂਦਾ ਹੈ ਅਤੇ ਮਰੀਜ਼ ਹੱਡੀਆਂ ਦੀ ਮੁੱਠ ਬਣ ਕੇ ਰਹਿ ਜਾਂਦਾ ਹੈ।

➢ ਪ੍ਰੋਟੀਨ ਦੀ ਕਮੀ ਕਾਰਨ ਜ਼ਖ਼ਮ ਭਰਨ ਦੀ ਕਿਰਿਆ ਹੌਲੀ ਹੋ ਜਾਂਦੀ ਹੈ। ਕਵੇਸ਼ਰਕਰ ਦੇ ਮਰੀਜ਼ ਵਿੱਚ ਮਿਹਦੇ ਦਾ ਆਕਾਰ ਵੱਡਾ ਹੋ ਜਾਂਦਾ ਹੈ, ਜਿਸਨੂੰ 'ਫੈਟੀ ਲਿਵਰ' ਕਿਹਾ ਜਾਂਦਾ ਹੈ।

**ਪ੍ਰੋਟੀਨ ਦੀ ਘਾਟ ਦੇ ਲੱਛਣ**

➢ ਚਮੜੀ ਦੇ ਰੰਗ ਵਿੱਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ। ਗੱਲਾਂ ਉੱਤੇ ਚਿੱਟੇ ਰੰਗ ਦੇ ਦਾਗ਼ ਪੈ ਜਾਂਦੇ ਹਨ। ਪੈਰਾਂ ਅਤੇ ਹੱਥਾਂ ਦੇ ਨਹੁੰਆਂ ਉੱਤੇ ਚਿੱਟੇ ਰੰਗ ਦੀਆਂ ਲਾਈਨਾਂ ਪ੍ਰੋਟੀਨ ਦੀ ਕਮੀ ਦੇ ਲੱਛਣ ਦਰਸਾਉਂਦੀਆਂ ਹਨ।

➢ ਪ੍ਰੋਟੀਨ ਦੀ ਕਮੀ ਕਾਰਨ ਦੰਦਾਂ ਨੂੰ ਕੀੜਾ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ ਅਤੇ ਥੁੱਕ ਬਣਾਉਣ ਵਾਲੀਆਂ ਗ੍ਰੰਥੀਆਂ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਮਰੀਜ਼ ਵਿੱਚ ਪ੍ਰੋਟੀਨਾਂ ਦੀ ਕਮੀ ਕਾਰਨ ਚਿੰਤਾ, ਘਬਰਾਹਟ, ਤਣਾਅ, ਇੱਛਾ-ਸ਼ਕਤੀ ਦਾ ਖ਼ਤਮ ਹੋਣਾ, ਸਿਰਦਰਦ, ਬੇਹੋਸ਼ ਹੋ ਕੇ ਡਿੱਗਣਾ, ਨੀਂਦ ਨਾ ਆਉਣਾ ਆਦਿ ਲੱਛਣ ਵੀ ਪੈਦਾ ਹੋ ਜਾਂਦੇ ਹਨ।

**ਕਿੰਜ ਕਰੀਏ ਪ੍ਰੋਟੀਨ ਦੀ ਕਮੀ ਨੂੰ ਪੂਰਾ?**

ਪ੍ਰੋਟੀਨ ਦੀ ਕਮੀ ਨੂੰ ਸੰਤੁਲਿਤ ਖ਼ੁਰਾਕ ਲੈ ਕੇ ਪੂਰਾ ਕੀਤਾ ਜਾ ਸਕਦਾ ਹੈ। ਬੱਚਿਆਂ ਅਤੇ ਨੌਜਵਾਨਾਂ ਦੁਆਰਾ 'ਫਾਸਟ ਫੂਡ' ਦੀ ਵਾਧੂ ਵਰਤੋਂ ਮੋਟਾਪੇ ਦਾ ਕਾਰਨ ਬਣਨ ਤੋਂ ਇਲਾਵਾ ਕਈ ਹੋਰ ਬੀਮਾਰੀਆਂ ਨੂੰ ਵੀ ਸੱਦਾ ਦਿੰਦੀ ਹੈ। ਔਰਤਾਂ ਨੂੰ ਖ਼ਾਸ ਤੌਰ 'ਤੇ ਸਿਹਤ ਸਬੰਧੀ ਜਾਗਰੂਕ ਹੋਣ ਦੀ ਲੋੜ ਹੈ। ਅੱਜਕੱਲ੍ਹ ਪਤਲੇ ਹੋਣ ਦੀਆਂ ਚਾਹਵਾਨ ਔਰਤਾਂ ਰੋਟੀ-ਪਾਣੀ ਛੱਡ ਦਿੰਦੀਆਂ ਹਨ ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਾਨੂੰ ਰੋਜ਼ਾਨਾ ਖ਼ੁਰਾਕ ਵਿੱਚ ਪ੍ਰੋਟੀਨ ਨੂੰ ਸਹੀ ਮਾਤਰਾ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ ਜਿਵੇਂ ਅਨਾਜ, ਦਾਲਾਂ, ਮੂੰਗਫਲੀ, ਲੋਬੀਆ, ਸੋਇਆਬੀਨ, ਮਸਰ ਦੀ ਦਾਲ, ਦੁੱਧ, ਅੰਡੇ, ਪਨੀਰ, ਮੀਟ ਅਤੇ ਮੱਛੀ ਆਦਿ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਜਿਵੇਂ ਪਨੀਰ ਪ੍ਰੋਟੀਨ ਭਰਪੂਰ ਹੁੰਦੇ ਹਨ ਅਤੇ ਸਰੀਰ ਦੁਆਰਾ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਬੀਮਾਰੀ ਵਾਲੇ ਮਰੀਜ਼ਾਂ ਨੂੰ ਖ਼ਾਸ ਤੌਰ 'ਤੇ ਮਾਸਾਹਾਰੀ ਖ਼ੁਰਾਕ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਦਾਲਾਂ ਵਿੱਚੋਂ 'ਸੋਇਆਬੀਨ' ਪ੍ਰੋਟੀਨ ਦਾ ਸਭ ਤੋਂ ਵਧੀਆ ਸਰੋਤ ਹੈ। ਸੋਇਆਬੀਨ ਵਿੱਚ ਮੀਟ ਨਾਲੋਂ ਦੁੱਗਣਾ ਤੇ ਅੰਡਿਆਂ ਨਾਲੋਂ ਚਾਰ ਗੁਣਾਂ ਵੱਧ ਪ੍ਰੋਟੀਨ ਹੁੰਦਾ ਹੈ। ਇਸ ਵਿੱਚ ਸਾਰੇ ਜ਼ਰੂਰੀ ਵਿਟਾਮਿਨ ਹੋਣ ਦੇ ਨਾਲ ਹੀ ਕਲੈਸਟਰੋਲ ਤੇ ਕਾਰਬੋਹਾਈਡ੍ਰੇਟਸ ਬਹੁਤ ਘੱਟ ਮਾਤਰਾ ਵਿੱਚ ਹੁੰਦੇ ਹਨ ਜਿਸ ਕਰਕੇ ਸੋਇਆਬੀਨ ਦੀ ਵਰਤੋਂ ਸ਼ੂਗਰ ਦੇ ਰੋਗੀ ਵੀ ਕਰ ਸਕਦੇ ਹਨ। ਜਿਹੜੇ ਬੱਚਿਆਂ ਨੂੰ ਗਾਂ ਜਾਂ ਮੱਝ ਦੇ ਦੁੱਧ ਤੋਂ ਐਲਰਜੀ ਹੋਵੇ, ਉਹ ਸੋਇਆਬੀਨ ਦੇ ਦੁੱਧ ਦਾ ਸੇਵਨ ਕਰ ਸਕਦੇ ਹਨ।

- ਡਾ. ਗੁਰਜੀਤਪਾਲ ਕੌਰ

## ਹੱਡੀ ਹੰਢਾਇਆ ਸੱਚ

# ਰੱਬ ਦਾ ਰੂਪ ਨਹੀਂ, ਕਸਾਈ ਬਣਦਾ ਜਾ ਰਿਹਾ ਡਾਕਟਰ

ਅਕਸਰ ਹੀ ਸਿਆਣਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਨੇ, ਡਾਕਟਰ ਤਾਂ ਮਰੇ ਬੰਦੇ ਵਿਚ ਜਾਨ ਪਾ ਦਿੰਦੇ ਹਨ, ਸ਼ਾਇਦ ਇਹ ਸੱਚ ਹੁੰਦਾ ਹੋਵੇਗਾ। ਪਿਛਲੇ ਸਮਿਆਂ 'ਚ ਜਦੋਂ ਡਾਕਟਰ ਪੈਸੇ ਦੇ ਲਾਲਚ ਤਿਆਗਕੇ ਮਰੀਜ਼ ਦਾ ਇਲਾਜ ਆਪਣਾ ਫਰਜ਼ ਸਮਝਕੇ ਕਰਦੇ ਹੋਣਗੇ। ਪਰ ਅੱਜ ਚਾਰੇ ਪਾਸੇ ਪੈਸੇ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ। ਅੱਜ ਦਾ ਡਾਕਟਰ ਰੱਬ ਦਾ ਰੂਪ ਨਹੀਂ ਬਲਕਿ ਚੰਦ ਛਿੱਲੜਾਂ ਬਦਲੇ ਕਸਾਈ ਦਾ ਰੂਪ ਧਾਰਨ ਕਰੀ ਬੈਠਾ ਹੈ। ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ। ਹਰ ਪਾਸੇ ਤੋ ਲੋਕਾਂ ਤੋਂ ਸੁਣਿਆ ਜਾਂਦਾ ਹੈ ਕਿ ਅਸੀਂ ਬਹੁਤ ਤਰੱਕੀ ਕਰ ਲਈ ਹੈ, ਹਰ ਸ਼ਹਿਰ, ਕਸਬੇ, ਮੰਡੀਆਂ ਵਿਚ ਕਈ-ਕਈ ਮੰਜ਼ਿਲਾਂ ਦੀ ਆਲੀਸ਼ਾਨ ਇਮਾਰਤਾਂ ਉਪਰ ਵੱਡੇਵੱਡੇ ਬੋਰਡ ਫਲਾਣੀ ਬਿਮਾਰੀ ਦੇ ਮਾਹਿਰ, ਸਪੈਸ਼ਲਿਸਟ, ਹਸਪਤਾਲ ਅੰਦਰ ਏ. ਸੀ. ਰੂਮੀ, ਟੈਲੀਵਿਜ਼ਨ ਅਤੇ ਹਰ ਸੁੱਖ ਸਹੂਲਤ ਦਾ ਦਿਖਾਵਾ ਕੀਤਾ ਜਾਂਦਾ ਹੈ। ਪੈਸੇ ਵਾਲੇ ਲੋਕ ਤਾਂ ਆਪਣੀ ਛੋਟੀ-ਮੋਟੀ ਬਿਮਾਰੀ ਸਮੇਂ ਇਨ੍ਹਾਂ ਹਸਪਤਾਲਾਂ ਵਿਚ ਇੰਜ ਜਾਂਦੇ ਹਨ, ਜਿਵੇਂ ਪਿਕਨਿਕ ਮਨਾਉਣ ਆਏ ਹੋਣ, ਪਰ ਜਦ ਇਨ੍ਹਾਂ ਹਸਪਤਾਲਾਂ ਵਿਚ ਕੋਈ ਸਾਧਾਰਨ ਜਾਂ ਗਰੀਬ ਫਸ ਜਾਂਦਾ ਹੈ ਤਾਂ ਉਸਦੀ ਮੋਟੀ ਛਿੱਲ ਲਾਹੀ ਜਾਂਦੀ ਹੈ। ਸ਼ਹਿਰਾਂ ਦੇ ਨਿੱਜੀ ਹਸਪਤਾਲਾਂ ਵਿਚੋਂ ਆਮ ਵਿਅਕਤੀ ਤਾਂ ਇਲਾਜ ਕਰਵਾ ਹੀ ਨਹੀਂ ਸਕਦਾ। ਜਿੰਨ੍ਹੇ ਪੈਸੇ ਡਾਕਟਰ ਨੇ ਮੂੰਹੋਂ ਮੰਗ ਲਏ ਦੇਣੇ ਪੈਣਗੇ। ਉਪਰੋਂ ਹਰੇਕ ਹਸਪਤਾਲ ਵਿਚ ਖੁੱਲੀਆਂ ਦਵਾਈਆਂ ਦੀਆਂ ਦੁਕਾਨਾਂ 'ਚੋਂ ਵੀ ਡਾਕਟਰਾਂ ਨੂੰ ਮੋਟਾ ਕਮਿਸ਼ਨ ਮਿਲਦਾ ਹੈ। 10 ਰੁਪਏ ਦਵਾਈ ਦਾ ਪੱਤਾ 50 ਰੁਪਏ ਯਾਨਿ ਡਾਕਟਰ ਦੇ ਨਾਲ ਨਾਲ ਮੈਡੀਕਲ ਸਟੋਰਾਂ ਵਾਲੇ ਵੀ ਲੁੱਟ ਕਰਦੇ ਹਨ। ਇਹ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਤਾਂ ਕਈ ਵਾਰ ਮਰੇ ਬੰਦੇ ਨੂੰ ਵੀ ਕਈ-ਕਈ ਦਿਨ ਵੈਂਟੀਲੇਟਰ ਸ਼ੀਸ਼ੇ ਵਾਲੇ ਕੈਬਿਨ ਵਿਚ ਰੱਖਕੇ ਪੀੜ੍ਹਤ ਪਰਿਵਾਰ ਦੀ ਚੰਗੀ ਛਿੱਲ ਲਾਹੁੰਦੇ ਹਨ। ਅਨੇਕਾਂ ਵਾਰ ਡਾਕਟਰਾਂ ਦੀ ਅਣਗਹਿਲੀ ਕਾਰਨ ਮਰੇ ਵਿਅਕਤੀਆਂ ਦੇ ਪਰਿਵਾਰ ਹਸਪਤਾਲਾਂ ਅੱਗੇ ਧਰਨੇ ਲਾਉਂਦੇ ਹਨ ਡਾਕਟਰ ਦਾ ਪਿੱਟ ਸਿਆਪਾ ਕਰਦੇ ਦੇਖੇ ਹਨ। ਪਰ ਡਾਕਟਰ ਆਪਣੇ ਅਸਰ ਰਸੂਖ ਨਾਲ ਸਾਫ਼ ਬਰੀ ਹੋ ਜਾਂਦਾ ਹੈ ਕਿਉਂਕਿ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੂੰ ਵੀ ਐਸੇ ਡਾਕਟਰਾਂ ਦੀ ਲੋੜ ਹੁੰਦੀ ਹੈ। ਇੰਨ੍ਹਾਂ ਡਾਕਟਰਾਂ ਨੇ ਆਪਣੀ ਯੂਨੀਅਨ ਵੀ ਬਣਾਈ ਹੋਈ ਹੈ। ਵੈਸੇ ਤਾਂ ਪੰਜਾਬ ਦੇ ਹਰ ਸ਼ਹਿਰ ਵਿਚਲੇ ਵੱਡੇ-ਵੱਡੇ ਹਸਪਤਾਲ ਆਮ ਲੋਕਾਂ ਦੀ ਲੁੱਟ ਦੇ ਅੱਡੇ ਬਣੇ ਹੋਏ ਹਨ ਪਰ ਬਠਿੰਡਾ ਵਿਚ ਵੀ ਕੁਝ ਐਸੇ ਹਸਪਤਾਲ ਹਨ ਜਿਨ੍ਹਾਂ ਦੇ ਮੁੱਖੀਆਂ ਉਪਰ ਕਈ ਵਾਰ ਮਰੀਜ਼ਾਂ ਨੂੰ ਅਣਗਹਿਲੀ ਕਰਕੇ ਮਾਰਨ ਦੀਆਂ ਖ਼ਬਰਾਂ ਮੀਡੀਏ ਵਿਚ ਨਸ਼ਰ ਹੋਈਆਂ ਹਨ। ਮੈਂ ਉਨ੍ਹਾਂ ਲੋਕਾਂ ਪਾਸੋਂ ਪੁੱਛਣਾ ਚਾਹੁੰਦਾ ਹਾਂ ਜੋ ਡਾਕਟਰ ਨੂੰ ਰੱਬ ਦੀ ਉਪਾਧੀ ਦਿੰਦੇ ਹਨ ਕਿ ਡਾਕਟਰ ਤਾਂ ਮਰੀਜ਼ ਦਾ ਇਲਾਜ, ਅਪਰੇਸ਼ਨ, ਮੋਟੇ ਪੈਸੇ ਲੈ ਕੇ ਕਰਦਾ ਹੈ ਫੇਰ ਵੀ ਅਸੀਂ ਉਸਦਾ ਧੰਨਵਾਦ ਕਰਦੇ ਹਾਂ ਕਿ ਅਕਾਲ ਪੁਰਖ, ਅੱਲਾ, ਰਾਮ ਦਾ ਸ਼ੁਕਰ ਕੀਤਾ ਹੈ ਜਿਸਨੇ ਸਾਨੂੰ ਮਨੁੱਖਾ ਦੇਹੀ ਜਿਸ ਵਿਚ ਹੱਥ, ਪੈਰ, ਨੱਕ, ਕੰਨ, ਮੂੰਹ ਬਲਕਿ ਸਰੀਰ ਨੂੰ ਚਲਾਉਣ ਵਾਲਾ ਹਰੇਕ ਅੰਗ ਦੇ ਕੇ ਦੁਨੀਆਂ ਵਿਚ ਭੇਜਿਆ ਹੈ। ਸਵਾਸਥ, ਸਰੀਰ, ਮਾਨਵਤਾ ਦੀ ਸੇਵਾ ਕਰਨ ਲਈ ਹੱਥ ਪੈਰ, ਚੰਗਾ ਕਰਨ ਲਈ ਦਿਮਾਗ, ਚੰਗਾ ਸੁਣਨ ਲਈ ਕੰਨ ਅਤੇ ਚੰਗਾ ਬੋਲਣ ਲਈ ਮੂੰਹ ਦਿੱਤਾ ਹੈ। ਕੀ ਕਦੇ ਉਸ ਅਕਾਲ ਪੁਰਖ ਦਾ ਦੋ ਪਲ ਸ਼ੁਕਰੀਆ ਅਦਾ ਕੀਤਾ ਹੈ। ਜਿਸ ਨੇ ਬਿਨ੍ਹਾਂ ਪੈਸੇ, ਬਿਨ੍ਹਾਂ ਕਿਸੇ ਸਵਾਰਥ ਲਈ ਇਸ ਸੰਸਾਰ ਵਿਚ ਭੇਜਿਆ ਹੈ। ਫੇਰ ਉਸ ਡਾਕਟਰ ਦਾ ਧੰਨਵਾਦ ਜਾਂ ਡਾਕਟਰ ਰੱਬ ਦਾ ਰੂਪ ਕਿਉਂ? ਜੋ ਸਾਡੇ ਇਲਾਜ ਦੇ ਨਾਂਅ 'ਤੇ ਅੰਨ੍ਹੀ ਲੁੱਟ ਕਰਦਾ ਹੈ।



ਹੁਣ ਮੈਂ ਆਪਣੇ ਪਾਠਕਾਂ ਨਾਲ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਬਾਰੇ ਆਪਣੀ ਹੱਡਬੀਤੀ ਸਾਂਝੀ ਕਰਨ ਜਾ ਰਿਹਾ ਹਾਂ। ਇਸ ਰੱਬ ਦੇ ਰੂਪ ਡਾਕਟਰ ਨੇ ਜਿੱਥੇ ਮੇਰੀ ਇਲਾਜ ਦੇ ਨਾਂਅ 'ਤੇ ਮੋਟੀ ਛਿੱਲ ਲਾਹੀ ਉਥੇ ਮੈਨੂੰ ਨਕਾਰਾ ਬਣਾ ਦਿੱਤਾ। ਘਟਨਾ 2 ਦਸੰਬਰ 2011 ਦੀ ਹੈ ਜਦੋਂ ਮੈਨੂੰ ਰਾਤ ਦੇ ਦੋ ਵਜੇ ਅਟੈਕ ਹੋ ਗਿਆ ਸੀ, ਮੈਨੂੰ ਰਾਤ ਸਮੇਂ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਪਹਿਲਾਂ ਤਾਂ ਡਾਕਟਰ ਨੇ ਮੇਰੀ ਨਾਜ਼ੁਕ ਹਾਲਤ ਦੇਖਕੇ ਜ਼ਿੰਮੇਵਾਰੀ ਨਾ ਲਈ ਪਰ ਫੇਰ ਇਲਾਜ ਸ਼ੁਰੂ ਕਰ ਦਿੱਤਾ। ਮੈਨੂੰ ਕੋਈ ਸੁਰਤ ਨਹੀਂ ਸੀ ਮੇਰੇ ਪਰਿਵਾਰਿਕ ਮੈਂਬਰਾਂ ਦੇ ਦੱਸਣ ਮੁਤਾਬਿਕ ਮੈਨੂੰ ਐਮਰਜੈਂਸੀ ਰੂਮ ਵਿਚ ਆਈ. ਸੀ. ਯੂ. ਵਿਚ ਆਕਸੀਜਨ ਦੇ ਕੇ ਪਾਇਆ ਗਿਆ। 16 ਘੰਟਿਆਂ ਬਾਅਦ ਮੈਨੂੰ ਹੋਸ਼ ਆਵਣੀ ਸ਼ੁਰੂ ਹੋਈ ਤਾਂ ਮੇਰੇ ਮੋਢੇ ਤੋਂ ਪੀੜਾਂ ਸ਼ੁਰੂ ਹੋ ਗਈਆਂ। ਬਠਿੰਡਾ ਦੇ ਹੀ ਗੁਰਦੇਵ ਹੱਡੀਆਂ ਦੇ ਮਾਹਿਰ ਡਾਕਟਰ ਨੂੰ ਦਿਖਾਇਆ ਤਾਂ ਉਸਨੇ ਮੇਰਾ ਮੋਢਾ ਟੋਹਕੇ ਕਿਹਾ ਕਿ ਮੋਢੇ ਦੀ ਹੱਡੀ ਟੁੱਟਕੇ ਅੰਦਰ ਧਸ ਗਈ ਹੈ। ਅਪਰੇਸ਼ਨ ਹੋਵੇਗਾ। ਪਰ ਇਸ ਦਾ ਦਿਲ ਦੀ ਬਿਮਾਰੀ ਦਾ ਇਲਾਜ ਚੱਲ ਰਿਹਾ ਹੈ ਪਹਿਲਾਂ ਉਧਰੋਂ ਇਲਾਜ ਕਰਵਾਓ। 4 ਦਸੰਬਰ ਨੂੰ ਮੈਨੂੰ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਨੇ ਛੁੱਟੀ ਦੇ ਦਿੱਤੀ ਤਾਂ ਬਠਿੰਡਾ ਦੇ ਗਣੇਸ਼ਾ ਬਸਤੀ ਨੇੜਲੇ ਗੁਰਦੇਵ ਹੱਡੀਆਂ ਅਤੇ ਜੋੜਾਂ ਦੇ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਕਿਉਂਕਿ ਡਾਕਟਰ ਨੂੰ ਪਤਾ ਸੀ ਕਿ ਮਰੀਜ਼ ਪੱਤਰਕਾਰ ਹੈ ਉਸਨੇ ਆਨਾ ਕਾਨੀ ਕਰਨੀ ਸ਼ੁਰੂ ਕਰ ਦਿੱਤੀ। ਮੇਰੀ ਮਾਤਾ ਅਤੇ ਮੇਰੀ ਪਤਨੀ ਨੇ ਡਾਕਟਰ ਅੱਗੇ ਤਰਲੇ ਕੀਤੇ ਤਾਂ ਡਾਕਟਰ ਅਪਰੇਸ਼ਨ ਲਈ ਮੰਨ ਗਿਆ। ਡਾਕਟਰ ਨੇ ਆਪਣੇ ਕਮਰੇ ਜਿੱਥੇ ਮਰੀਜ਼ਾਂ ਦੀ ਜਾਂਚ ਕਰਦਾ ਸੀ ਵਿਚ ਗੁਰਬਾਣੀ ਦੇ ਪਵਿੱਤਰ ਵਾਕ ਅਤੇ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਾ ਰੱਖੀਆਂ ਸਨ ਤਾਂ ਕਿ ਮਰੀਜ਼ ਨੂੰ ਪਹਿਲੀ ਨਜ਼ਰੇ ਪਤਾ ਲੱਗ ਸਕੇ ਕਿ ਡਾਕਟਰ ਧਾਰਮਿਕ ਬਿਰਤੀ ਵਾਲਾ ਗੁਰਸਿੱਖ ਬੰਦਾ ਹੈ। ਉਸ ਦਿਨ ਮੇਰੇ ਮੋਢੇ ਦਾ ਚਾਰ ਘੰਟਿਆਂ ਦੀ ਜੱਦੋ ਜਹਿਦ ਬਾਅਦ ਅਪਰੇਸ਼ਨ ਹੋ ਗਿਆ। ਮੈਂ ਆਪਣੀ ਪਹਿਲੀ ਬਿਮਾਰੀ ਕਰਕੇ ਅਤੇ ਅਪਰੇਸ਼ਨ ਦੌਰਾਨ ਲੱਗੀਆਂ ਬੇਹੋਸ਼ੀ ਦੀਆਂ ਦਵਾਈਆਂ ਕਾਰਨ ਜਦੋਂ ਦੂਜੇ ਦਿਨ ਕੁਝ ਹੋਸ਼ ਵਿਚ ਆਇਆ ਤਾਂ ਮੈਂ ਮੇਰੀ ਧਰਮਪਤਨੀ ਕੁਲਦੀਪ ਕੌਰ ਨੂੰ ਕਿਹਾ ਕਿ ਭਾਈ ਘਨੱਈਆ ਸਕੀਮ ਤਹਿਤ ਮੇਰਾ ਬੀਮਾ ਹੋਇਆ ਹੈ ਕੀ ਤੁਸੀਂ ਡਾਕਟਰ ਨੂੰ ਮੇਰਾ ਬੀਮਾ ਕਾਰਡ ਦਿਖਾ ਦਿੱਤਾ ਤਾਂ ਮੇਰੀ ਪਤਨੀ ਅਤੇ ਮੇਰੀ ਬੀਬੀ ਜੀ ਨੇ ਕਿਹਾ ਕਿ ਅਸੀਂ ਤਾਂ ਡਰਦੇ ਮਾਰਿਆ ਨੇ ਡਾਕਟਰ ਨੂੰ ਤੇਰੇ ਬੀਮੇ ਬਾਰੇ ਨਹੀਂ ਦੱਸਿਆ ਕਿ ਡਾਕਟਰ ਕਿਤੇ ਤੇਰੇ ਅਪਰੇਸ਼ਨ ਤੋਂ ਹੀ ਜਵਾਬ ਨਾ ਦੇ ਦੇਵੇ ਜਾਂ ਕਿਤੇ ਇਲਾਜ ਹੀ ਸਹੀ ਢੰਗ ਨਾਲ ਨਾ ਕਰੇ। ਇਸ ਲਈ ਨਹੀਂ ਦੱਸਿਆ। ਮੈਂ ਕਿਹਾ ਕਿ ਮੇਰੇ ਬੀਮੇ ਕਾਰਨ ਡਾਕਟਰ ਦਾ ਕੋਈ ਨੁਕਸਾਨ ਨਹੀਂ ਹੋਣਾ ਸੀ ਸਗੋਂ ਡਾਕਟਰ ਨੂੰ ਤਾਂ ਅਪਰੇਸ਼ਨ ਅਤੇ ਮੇਰੇ ਇਲਾਜ ਕਰਨ ਦੇ ਬੀਮਾ ਕੰਪਨੀ ਤੋਂ ਪੈਸੇ ਮਿਲ ਜਾਣੇ ਸਨ। ਸੋ ਮੈਂ ਬੀਮੇ ਸਬੰਧੀ ਡਾਕਟਰ ਗੁਰਦੇਵ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾਕਿ ਤੁਸੀਂ ਆਪਣਾ ਬੀਮਾ ਕਾਰਡ, ਵੋਟ ਕਾਰਡ ਮੈਨੂੰ ਦਿਓ ਮੈਂ ਬੀਮਾ ਕੰਪਨੀ ਨੂੰ ਲਿਖਕੇ ਭੇਜ ਦਿੰਦਾ ਹਾਂ।

ਕਸਾਈ ਸ਼ਬਦ ਮੈਂ ਸਿਰਫ਼ ਉਨ੍ਹਾਂ ਡਾਕਟਰਾਂ ਲਈ ਵਰਤਿਆ ਜੋ ਸਿਰਫ਼ ਮਰੀਜ਼ ਦੇ ਇਲਾਜ ਦੇ ਨਾਂਅ 'ਤੇ ਸਿਰਫ਼ ਪੈਸਾ ਹੀ ਮੁੱਖ ਰੱਖਦੇ ਹਨ ਨਾ ਕਿ ਮਰੀਜ਼ ਦੀ ਤੰਦਰੁਸਤੀ। ਪਰ ਉਨ੍ਹਾਂ ਡਾਕਟਰਾਂ ਨੂੰ ਮੇਰੀ ਕਲਮ ਸਲਾਮ ਕਰਦੀ ਹੈ ਜੋ ਮਾਨਵਤਾ ਦੀ ਸੇਵਾ ਆਪਣਾ ਫਰਜ਼ ਸਮਝਕੇ ਕਰਦੇ ਹਨ।

ਮੈਂ ਆਪਣੇ ਸਾਰੇ ਕਾਗਜ਼ ਡਾਕਟਰ ਨੂੰ ਫੜਾ ਦਿੱਤੇ। ਡਾਕਟਰ ਦੇ ਕੰਪਾਊਡਰ ਗੁਰਮੇਲ ਸਿੰਘ ਜਿਸਨੂੰ ਮੈਂ ਆਪਣਾ ਵਧੀਆ ਦੋਸਤ ਮੰਨਦਾ ਸੀ ਨੇ ਬੀਮਾ ਕੰਪਨੀ ਨੂੰ ਈਮੇਲ ਕਰ ਦਿੱਤੀ। ਦੂਜੇ-ਤੀਜੇ ਦਿਨ ਬੀਮਾ ਕੰਪਨੀ ਤੋਂ ਇਕ ਮੁਲਾਜ਼ਮ ਆਇਆ ਤਾਂ ਉਸਨੇ ਮੇਰੇ ਅਪਰੇਸ਼ਨ ਵਾਲੇ ਮੋਢੇ ਤੋਂ ਪੱਟੀਆਂ ਲਹਾਕੇ ਫੋਟੋ ਅਤੇ ਪੂਰੀ ਜਾਂਚ ਪੜਤਾਲ ਕਰਨ ਉਪਰੰਤ ਮੈਥੋਂ ਇਕ ਫ਼ਾਰਮ ਤੇ ਦਸਤਖਤ ਕਰਵਾਕੇ ਡਾਕਟਰ ਨੂੰ ਫਾਰਮ ਫੜਾ ਦਿੱਤਾ ਕਿ ਜਲਦੀ ਇਲਾਜ ਦੀ ਸਾਰੀ ਫ਼ਾਇਲ ਬਣਾਕੇ ਸਾਡੀ ਕੰਪਨੀ ਨੂੰ ਭੇਜੀ ਜਾਵੇ। ਪਰ ਮੈਨੂੰ ਬਾਅਦ ਵਿਚ ਪਤਾ ਚੱਲਿਆ ਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਮੈਨੂੰ ਛੁੱਟੀ ਦੇਣ ਤੱਕ ਹਜ਼ਾਰਾਂ ਰੁਪਏ ਲੈ ਲਏ ਹਨ। ਮੈਂ ਡਾਕਟਰ ਨਾਲ ਇਸ ਸੰਬਧੀ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਤੇਰੀ ਬੀਮਾ ਕੰਪਨੀ ਨੂੰ ਫਾਇਲ ਭੇਜ ਦਿੱਤੀ ਹੈ, ਬੀਮਾ ਮਿਲਣ ਤੱਕ ਕਈ ਦਿਨ ਜਾਂ ਮਹੀਨੇ ਵੀ ਲੱਗ ਸਕਦੇ ਹਨ। ਮੈਨੂੰ ਛੁੱਟੀ ਮਿਲਣ ਤੋਂ ਬਾਅਦ ਵੀ ਮੇਰੇ ਮੋਢੇ ਉਪਰ ਹਰ ਹਫ਼ਤੇ ਪੱਟੀ ਬਦਲੀ ਜਾਂਦੀ ਮੈਂ ਹਰ ਵਾਰ ਡਾਕਟਰ ਤੋਂ ਆਪਣੇ ਬੀਮੇ ਦੇ ਪੈਸੇ ਬਾਰੇ ਪੁੱਛਦਾ ਤਾਂ ਦੋ-ਤਿੰਨ ਮਹੀਨਿਆਂ ਬਾਅਦ ਡਾਕਟਰ ਕਹਿਣ ਲੱਗਿਆ ਤੂੰ ਪੱਤਰਕਾਰ ਏ ਬੀਮਾ ਕੰਪਨੀ 'ਤੇ ਕੇਸ ਕਰ ਦੇ, ਮੈਂ ਬੀਮਾ ਕੰਪਨੀ ਤੋਂ ਜਦ ਤਿੰਨ ਕੁ ਮਹੀਨਿਆਂ ਬਾਅਦ ਆਪਣੇ ਬੀਮੇ ਬਾਰੇ ਪਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡੇ ਕੋਲ ਅਜੇ ਤੱਕ ਤੇਰੇ ਬੀਮੇ ਦੀ ਡਾਕਟਰ ਨੇ ਫਾਇਲ ਹੀ ਨਹੀਂ ਭੇਜੀ। ਮੈਂ ਜਦ ਡਾਕਟਰ ਦੇ ਸਹਾਇਕ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਤੇਰੀ ਫਾਇਲ ਗੁੰਮ ਹੋ ਗਈ ਹੈ, ਉਹ ਮੈਨੂੰ ਫਾਇਲ ਲੱਭਣ ਕੇ ਕਈ ਮਹੀਨੇ ਲਾਰੇ ਲਾਉਂਦਾ ਰਿਹਾ। ਅਖ਼ੀਰ ਫਾਇਲ ਗੁੰਮ ਹੋਣ ਬਾਰੇ ਮੈਂ ਡਾਕਟਰ ਨੂੰ ਦੱਸ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਛੱਡ ਯਾਰ ਬੀਮੇ ਦੀ ਗੱਲ, ਬੀਮਾ ਕੰਪਨੀ ਨੇ ਕਿਹੜਾ ਤੈਨੂੰ ਕੁਝ ਦੇਣਾ ਸੀ। ਉਨ੍ਹਾਂ ਅਪਰੇਸ਼ਨ ਅਤੇ ਦਵਾਈਆਂ, ਐਕਸਰੇ, ਪੱਟੀਆਂ ਦੇ ਨਾਂਅ 'ਤੇ ਮੇਰੀ ਪੂਰੀ ਲੁੱਟ ਕੀਤੀ। ਮੇਰੇ ਚਾਚਾ ਜੀ ਜੋ ਡਾਕਟਰ ਦਾ ਚੰਗਾ ਦੋਸਤ ਸੀ, ਉਸਨੇ ਹੀ ਮੈਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਸੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਡਾਕਟਰ ਨਾਲ 20-25 ਸਾਲਾਂ ਦੀ ਬਣੀ ਹੈ, ਛੱਡ ਪਰੇ ਬੀਮੇ ਬਾਰੇ ਮੇਰਾ ਡਾਕਟਰ ਨਾਲ ਫ਼ਰਕ ਪੈ ਜਾਵੇਗਾ। ਪਰ ਮੈਂ ਚੁੱਪ ਕਰਕੇ ਬੈਠਣ ਵਾਲਾ ਨਹੀਂ ਸੀ। ਇਹ ਗੱਲ ਸਾਫ਼ ਹੋ ਗਈ ਸੀ ਕਿ ਡਾਕਟਰ ਨੇ ਹੀ ਬੇਈਮਾਨੀ ਕਰਕੇ ਮੇਰੀ ਫਾਇਲ ਉਪਰ ਭੇਜੀ ਹੀ ਨਹੀਂ ਸੀ। ਕਿਉਂਕਿ ਉਸ ਨੇ ਸਾਡੇ ਕੋਲੋਂ ਅਪਰੇਸ਼ਨ ਦੇ ਨਾਂਅ 'ਤੇ ਹਜ਼ਾਰਾਂ ਰੁਪਏ ਲੈ ਲਏ ਸਨ। ਮੈਂ ਆਪਣੇ ਪੱਤਰਕਾਰ ਦੋਸਤਾਂਤੱਕ ਇਹ ਮਾਮਲਾ ਡਾਕਟਰ ਤੱਕ ਪਹੁੰਚਾਇਆ ਪਰ ਉਸ ਨੇ ਕਿਹਾ ਕਿ ਮੈਂ ਫਾਇਲ ਉਪਰ ਭੇਜੀ ਹੈ। ਮੈਂ ਕੁਝ ਨਹੀਂ ਕਰ ਸਕਦਾ। ਪਰ ਹੌਲੀ-ਹੌਲੀ ਜਦ ਪੱਤਰਕਾਰਾਂ ਦਾ ਡਾਕਟਰ ਉਪਰ ਦਬਾਅ ਪੈ ਗਿਆ ਤਾਂ ਉਸ ਨੇ ਕਿਹਾ ਕਿ ਫਾਇਲ ਗੁੰਮ ਹੋ ਗਈ ਹੈ ਮੈਂ ਕੁਝ ਨਹੀਂ ਕਰ ਸਕਦਾ। ਡਾਕਟਰ ਨੇ ਫੇਰ ਮੇਰੇ ਚਾਚਾ ਕਿੱਕਰ ਸਿੰਘ ਜੋ ਇਸ ਘਟਨਾ ਤੋਂ ਤਿੰਨ ਸਾਲ ਬਾਅਦ 25 ਦਸੰਬਰ 2013 ਨੂੰ ਕਿਸੇ ਬਿਮਾਰੀ ਕਾਰਨ ਮੌਤ ਦੇ ਮੂੰਹ ਜਾ ਪਿਆ ਨੇ ਮੇਰੇ ਉਪਰ ਦਬਾਅ ਪਵਾਇਆ ਕਿ ਤੂੰ ਡਾਕਟਰ ਖਿਲਾਫ਼ ਕੋਈ ਕਾਰਵਾਈ ਨਾ ਕਰ, ਨਹੀਂ ਤਾਂ ਆਪਣਾ ਕੋਈ ਰਿਸ਼ਤਾ ਨਹੀਂ, ਏਥੋਂ ਤੱਕ ਕਿ ਡਾਕਟਰ ਨੇ ਮੇਰੇ ਰਿਸ਼ਤੇਦਾਰਾਂ ਰਾਂਹੀ ਵੀ ਕੋਈ ਕਾਰਵਾਈ ਨਾ ਕਰਨ ਲਈ ਮੇਰੇ ਉਪਰ ਦਬਾਅ ਪਵਾਇਆ। ਜਦੋਂ ਮੇਰੀ ਬੀਬੀ ਜੀ ਨੂੰ ਇਸ ਬਾਰੇ ਮੇਰੇ ਚਾਚਾ ਜੀ ਨੇ ਦੱਸਿਆ ਤਾਂ ਮੇਰੀ ਬੀਬੀ ਜੀ ਕਹਿਣ ਲੱਗੀ ਕਿ ਤੂੰ ਬਚ ਗਿਆ। ਪੈਸਾ ਬੰਦੇ ਤੋਂ ਵੱਡਾ ਨਹੀਂ ਹੁੰਦਾ। ਜੇਕਰ ਤੈਨੂੰ ਕੁਝ ਹੋ ਜਾਂਦਾ ਫੇਰ ਕੀ ਅਸੀਂ ਕਰ ਲੈਂਦੇ। ਡਾਕਟਰਾਂ ਤੱਕ ਕਦੇ ਵੀ ਕੋਈ ਕੰਮ ਪੈ ਸਕਦਾ ਹੈ। ਤੂੰ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ। ਮੇਰੀ ਧਰਮਪਤਨੀ ਕੁਲਦੀਪ ਕੌਰ ਨੇ ਵੀ ਕਿਹਾ ਕਿ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕਰਨੀ ਤੂੰ ਸਹੀ ਸਲਾਮਤ ਏਂ, ਪੈਸੇ ਦਾ ਕੀ ਏ, ਬਥੇਰਾ ਆਈ ਜਾਈ ਜਾ ਰਿਹਾ ਹੈ। ਪਰ ਮੈਨੂੰ ਡਾਕਟਰ ਉਪਰ ਇਸ ਗੱਲ ਦਾ ਗਿਲਾ ਸੀ ਕਿ ਡਾਕਟਰ ਨੇ ਆਪਣੇ ਫਰਜ਼ ਤੋਂ ਕੋਤਾਹੀ ਵਰਤੀ ਹੈ। ਮੇਰੇ ਪਰਿਵਾਰ ਨੇ ਮੇਰੇ ਇਲਾਜ ਲਈ ਕਰਜ਼ਾ ਚੁੱਕ ਕੇ ਡਾਕਟਰ ਨੂੰ ਦਿੱਤਾ ਹੈ। ਡਾਕਟਰ ਉਪਰ ਅਗਲੀ ਕਾਰਵਾਈ ਲਈ ਮੈਂ ਆਪਣੇ ਪੱਤਰਕਾਰ ਦੋਸਤਾਂ ਨਾਲ ਮਿਲਕੇ ਬਠਿੰਡਾ ਦੇ ਐਸ. ਐਸ. ਪੀ. ਅੱਗੇ ਪੇਸ਼ ਹੋ ਗਿਆ ਤਾਂ ਉਸ ਨੇ ਥਾਣਾ ਕੋਤਵਾਲੀ ਇੰਚਾਰਜ ਨੂੰ ਮਾਮਲੇ ਦੀ ਜਾਂਚ ਲਈ ਲਿਖ ਦਿੱਤਾ। ਥਾਣਾ ਮੁੱਖੀ ਨੇ ਮੈਨੂੰ ਮਹੀਨੇ ਬਾਅਦ ਸੱਦਿਆ ਤਾਂ ਕਿਹਾ ਕਿ ਅਸੀਂ ਇਸ ਮਾਮਲੇ 'ਚ ਕੁਝ ਨਹੀਂ ਕਰ ਸਕਦੇ। ਕਿਉਂਕਿ ਤੇਰੀ ਸਾਰੀ ਫਾਇਲ ਡਾਕਟਰ ਕੋਲ ਹੈ, ਤੇਰੇ ਕੋਲ ਕੋਈ ਸਬੂਤ ਨਹੀਂ। ਥਾਣਾ ਮੁੱਖੀ ਨੇ ਡਾਕਟਰ ਨੂੰ ਥਾਣੇ ਸੱਦਿਆ ਤਾਂ ਡਾਕਟਰ ਨੇ ਮਾਮਲਾ ਨਿਬੇੜਨ ਲਈ ਮੇਰੇ ਚਾਚੇ ਉਪਰ ਦਬਾਅ ਪਾਇਆ ਅਤੇ ਬਚਣ ਲਈ ਮੇਰੇ ਅਪਰੇਸ਼ਨ ਅਤੇ ਹੋਰ ਖਰਚੇ ਦੀ ਝੂਠੀ ਰਸੀਦ ਪੇਸ਼ ਕਰ ਦਿੱਤੀ, ਜਿਸ ਵਿਚ ਉਸ ਨੇ ਸਿਰਫ਼ ਸੋਲਾਂ ਹਜ਼ਾਰ ਦੀ ਰਸੀਦ ਦਿੱਤੀ ਹੈ। ਜਦੋਂਕਿ ਡਾਕਟਰ ਨੇ ਮੇਰੇ ਪਰਿਵਾਰ ਤੋਂ ਛੁੱਟੀ ਵਾਲੇ ਦਿਨ ਚਾਲੀ ਹਜ਼ਾਰ ਦੇ ਕਰੀਬ ਨਕਦ ਲਿਆ ਸੀ, ਦਵਾਈਆਂ ਦਾ ਖਰਚਾ ਵੱਖਰਾ, ਇਸ ਤੋਂ ਬਾਅਦ ਤਿੰਨ ਮਹੀਨੇ ਹਸਪਤਾਲ ਵਿਚ ਪੱਟੀ ਅਤੇ ਹੋਰ ਖਰਚੇ ਵੱਖਰੇ। ਚਲੋ ਮੇਰੇ ਮੋਢੇ ਦਾ ਅਪਰੇਸ਼ਨ ਠੀਕ ਹੋ ਜਾਂਦਾ ਤਾਂ ਮੈਂ ਇਹ ਸਭ ਭੁੱਲਜਾਂਦਾ ਪਰ ਡਾਕਟਰ ਨੇ ਮੇਰਾ ਸੱਜਾ ਮੋਢਾ ਨਕਾਰਾ ਕਰ ਦਿੱਤਾ ਹੈ। ਮੇਰਾ ਅਪਰੇਸ਼ਨ ਸਹੀ ਨਾ ਹੋਣ ਕਰਕੇ ਹੁਣ ਲੋਹੜੇ ਦੀ ਪੈ ਰਹੀ ਠੰਡ ਕਰਕੇ ਪੂਰੀ ਬਾਂਹ ਦਰਦ ਕਰਦੀ ਹੈ। ਮੈਂ ਕਿਸੇ ਹੋਰ ਡਾਕਟਰ ਨੂੰ ਅਪਰੇਸ਼ਨ ਵਾਲਾ ਮੋਢਾ ਦਿਖਾਇਆ ਤਾਂ ਉਨ੍ਹਾਂ ਕਿਹਾ ਕਿ ਅਪਰੇਸ਼ਨ ਸਹੀ ਨਹੀਂ ਹੋਇਆ। ਮੋਢੇ ਵਿਚ ਅਪਰੇਸ਼ਨ ਦੌਰਾਨ ਪਏ ਸਕਰਿਊ ਕੱਢਣੇ ਪੈਣੇ ਨੇ, ਪਰ ਫੇਰ ਵੀ ਬਾਂਹ ਠੀਕ ਹੋਵੇ ਇਸ ਦੀ ਕੋਈ ਗਾਰੰਟੀ ਨਹੀਂ। ਮੈਂ ਤਿੰਨ ਸਾਲ ਪਹਿਲਾਂ ਮੋਢੇ ਦੇ ਅਪਰੇਸ਼ਨ ਉਪਰ ਲੱਗੇ ਪੈਸੇ ਵੀ ਨਹੀਂ ਮੋੜ ਸਕਿਆ। ਉਪਰੋਂ ਹੋਰ ਖਰਚਾ ਖੜਾ ਹੈ। ਪੁਲਿਸ ਪ੍ਰਸ਼ਾਸ਼ਨ ਨੇ ਡਾਕਟਰ ਉਪਰ ਕੋਈ ਕਾਰਵਾਈ ਨਹੀਂ ਕੀਤੀ। 25 ਦਸੰਬਰ ਨੂੰ ਮੇਰੇ ਚਾਚਾ ਜੀ ਦੀ ਵੀ ਮੌਤ ਹੋ ਗਈ ਹੈ। ਜੇਕਰ ਮੈਨੂੰ ਬੀਮਾ ਕੰਪਨੀ ਵੱਲੋਂ ਮੇਰੇ ਅਪਰੇਸ਼ਨ ਉੱਪਰ ਲੱਗਿਆ ਪੈਸਾ ਮਿਲ ਜਾਂਦਾ ਤਾਂ ਡਾਕਟਰ ਨੂੰ ਕੀ ਨੁਕਸਾਨ ਸੀ। ਮੈਂ ਹੁਣ ਡਾਕਟਰ ਨੂੰ ਰੱਬ ਦਾ ਰੂਪ ਨਹੀਂ ਬਲਕਿ ਕਸਾਈ ਦਾ ਦਰਜਾ ਦਿੰਦਾ ਹਾਂ ਜੋ ਮਰੀਜ਼ ਨੂੰ ਜੀਵਨ ਦੇਣ ਦੀ ਥਾਂ ਸਰੀਰਕ ਪੱਖੋਂ ਆਪਣੇ ਸਵਾਰਥ ਲਈ ਨਕਾਰਾ ਬਣਾ ਰਿਹਾ ਹੈ। ਐਸੇ ਡਾਕਟਰ ਵੀ ਹਨ ਜੋ ਆਪਣੇ ਫਰਜ਼ ਪ੍ਰਤੀ ਇਮਾਨਦਾਰ ਹਨ। ਡਾਕਟਰ ਗੁਰਦੇਵ ਸਿੰਘ ਜੋ ਇਕ ਗੁਰਸਿੱਖ ਆਪਣੇ ਆਫ਼ਿਸ ਵਿਚ ਗੁਰੂ ਸਾਹਿਬਾਨਾਂ ਦੀਆਂ ਵੱਡ ਅਕਾਰੀ ਤਸਵੀਰਾਂ ਲਗਾਕੇ ਧਰਮ ਦੀ ਆੜ ਹੇਠ ਮਰੀਜ਼ਾਂ ਦੀ ਲੁੱਟ ਕਰ ਰਿਹਾ ਹੈ। ਐਸੇ ਡਾਕਟਰ ਖਿਲਾਫ਼ ਪੁਲਿਸ ਪ੍ਰਸ਼ਾਸ਼ਨ ਵੱਲੋਂ ਕਾਰਵਾਈ ਨਾ ਕਰਨਾ ਵੀ ਪੁਲਿਸ ਪ੍ਰਸ਼ਾਸ਼ਨ ਅੱਗੇ ਵੀ ਪ੍ਰਸ਼ਨ ਚਿੰਨ੍ਹ ਲੱਗਦਾ ਹੈ। ਮੈਂ ਡਾਕਟਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਤੁਹਾਡੇ ਵੀ ਬੱਚੇ ਹੋਣਗੇ, ਜੋ ਤੁਸੀਂ ਮਰੀਜ਼ਾਂ ਤੋਂ ਆਪਣੇ ਫਰਜ਼ ਤੋਂ ਕੋਤਾਹੀ ਕਰਕੇ ਮੋਟਾ ਪੈਸਾ ਲੈ ਕੇ ਉਨ੍ਹਾਂ ਦੀ ਲੁੱਟ ਕਰਦੇ ਹੋ, ਇਹ ਤੁਹਾਡੇ ਬੱਚਿਆਂ ਲਈ ਜ਼ਹਿਰ ਹੈ। ਠੀਕ ਹੈ ਤੁਸੀਂ ਡਾਕਟਰੀ ਪੇਸ਼ੇ ਲਈ ਚੰਗੀ ਪੜ੍ਹਾਈ, ਕੋਰਸ ਉਪਰ ਲੱਖਾਂ ਲਾਏ ਹਨ, ਹਸਪਤਾਲਾਂ ਦੇ ਵੀ ਖਰਚੇ ਹਨ ਪਰ ਕੀ ਕਦੇ ਸੋਚਿਆ ਕਿ ਕਿਸੇ ਗਰੀਬ ਜਾਂ ਕਿਸੇ ਬੇਸਹਾਰਾ ਤੋਂ ਇਲਾਜ ਦੇ ਨਾਂਅ ਹੇਠ ਮੋਟੀ ਕਮਾਈ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰ ਰਹੇ ਹੋ, ਇਸ ਕਮਾਈ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਕੋਰਸ ਨਹੀਂ ਕਰਵਾ ਸਕਦੇ, ਗਰੀਬਾਂ ਦੀ ਰੱਤ ਚੂਸਨਾ ਜ਼ਹਿਰ ਸਾਮਾਨ ਹੈ। ਲੋਕ ਤੁਹਾਨੂੰ ਰੱਬ ਦਾ ਰੂਪ ਸਮਝਦੇ ਹਨ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਕੇ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਓ। **ਗੁਰਨੈਬ ਸਾਜਨ ਦਿਓਣ**



# ਮੋਦੀ ਸਰਬਸੰਮਤੀ ਨਾਲ ਐਨਡੀਏ ਸੰਸਦੀ ਦਲ ਦੇ ਨੇਤਾ ਚੁਣੇ, ਸਹੁੰ ਚੁੱਕ ਸਮਾਗਮ 9 ਨੂੰ

**ਨਵੀਂ ਦਿੱਲੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇਥੇ ਐਨਡੀਏ ਦੇ ਸੰਸਦ ਮੈਂਬਰਾਂ ਦੀ ਸੰਸਦ ਭਵਨ ਕੰਪਲੈਕਸ 'ਚ ਹੋਈ ਮੀਟਿੰਗ ਦੌਰਾਨ ਗੱਠਜੋੜ ਦੀਆਂ ਸਾਰੀਆਂ ਭਾਈਵਾਲ ਪਾਰਟੀਆਂ ਨੇ ਸਰਬਸੰਮਤੀ ਨਾਲ ਨਰਿੰਦਰ ਮੋਦੀ ਨੂੰ ਐਨਡੀਏ ਸੰਸਦੀ ਦਲ ਦਾ ਨੇਤਾ ਚੁਣਨ ਦਾ ਪ੍ਰਸਤਾਵ ਪਾਸ ਕਰ ਦਿੱਤਾ। ਇਸ ਬਾਅਦ ਉਹ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਗੇ। ਇਸ ਤੋਂ ਪਹਿਲਾਂ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਦੇ ਨਵੇਂ ਚੁਣੇ ਸੰਸਦ ਮੈਂਬਰਾਂ ਦੀ ਮੋਦੀ ਨੂੰ ਆਪਣਾ ਆਗੂ ਚੁਣਨ ਲਈ ਅੱਜ ਸੰਸਦ ਕੰਪਲੈਕਸ 'ਚ ਮੀਟਿੰਗ ਕੀਤੀ। ਭਾਜਪਾ ਨੇਤਾ ਰਾਜਨਾਥ ਸਿੰਘ ਨੇ ਲੋਕ ਸਭਾ 'ਚ ਸ੍ਰੀ ਮੋਦੀ ਦਾ ਨਾਂ ਐਨਡੀਏ ਤੇ ਭਾਜਪਾ ਨੇਤਾ ਵਜੋਂ ਪੇਸ਼ ਕੀਤਾ, ਜਿਸ ਦੀ ਪੁਸ਼ਟੀ ਅਮਿਤ ਸ਼ਾਹ ਨੇ ਕੀਤੀ। ਨਿਤਿਨ ਗਡਕਰੀ ਅਤੇ ਐਨਡੀਏ ਦੇ ਹੋਰ ਨੇਤਾਵਾਂ ਨੇ ਸ੍ਰੀ ਮੋਦੀ ਨੂੰ ਲੋਕ ਸਭਾ ਵਿੱਚ ਭਾਜਪਾ ਦਾ ਨੇਤਾ, ਭਾਜਪਾ ਸੰਸਦੀ ਦਲ ਅਤੇ ਐਨਡੀਏ ਸੰਸਦੀ ਦਲ ਦਾ ਨੇਤਾ ਬਣਾਉਣ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਨੇਤਾ ਚੁਣੇ ਜਾਣ ਨਾਲ ਸ੍ਰੀ ਮੋਦੀ ਦੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਰਾਹ ਪੱਧਰਾ ਹੋ ਗਿਆ।

ਸੰਸਦ ਭਵਨ ਵਿਚ NDA ਸੰਸਦੀ ਦਲ ਦੀ ਬੈਠਕ ਵਿਚ ਰਾਜਨਾਥ ਸਿੰਘ ਨੇ ਇਹ ਪ੍ਰਸਤਾਵ ਰੱਖਿਆ। ਇਸ ਦੌਰਾਨ ਭਾਜਪਾ ਦੇ ਸੰਸਦ ਮੈਂਬਰ ਰਾਜਨਾਥ ਸਿੰਘ ਨੇ ਕਿਹਾ ਮੈਂ ਸਾਰੇ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਅੱਜ ਅਸੀਂ ਇੱਥੇ NDA ਦਾ ਆਗੂ ਚੁਣਨ ਆਏ ਹਾਂ। ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂ ਇਨ੍ਹਾਂ ਸਾਰੇ ਅਹੁਦਿਆਂ ਲਈ ਸਭ ਤੋਂ ਢੁੱਕਵਾਂ ਹੈ। ਭਾਜਪਾ ਦੀ ਅਗਵਾਈ ਵਾਲੇ ©41 ਦੇ ਵਿਸਥਾਰ ਦਾ ਸਿਹਰਾ ਪ੍ਰਧਾਨ ਮੰਤਰੀ ਮੋਦੀ ਨੂੰ ਦਿੰਦੇ ਹੋਏ ਰਾਜਨਾਥ ਸਿੰਘ ਨੇ ਕਿਹਾ ਕਿ ਭਾਜਪਾ ਲਈ ਗਠਜੋੜ ਕੋਈ ਫਰਜ਼ ਨਹੀਂ ਸਗੋਂ ਵਚਨਬੱਧਤਾ ਹੈ। ਇਸ ਦੌਰਾਨ ਸਾਰਿਆਂ ਦੀ ਸਹਿਮਤੀ ਨਾਲ ਇਹ ਪ੍ਰਸਤਾਵ ਪਾਸ ਕੀਤਾ ਗਿਆ। ਪ੍ਰਸਤਾਵ ਦੌਰਾਨ ਟੀ. ਡੀ. ਪੀ. ਸੁਪਰੀਮੋ ਚੰਦਰਬਾਬੂ ਨਾਇਡੂ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੀ ਮੰਚ 'ਤੇ ਮੌਜੂਦ ਰਹੇ।

ਦੱਸ ਦੇਈਏ ਕਿ ਅੱਜ ਨਰਿੰਦਰ ਮੋਦੀ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਗੇ। ਸਹੁੰ ਚੁੱਕ ਸਮਾਰੋਹ ਐਤਵਾਰ ਯਾਨੀ ਕਿ 9 ਜੂਨ ਨੂੰ ਹੋਵੇਗਾ। ਇਸ ਤੋਂ ਪਹਿਲਾਂ ©41 ਦੇ ਸਾਰੇ ਨਵੇਂ ਚੁਣੇ ਗਏ ਸੰਸਦ ਮੈਂਬਰ ਮੋਦੀ ਨੂੰ ਆਪਣਾ ਨੇਤਾ ਚੁਣਨ ਲਈ ਸੰਸਦ ਪਹੁੰਚੇ। ਮੋਦੀ ਤੇਲਗੂ ਦੇਸ਼ਮ ਪਾਰਟੀ ਸੁਪਰੀਮੋ ਐਨ. ਚੰਦਰਬਾਬੂ ਨਾਇਡੂ, ਜਨਤਾ ਦਲ ਯੂਨਾਈਟੇਡ ਨੇਤਾ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਸਮੇਤ ਹੋਰ NDA ਨੇਤਾਵਾਂ ਨਾਲ ਸਰਕਾਰ ਦੇ ਗਠਨ ਲਈ ਰਸਮੀ ਰੂਪ ਨਾਲ ਦਾਅਵਾ ਪੇਸ਼ ਕਰਨ ਲਈ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ©41 ਨੇ ਲੋਕ ਸਭਾ ਚੋਣਾਂ ਵਿਚ 293 ਸੀਟਾਂ ਜਿੱਤ ਕੇ ਬਹੁਮਤ ਦਾ ਅੰਕੜਾ ਪਾਰ ਕੀਤਾ ਸੀ। ਹਾਲਾਂਕਿ, ਭਾਜਪਾ ਇਕੱਲੀ ਸਿਰਫ 240 ਸੀਟਾਂ ਹਾਸਲ ਕਰ ਸਕੀ, ਜੋ ਕਿ 2019 ਦੇ ਮੁਕਾਬਲੇ ਬਹੁਤ ਘੱਟ ਹੈ।

## ਅਗਲੀ ਸਰਕਾਰ ਦੇ ਫ਼ੈਸਲਿਆਂ 'ਚ ਸਰਬਸੰਮਤੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਾਂਗਾ: ਮੋਦੀ

**ਨਵੀਂ ਦਿੱਲੀ, 8 ਜੂਨ -ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਜਮਹੂਰੀ ਗੱਠਜੋੜ (ਐਨਡੀਏ) ਦਾ ਨੇਤਾ ਚੁਣੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਲਗਾਤਾਰ ਤੀਜੀ ਵਾਰ ਸਰਕਾਰ ਬਣਾ ਰਿਹਾ ਇਹ ਗੱਠਜੋੜ ਸੱਚਮੁੱਚ ਭਾਰਤ ਦੀ ਭਾਵਨਾ, ਆਤਮਾ ਤੇ ਜੜ੍ਹਾਂ ਦਾ ਪ੍ਰਤੀਬਿੰਬ ਹੈ। ਐਨਡੀਏ ਨੂੰ ਕੁਦਰਤੀ ਗੱਠਜੋੜ ਕਰਾਰ ਦਿੰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਉਹ ਆਪਣੀ ਅਗਲੀ ਸਰਕਾਰ ਦੇ ਸਾਰੇ ਫੈਸਲਿਆਂ ਵਿੱਚ ਸਰਬਸੰਮਤੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨਗੇ।

## ਰਾਹੁਲ ਗਾਂਧੀ ਨੂੰ ਬੇਂਗਲੁਰੂ ਦੀ ਵਿਸ਼ੇਸ਼ ਅਦਾਲਤ ਨੇ ਮਾਣਹਾਨੀ ਦੇ ਕੇਸ 'ਚ ਦਿੱਤੀ ਜ਼ਮਾਨਤ

**ਮੁੰਬਈ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੂੰ ਮਾਣਹਾਨੀ ਮਾਮਲੇ 'ਚ ਬੇਂਗਲੁਰੂ ਦੀ ਵਿਸ਼ੇਸ਼ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ। ਇਹ ਮਾਮਲਾ ਪਿਛਲੀਆਂ ਵਿਧਾਨ ਸਭਾ ਚੋਣਾਂ ਨਾਲ ਸਬੰਧਤ ਹੈ, ਜਦੋਂ ਰਾਹੁਲ ਗਾਂਧੀ ਨੇ ਤਤਕਾਲੀ ਮੁੱਖ ਮੰਤਰੀ ਬਸਵਰਾਜ ਬੋਮਈ 'ਤੇ ਕਮਿਸ਼ਨ ਗਬਨ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਭਾਜਪਾ ਨੇਤਾ ਨੇ ਰਾਹੁਲ 'ਤੇ ਮਾਮਲਾ ਦਰਜ ਕਰਵਾਇਆ ਸੀ।

ਇਸ ਮਾਮਲੇ 'ਚ ਭਾਜਪਾ ਦੇ ਵਕੀਲ ਵਿਨੋਦ ਨੇ ਕਿਹਾ ਕਿ 2023 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਇਕ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਸੀ, ਜਿਸ 'ਚ ਕਿਹਾ ਗਿਆ ਸੀ ਕਿ ਭਾਜਪਾ troublemaker ਸਰਕਾਰ ਹੈ। ਇਹ ਗਲਤ ਇਲਜ਼ਾਮ ਹੈ। ਇਸ 'ਤੇ ਅਸੀਂ ਅਦਾਲਤ ਤੱਕ ਪਹੁੰਚ ਕੀਤੀ। ਦੋ ਦੋਸ਼ੀਆਂ ਨੂੰ ਜ਼ਮਾਨਤ ਮਿਲ ਗਈ ਹੈ। ਰਾਹੁਲ ਗਾਂਧੀ ਨੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਸੀ। ਦੱਸ ਦੇਈਏ ਕਿ ਇਸ ਮਾਮਲੇ ਵਿੱਚ ਕਾਂਗਰਸ ਨੇਤਾ ਅਤੇ ਡਿਪਟੀ ਸੀਐਮ ਡੀਕੇ ਸ਼ਿਵਕੁਮਾਰ ਅਤੇ ਮੁੱਖ ਮੰਤਰੀ ਸਿੱਧਰਮਈਆ ਵੀ ਦੋਸ਼ੀ ਹਨ। ਪਰ ਅਦਾਲਤ ਨੇ ਦੋਵਾਂ ਨੂੰ ਜ਼ਮਾਨਤ ਦੇ ਦਿੱਤੀ ਸੀ।

ਇਸ ਮਾਮਲੇ 'ਚ ਕਰਨਾਟਕ ਭਾਜਪਾ ਨੇ ਕਾਂਗਰਸ 'ਤੇ ਮੁੱਖ ਧਾਰਾ ਦੇ ਅਖਬਾਰਾਂ 'ਚ ਕਥਿਤ ਤੌਰ 'ਤੇ ਝੂਠੇ ਇਸ਼ਤਿਹਾਰ ਜਾਰੀ ਕਰਨ ਦਾ ਦੋਸ਼ ਲਗਾਇਆ ਸੀ। ਇਸ਼ਤਿਹਾਰ ਵਿੱਚ, ਰਾਜ ਦੀ ਤਤਕਾਲੀ ਭਾਜਪਾ ਸਰਕਾਰ 'ਤੇ 2019-2023 ਤੱਕ ਆਪਣੇ ਸ਼ਾਸਨ ਦੌਰਾਨ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਸੀ।

## ਆਗਾਮੀ ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਤਿਆਰ: ਅਨੁਰਾਗ ਵਰਮਾ

**➢ ਮੁੱਖ ਸਕੱਤਰ ਨੇ ਉਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ ➢ ਡਿਪਟੀ ਕਮਿਸ਼ਨਰਾਂ ਨੂੰ ਮੌਕੇ ਉਤੇ ਸਥਾਨਾਂ ਦਾ ਜਾਇਜ਼ਾ ਲੈਣ ਅਤੇ ਹਫਤਾਵਰੀ ਸਮੀਖਿਆ ਕਰਨ ਦੇ ਦਿੱਤੇ ਨਿਰਦੇਸ਼**

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਆਗਾਮੀ ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪ੍ਰਬੰਧਾਂ ਦਾ ਜਾਇਜ਼ਾ ਲੈਣ ਦੇ ਦਿੱਤੇ ਨਿਰਦੇਸ਼ਾਂ ਉਤੇ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਨੇ ਸਬੰਧਤ ਵਿਭਾਗਾਂ ਦੇ ਉਚ ਅਧਿਕਾਰੀਆਂ ਅਤੇ ਸਮੂਹ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਹੜ੍ਹਾਂ ਦੀ ਰੋਕਥਾਮ ਸਬੰਧੀ ਕੰਮਾਂ ਦੀ ਸਥਿਤੀ ਅਤੇ ਤਿਆਰੀਆਂ ਦਾ ਜਾਇਜ਼ਾ ਲਿਆ।

ਮੁੱਖ ਸਕੱਤਰ ਸ੍ਰੀ ਵਰਮਾ ਨੇ ਕਿਹਾ ਕਿ ਸੂਬਾ ਸਰਕਾਰ ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਵੱਡੀ ਗਿਣਤੀ ਵਿੱਚ ਕੰਮ ਪ੍ਰਗਤੀ ਅਧੀਨ ਹਨ ਜੋ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣਗੇ। ਹੜ੍ਹਾਂ ਦੇ ਸੀਜ਼ਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਨੋਟਿਸ ਲੈਂਦਿਆਂ ਮੁੱਖ ਸਕੱਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਪਿਛਲੀਆਂ ਘਟਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਰਣਨੀਤਕ ਥਾਵਾਂ 'ਤੇ ਮਿੱਟੀ ਨਾਲ ਭਰੇ ਈ.ਸੀ. ਥੈਲਿਆਂ ਦਾ ਸਟਾਕ ਰੱਖਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਕੀਤੇ ਗਏ ਕੰਮਾਂ ਦਾ ਜਾਇਜ਼ਾ ਲੈਣ ਅਤੇ ਆਪਣੇ ਅਧਿਕਾਰ ਖੇਤਰ ਅਧੀਨ ਨਾਜ਼ੁਕ ਥਾਵਾਂ ਦਾ ਦੌਰਾ ਕਰ ਕੇ ਸਮੀਖਿਆ ਕਰਨ।

ਮੁੱਖ ਸਕੱਤਰ ਨੇ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੇ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ ਜਲ ਸਰੋਤ ਵਿਭਾਗ ਵੱਲੋਂ ਪਹਿਲੀ ਵਾਰ ਸਟੇਟ ਡਿਜ਼ਾਸਟਰ ਮਿਟੀਗੇਸ਼ਨ ਫੰਡ (ਐਸ.ਡੀ.ਐਮ.ਐਫ.) ਰਾਹੀਂ 75 ਕਰੋੜ ਰੁਪਏ ਦੀ ਲਾਗਤ ਵਾਲੇ 65 ਕੰਮ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਮਗਨਰੇਗਾ ਅਧੀਨ ਅਤੇ ਉਨ੍ਹਾਂ ਨਾਲ ਮਿਲ ਕੇ ਲਗਭਗ 150 ਕਰੋੜ ਰੁਪਏ ਦੇ 716 ਕੰਮ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਲਗਭਗ 15 ਕਰੋੜ ਰੁਪਏ ਦੇ 129 ਕੰਮ ਵਿਭਾਗੀ ਮਸ਼ੀਨਰੀ ਰਾਹੀਂ ਪੂਰੇ ਕੀਤੇ ਜਾਣੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਤਰਜੀਹ ਅਤੇ ਜ਼ਰੂਰਤ ਦੇ ਆਧਾਰ 'ਤੇ ਸਟੇਟ ਫੰਡਾਂ ਰਾਹੀਂ ਲਗਭਗ 81 ਕਰੋੜ ਰੁਪਏ ਦੇ 327 ਕੰਮ ਕੀਤੇ ਜਾਣ ਦੀ ਤਜਵੀਜ਼ ਹੈ। ਇਸ ਤਰ੍ਹਾਂ ਜਲ ਸਰੋਤ ਵਿਭਾਗ ਵੱਲੋਂ ਸਾਲ 2024-25 ਵਿੱਚ ਲਗਭਗ 321 ਕਰੋੜ ਰੁਪਏ ਦੇ ਕੁੱਲ 1237 ਕੰਮ ਕੀਤੇ ਜਾਣਗੇ। ਇਸ ਵਾਰ ਡਰੇਨਾਂ ਦੇ ਕਿਨਾਰਿਆਂ 'ਤੇ ਬਾਂਸ ਦੇ ਪੌਦੇ ਲਗਾ ਕੇ ਨਵੀਂ ਪਹਿਲਕਦਮੀ ਸ਼ੁਰੂ ਕੀਤੀ ਹੈ। ਬਾਂਸ ਦੇ ਪੌਦੇ ਕੁਦਰਤੀ ਰੁਕਾਵਟ ਵਜੋਂ ਕੰਮ ਕਰਦੇ ਹਨ ਅਤੇ ਡਰੇਨਾਂ ਦੇ ਕਿਨਾਰਿਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਦੇ ਹਨ।

ਡਰੇਨਾਂ ਦੇ ਨਾਲ ਕੁੱਲ 2,50,000 ਬਾਂਸ ਦੇ ਪੌਦੇ ਲਗਾਏ ਗਏ ਹਨ। ਵਿਭਾਗ ਵੱਲੋਂ ਹੜ੍ਹਾਂ ਦੀ ਰੋਕਥਾਮ ਲਈ ਚੈਕ ਡੈਮਾਂ ਦੀ ਉਸਾਰੀ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਹੈ। ਡਰੇਨਾਂ/ਚੋਅ 'ਤੇ ਲਗਭਗ 432 ਚੈਕ ਡੈਮ ਬਣਾਏ ਗਏ ਹਨ। ਮੁੱਖ ਸਕੱਤਰ ਸ੍ਰੀ ਵਰਮਾ ਨੇ ਐਨ.ਐਚ.ਏ.ਆਈ., ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਨੂੰ ਹੜ੍ਹਾਂ ਦੇ ਪਾਣੀ ਵਿਚ ਆਉਣ ਵਾਲੀਆਂ ਸੰਭਾਵਿਤ ਰੁਕਾਵਟਾਂ ਨੂੰ ਦੂਰ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਪਾਣੀ ਦੇ ਵਹਾਅ ਵਿਚ ਕੋਈ ਰੁਕਾਵਟ ਨਾ ਆਵੇ। ਐਨ.ਐਚ.ਏ.ਆਈ. ਨੇ ਕਿਹਾ ਕਿ ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਡਰੇਨਾਂ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇਗਾ।

ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਵਿੱਤ ਅਜੋਏ ਕੁਮਾਰ ਸਿਨਹਾ, ਪ੍ਰਮੁੱਖ ਸਕੱਤਰ ਜਲ ਸਰੋਤ ਕ੍ਰਿਸ਼ਨ ਕੁਮਾਰ, ਸਕੱਤਰ ਲੋਕ ਨਿਰਮਾਣ ਪ੍ਰਿਆਂਕ ਭਾਰਤੀ, ਸਕੱਤਰ ਮਾਲ ਅਰਸ਼ਦੀਪ ਸਿੰਘ ਥਿੰਦ, ਸਕੱਤਰ ਵਿੱਤ ਦਿਪਰਵਾ ਲਾਕੜਾ, ਸਕੱਤਰ ਪੇਂਡੂ ਵਿਕਾਸ ਤੇ ਪੰਚਾਇਤ ਅਮਿਤ ਕੁਮਾਰ, ਸਕੱਤਰ ਖੇਤੀਬਾੜੀ ਅਜੀਤ ਜੋਸ਼ੀ ਅਤੇ ਵੀਡਿਓ ਕਾਨਫਰੰਸਿੰਗ ਰਾਹੀਂ ਐਨ.ਐਚ.ਆਈ. ਦੇ ਅਧਿਕਾਰੀ ਅਤੇ ਸਮੂਹ ਡਿਪਟੀ ਕਮਿਸ਼ਨਰ ਹਾਜ਼ਰ ਸਨ।

## ਐਨ. ਡੀ. ਏ. ਸੰਸਦੀ ਦਲ ਦਾ ਨੇਤਾ ਚੁਣੇ ਜਾਣ ਬਾਅਦ ਅਡਵਾਨੀ ਤੇ ਜੋਸ਼ੀ ਨੂੰ ਮਿਲੇ ਮੋਦੀ



**ਨਵੀਂ ਦਿੱਲੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਾਤਾਰ ਤੀਜੀ ਵਾਰ ਕੇਂਦਰ 'ਚ ਸਰਕਾਰ ਬਣਾਉਣ ਦਾਅਵਾ ਪੇਸ਼ ਕਰਨ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਭਾਜਪਾ ਦੇ ਸੀਨੀਅਰ ਨੇਤਾਵਾਂ ਲਾਲਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (©41) ਸੰਸਦੀ ਦਲ ਦਾ ਨੇਤਾ ਅਤੇ ਲੋਕ ਸਭਾ ਵਿਚ ਭਾਜਪਾ ਦਾ ਨੇਤਾ ਚੁਣੇ ਜਾਣ ਮਗਰੋਂ ਮੋਦੀ ਨੇ ਅਡਵਾਨੀ ਨਾਲ ਮੁਲਾਕਾਤ ਕੀਤੀ। ਅਡਵਾਨੀ ਨਾਲ ਮੁਲਾਕਾਤ ਮਗਰੋਂ ਉਹ ਭਾਜਪਾ ਦੇ ਸਾਬਕਾ ਪ੍ਰਧਾਨ ਜੋਸ਼ੀ ਦੀ ਰਿਹਾਇਸ਼ 'ਤੇ ਗਏ।

ਮੋਦੀ ਨੇ ਇਸ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਵੀ ਮੁਲਾਕਾਤ ਕੀਤੀ। ਮੋਦੀ ਬਾਅਦ ਵਿਚ ਰਾਸ਼ਟਰਪਤੀ ਭਵਨ ਜਾਣਗੇ, ਜਿੱਥੇ ਉਹ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕਰ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਗੇ। ਪਿਛਲੀ ਦਿਨੀਂ ਸੰਪੰਨ ਲੋਕ ਸਭਾ ਚੋਣਾਂ ਵਿਚ 543 ਮੈਂਬਰੀ ਲੋਕ ਸਭਾ ਵਿਚ ਭਾਜਪਾ ਨੂੰ 240 ਸੀਟਾਂ ਮਿਲੀਆਂ ਹਨ, ਜਦਕਿ ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (©41) ਨੂੰ 293 ਸੀਟਾਂ ਮਿਲੀਆਂ। ©41 ਦੀਆਂ ਸੀਟਾਂ ਦੀ ਗਿਣਤੀ ਬਹੁਮਤ ਦੇ ਜਾਦੂਈ ਅੰਕੜੇ ਤੋਂ ਵੱਧ ਹੈ। ਦੱਸ ਦੇਈਏ ਕਿ ਸੰਸਦ ਭਵਨ ਵਿਚ ਅੱਜ ਰਾਜਨਾਥ ਸਿੰਘ ਨੇ ਨਰਿੰਦਰ ਮੋਦੀ ਨੂੰ ©41 ਸੰਸਦੀ ਦਲ ਦਾ ਨੇਤਾ ਚੁਣਿਆ, ਜਿਸ ਨੂੰ ਸਾਰਿਆਂ ਦੀ ਸਹਿਮਤੀ ਨਾਲ ਪਾਸ ਕੀਤਾ ਗਿਆ। ਹੁਣ ਮੋਦੀ ਨਵੀਂ ਸਰਕਾਰ ਦੇ ਗਠਨ ਦਾ ਦਾਅਵਾ ਪੇਸ਼ ਕਰਨਗੇ।

## ਕੇਂਦਰ ਕਿਸਾਨਾਂ ਦੇ ਮਸਲੇ ਹੱਲ ਕਰਨ ਦੇ ਨਾਲ-ਨਾਲ ਕੀਤੇ ਵਾਅਦੇ ਪੂਰੇ ਕਰੇ: ਹਰਸਿਮਰਤ ਬਾਦਲ

**ਕੰਗਨਾ ਵੱਲੋਂ ਪੰਜਾਬੀਆਂ ਉਪਰ ਅਤਿਵਾਦੀ ਜਾਂ ਫ਼ਿਰਕੂਵਾਦੀ ਹੋਣ ਦੇ ਬਿਆਨ ਮਗਰੋਂ ਹਰਸਿਮਰਤ ਕੇਂਦਰ ਤੇ ਰਣੌਤ ਨੂੰ ਸਿੱਧੀ ਹੋਈ**

**ਚੰਡੀਗੜ੍ਹ, 8 ਜੂਨ/-ਅਨੀਤਾ ਜਾਂਗੜਾ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਤੇ ਦਿਨੀਂ ਚੰਡੀਗੜ੍ਹ ਏਅਰਪੋਰਟ 'ਤੇ CISF ਕਾਂਸਟੇਬਲ ਕੁਲਵਿੰਦਰ ਕੌਰ ਵੱਲੋਂ ਭਾਜਪਾ ਦੀ ਸੰਸਦ ਮੈਂਬਰ ਤੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੂੰ ਥੱਪੜ ਮਾਰੇ ਜਾਣ ਦਾ ਮੁੱਦਾ ਕਾਫ਼ੀ ਭਖਿਆ ਰਿਹਾ। ਇਸ ਮਗਰੋਂ ਕੰਗਨਾ ਰਣੌਤ ਨੇ ਵੀਡੀਓ ਸਾਂਝੀ ਕਰ ਕੇ ਕਿਹਾ ਸੀ ਕਿ ਉਹ ਠੀਕ ਹੈ, ਪਰ ਪੰਜਾਬ ਵਿਚ ਵੱਧ ਰਿਹਾ ਅੱਤਵਾਦ ਤੇ ਉਗਰਵਾਦ ਚਿੰਤਾ ਦਾ ਵਿਸ਼ਾ ਹੈ। ਇਸ ਮਗਰੋਂ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੀ ਪ੍ਰਤੀਕਿਰਿਆ ਸਾਹਮਣੇ ਆਈ ਹੈ।

ਹਰਸਿਮਰਤ ਕੌਰ ਬਾਦਲ ਨੇ ਪੰਜਾਬੀਆਂ ਨੂੰ ਅੱਤਵਾਦੀ ਜਾਂ ਉਗਰਵਾਦੀ ਕਹਿਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਨੂੰ ਵੀ ਪੰਜਾਬੀਆਂ ਬਾਰੇ ਅਜਿਹੀਆਂ ਗੱਲਾਂ ਕਹਿਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਉਨ੍ਹਾਂ ਕਿਹਾ ਕਿ ਪੰਜਾਬੀ ਦੇਸ਼ ਭਗਤੀ ਵਿਚ ਸਭ ਤੋਂ ਮੋਹਰੀ ਹਨ ਤੇ ਉਹ ਸਰਹੱਦਾਂ 'ਤੇ ਦੇਸ਼ ਦੀ ਸੇਵਾ ਕਰਨ ਵਾਲੇ ਅਤੇ ਅੰਨਦਾਤਾ ਵਜੋਂ ਦੇਸ਼ਭਗਤੀ ਨਿਭਾਅ ਰਹੇ ਹਨ। ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮਸਲੇ ਹੱਲ ਕਰਨ ਦੀ ਅਪੀਲ ਵੀ ਕੀਤੀ ਗਈ।

ਹਰਸਿਮਰਤ ਕੌਰ ਬਾਦਲ ਨੇ ਟਵੀਟ ਕੀਤਾ, ਬਮੈਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਸ਼ਿਕਾਇਤਾਂ 'ਤੇ ਧਿਆਨ ਦੇਣ ਅਤੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਅਪੀਲ ਕਰਦਾ ਹਾਂ। ਕਿਸੇ ਨੂੰ ਵੀ ਪੰਜਾਬੀਆਂ ਨੂੰ ਅੱਤਵਾਦੀ ਜਾਂ ਉਗਰਵਾਦੀ ਅਤੇ ਫਿਰਕੂ ਵੰਡੀਆਂ ਦਾ ਲੇਬਲ ਲਗਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਪੰਜਾਬੀ ਦੇਸ਼ ਭਗਤੀ ਵਿਚ ਸਭ ਤੋਂ ਮੋਹਰੀ ਹਨ, ਅਸੀਂ ਸਰਹੱਦਾਂ 'ਤੇ ਦੇਸ਼ ਦੀ ਸੇਵਾ ਕਰਨ ਵਾਲੇ ਅਤੇ ਅੰਨਦਾਤਾ ਵਜੋਂ ਦੇਸ਼ਭਗਤੀ ਨਿਭਾਅ ਰਹੇ ਹਾਂ।'

## ਐਸ.ਐਸ.ਪੀ. ਅਵਨੀਤ ਕੌਂਡਲ ਵੱਲੋਂ ਥਾਣਾ ਮੁੱਖੀ ਭਿੰਦਰ ਸਿੰਘ ਖੰਗੂੜਾ ਡੀ.ਜੀ.ਪੀ. ਡਿਸਕ ਨਾਲ ਸਨਮਾਨਿਤ

**ਮਾਛੀਵਾੜਾ ਸਾਹਿਬ, 8 ਜੂਨ**
**-ਜਤਿੰਦਰ ਕੁਮਾਰ ਝੜੌਦੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੁਲਿਸ ਜਿਲਾ ਖੰਨਾ ਦੇ ਐਸ.ਐਸ.ਪੀ. ਮੈਡਮ ਅਵਨੀਤ ਕੌਂਡਲ ਵੱਲੋਂ ਵਧੀਆ ਸੇਵਾਵਾਂ ਬਦਲੇ ਮਾਛੀਵਾੜਾ ਸਾਹਿਬ ਦੇ ਥਾਣਾ ਮੁਖੀ ਇੰਸ. ਭਿੰਦਰ ਸਿੰਘ ਖੰਗੂੜਾ ਨੂੰ ਡੀ.ਜੀ.ਪੀ. ਡਿਸਕ ਅਤੇ ਨਗਦ ਰਾਸ਼ੀ ਨਾਲ ਕੀਤਾ ਗਿਆ। ਪੁਲਿਸ ਸਟੇਸ਼ਨ ਮਾਛੀਵਾੜਾ ਵਿੱਚ ਤਾਇਨਾਤ ਥਾਣੇਦਾਰ ਕਰਨੈਲ ਸਿੰਘ ਨੂੰ ਵੀ ਡੀ.ਜੀ.ਪੀ. ਡਿਸਕ ਅਤੇ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਜ਼ਿਕਰ ਯੋਗ ਹੈ ਕਿ ਥਾਣਾ ਮੁਖੀ ਇੰਸ. ਭਿੰਦਰ ਸਿੰਘ ਖੰਗੂੜਾ ਦੀ ਸਮੁੱਚੀ ਟੀਮ ਜਿੱਥੇ ਲੰਬੇ ਸਮੇਂ ਤੋਂ ਮਾਛੀਵਾੜਾ ਵਿੱਚ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹੈ ਉੱਥੇ ਹੀ ਲੰਘੀਆਂ ਚੋਣਾਂ ਵਿੱਚ ਸਮੁੱਚੀ ਟੀਮ ਨੇ ਇਮਾਨਦਾਰੀ ਤੇ ਤਨਦੇਹੀ ਨਾਲ ਡਿਊਟੀ ਨਿਭਾਉਂਦਿਆਂ ਅਮਨ ਅਮਾਨ ਨਾਲ ਚੋਣਾਂ ਦੇ ਕੰਮ ਨੂੰ ਨੇਪਰੇ ਚਾੜ੍ਹਿਆ। ਐਸ.ਐਸ.ਪੀ. ਮੈਡਮ ਅਵਨੀਤ ਕੌਂਡਲ ਨੇ ਸਨਮਾਨਿਤ ਕਰਨ ਉਪਰੰਤ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਹਮੇਸ਼ਾ ਹੀ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਅਮਨ ਅਮਾਨ ਦੀ ਸਥਿਤੀ ਨੂੰ ਕਾਇਮ ਰੱਖਣਾ ਸਾਡੀ ਪਹਿਲੀ ਡਿਊਟੀ ਹੈ, ਜਿਸ ਨੂੰ ਪੂਰੀ ਤਨਦੇਹੀ ਦੇ ਇਮਾਨਦਾਰੀ ਨਾਲ ਨਿਭਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਉਣ ਵਾਲੇ ਅਫਸਰਾਂ ਨੂੰ ਸਨਮਾਨਿਤ ਕਰਨਾ ਮਹਿਕਮੇ ਦਾ ਮੁੱਢਲਾ ਫਰਜ਼ ਹੈ ਤਾਂ ਜੋ ਉਹਨਾਂ ਨੂੰ ਹੋਰ ਹੌਸਲਾ ਮਿਲ ਸਕੇ।

## ਸੈਂਸੈਕਸ 1618 ਅੰਕ ਚੜ੍ਹ ਕੇ ਹੋਇਆ ਬੰਦ , ਨਿਫਟੀ 468 ਅੰਕ ਵਧਿਆ

**ਮੁੰਬਈ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਹਫਤੇ ਦੇ ਆਖਰੀ ਕਾਰੋਬਾਰੀ ਦਿਨ ਯਾਨੀ 8 ਜੂਨ ਨੂੰ ਬਾਜ਼ਾਰ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਦਿਨ ਦੇ ਕਾਰੋਬਾਰ 'ਚ ਸੈਂਸੈਕਸ 76,795 ਦੇ ਪੱਧਰ 'ਤੇ ਪਹੁੰਚ ਗਿਆ। ਇਸ ਦੇ ਨਾਲ ਹੀ ਨਿਫਟੀ 'ਚ ਵੀ ਕਰੀਬ 500 ਅੰਕਾਂ ਦਾ ਵਾਧਾ ਹੋਇਆ ਹੈ, ਇਹ 23,310 ਦੇ ਪੱਧਰ 'ਤੇ ਕਾਰੋਬਾਰ ਕਰਦਾ ਦੇਖਿਆ ਗਿਆ। ਕਾਰੋਬਾਰ ਦੇ ਅੰਤ 'ਚ ਸੈਂਸੈਕਸ 1618 ਅੰਕਾਂ ਦੀ ਤੇਜ਼ੀ ਨਾਲ 76,693 'ਤੇ ਪਹੁੰਚ ਗਿਆ, ਜਦਕਿ ਨਿਫਟੀ ਵੀ 468 ਅੰਕਾਂ ਦੀ ਮਜ਼ਬੂਤੀ ਨਾਲ 23,290 ਦੇ ਪੱਧਰ 'ਤੇ ਬੰਦ ਹੋਇਆ।

ਵੀਰਵਾਰ ਨੂੰ ਅਮਰੀਕੀ ਬਾਜ਼ਾਰ 'ਚ ਸਪਾਟ ਕਾਰੋਬਾਰ ਦੇਖਣ ਨੂੰ ਮਿਲਿਆ। ਡਾਓ ਜੋਂਸ 79 ਅੰਕ ਚੜ੍ਹ ਕੇ 38,886 'ਤੇ ਬੰਦ ਹੋਇਆ। ਇਸ ਦੇ ਨਾਲ ਹੀ ਨੈਸਡੈਕ ਅਤੇ S&P 500 ਸੂਚਕਾਂਕ ਮਾਮੂਲੀ ਗਿਰਾਵਟ ਨਾਲ ਬੰਦ ਹੋਏ ਹਨ। ਨੈਸਡੈਕ 14 ਅੰਕ ਡਿੱਗ ਕੇ 17,173 'ਤੇ ਅਤੇ S&P 500 ਸੂਚਕਾਂਕ 1. ਅੰਕ ਡਿੱਗ ਕੇ 5,352 'ਤੇ ਬੰਦ ਹੋਇਆ।

ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਵੀਰਵਾਰ ਨੂੰ ਆਪਣੀ ਵਿਕਰੀ ਜਾਰੀ ਰੱਖੀ, ਉਨ੍ਹਾਂ ਨੇ 6,867.72 ਕਰੋੜ ਰੁਪਏ ਦੇ ਭਾਰਤੀ ਸ਼ੇਅਰ ਵੇਚੇ। ਜਦੋਂ ਕਿ, ਘਰੇਲੂ ਸੰਸਥਾਗਤ ਨਿਵੇਸ਼ਕਾਂ ਨੇ 3,718.38 ਕਰੋੜ ਰੁਪਏ ਦੇ ਸ਼ੇਅਰ ਖਰੀਦੇ।

## ਪੰਜਾਬ ਸਰਕਾਰ ਨੇ ਜਲੰਧਰ-ਲੁਧਿਆਣਾ ਦੇ ਪੁਲਿਸ ਕਮਿਸ਼ਨਰਾਂ ਸਮੇਤ 9 ਅਫ਼ਸਰਾਂ ਦੇ ਤਬਾਦਲੇ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਮੁਕੰਮਲ ਹੁੰਦੇ ਸਾਰ ਪੰਜਾਬ ਵਿਚ ਵੱਡਾ ਪ੍ਰਸ਼ਾਸਨਿਕ ਫੇਰਬਦਲ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਜਲੰਧਰ ਅਤੇ ਲੁਧਿਆਣਾ ਦੇ ਪੁਲਸ ਕਮਿਸ਼ਨਰਾਂ ਸਮੇਤ ਕੁੱਲ 9 ਅਫ਼ਸਰਾਂ ਦੇ ਤਬਾਦਲੇ ਕੀਤੇ ਗਏ ਹਨ। ਇਨ੍ਹਾਂ ਵਿਚ 8 ਆਈ.ਪੀ.ਐਸ. ਅਤੇ 1 ਪੀ.ਪੀ.ਐਸ. ਅਫ਼ਸਰ ਸ਼ਾਮਲ ਹਨ। ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਭੁੱਲਰ ਨੂੰ ਡੀ.ਜੀ.ਪੀ. ਆਫ਼ਿਸ ਰਿਪੋਰਟ ਕਰਨ ਦੀ ਹਦਾਇਤ ਕੀਤੀ ਗਈ ਹੈ, ਉਨ੍ਹਾਂ ਦੀ ਪੋਸਟਿੰਗ ਬਾਰੇ ਵੱਖਰੇ ਤੌਰ 'ਤੇ ਹੁਕਮ ਜਾਰੀ ਕੀਤੇ ਜਾਣਗੇ।

ਪੰਜਾਬ ਸਰਕਾਰ ਵੱਲੋਂ ਜਾਰੀ ਹੁਕਮਾਂ ਮੁਤਾਬਕ ਕੁਲਦੀਪ ਸਿੰਘ ਚਾਹਲ ਨੂੰ ਲੁਧਿਆਣਾ ਦਾ ਪੁਲਸ ਕਮਿਸ਼ਨਰ ਅਤੇ ਸਵਪਨ ਸ਼ਰਮਾ ਨੂੰ ਜਲੰਧਰ ਦਾ ਪੁਲਿਸ ਕਮਿਸ਼ਨਰ ਲਗਾਇਆ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਬਦਲੇ ਗਏ ਅਫ਼ਸਰਾਂ ਦੀ ਸੂਚੀ ਹੇਠਾਂ ਮੁਤਾਬਕ ਹੈ।

## ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਜ਼ਿਲ੍ਹਾ ਪੱਧਰ ਤੇ ਕੰਟਰੋਲ ਰੂਮ ਸਥਾਪਤ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ ਬਰਸਾਤ ਦੇ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਪਹਿਲੀ ਮੰਜ਼ਲ ਦੇ ਕਮਰਾ ਨੰਬਰ 129 ਵਿਚ ਜ਼ਿਲ੍ਹਾ ਫਲੱਡ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਫਲੱਡ ਕੰਟਰੋਲ ਰੂਮ ਦਾ ਫੋਨ ਨੰਬਰ 0183-2229125 ਹੈ ਅਤੇ ਇਹ ਕੰਟਰੋਲ ਰੂਮ 15 ਜੂਨ ਤੋਂ ਆਪਣਾ ਕੰਮ ਸ਼ੁਰੂ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਕੰਟਰੋਲ ਰੂਮ ਵਿਚ ਸ਼ਿਫਟਾਂ ਅਨੁਸਾਰ ਕਰਮਚਾਰੀਆਂ ਦੀ ਡਿਊਟੀ ਲਗਾ ਦਿੱਤੀ ਗਈ ਹੈ ਅਤੇ ਇਹ ਕਰਮਚਾਰੀ ਹੜ੍ਹਾਂ/ਬਾਰਿਸ਼ ਨਾਲ ਹੋਏ ਨੁਕਸਾਨ ਸਬੰਧੀ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਅਤੇ ਹੋਰ ਵਿਭਾਗਾਂ ਵਲੋਂ ਸੂਚਨਾ ਪ੍ਰਾਪਤ ਕਰਕੇ ਰਜਿਸਟਰ ਵਿਚ ਦਰਜ ਕਰਨਗੇ ਅਤੇ ਉਸਦੀ ਰਿਪੋਰਟ ਲਿਖਤੀ ਰੂਪ ਵਿਚ ਜ਼ਿਲ੍ਹਾ ਕੰਟਰੋਲ ਰੂਮ ਅਫਸਰ-ਕਮ-ਡਿਪਟੀ ਕਮਿਸ਼ਨਰ ਨੂੰ ਦੇਣਗੇ। ਉਨ੍ਹਾਂ ਕੰਟਰੋਲ ਰੂਮ ਵਿਚ ਲੱਗੇ ਸਮੂਹ ਕਰਮਚਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਫਲੱਡ ਡਿਊਟੀ ਵਿਚ ਕਿਸੇ ਵੀ ਕਿਸਮ ਦੀ ਕੋਈ ਕੁਤਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ।

## ਸਮੂਹ ਵਪਾਰੀ ਅਤੇ ਹੋਰ ਜਥੇਬੰਦੀਆਂ ਦਿਨੇਸ਼ ਜਿੰਦਲ ਖਿਲਾਫ਼ ਹੋ ਰਹੀ ਬੇਇਨਸਾਫ਼ੀ ਵਿਰੁੱਧ ਇਕਜੁੱਟ ਹੋ ਕੇ ਸਾਥ ਦੇਣਗੀਆਂ : ਪਵਨ ਗੁਪਤਾ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਪਵਨ ਗੁਪਤਾ, ਪਟਿਆਲਾ ਦੇ ਪ੍ਰਸਿੱਧ ਵਪਾਰੀ, ਜਿੰਦਲ ਪਲਾਈਵੁੱਡ ਦੇ ਮਾਲਕ ਸ੍ਰੀ ਦਿਨੇਸ਼ ਜਿੰਦਲ ਨੇ ਆਪਣੀ ਸੰਸਥਾ ਜੋ ਕਿ ਪਟਿਆਲਾ ਸਰਹਿੰਦ ਬਾਈਪਾਸ ਰੋਡ 'ਤੇ ਸਥਿਤ ਹੈ, ਦਾ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ ਕਿਉਂਕਿ ਹਾਲ ਹੀ ਵਿੱਚ ਮੋਬਾਈਲ ਵਿੰਗ ਦੇ ਅਧਿਕਾਰੀ ਸਤਵੰਤ ਸ. ਸਿੰਘ ਟਿਵਾਣਾ ਨੇ ਆਪਣੇ ਕਾਰੋਬਾਰੀ ਅਦਾਰੇ ਦਾ ਦੌਰਾ ਕੀਤਾ ਸੀ ਅਤੇ ਛਾਪੇਮਾਰੀ ਦੌਰਾਨ ਉਸ ਨੇ ਦਿਨੇਸ਼ ਜਿੰਦਲ ਨਾਲ ਬਦਸਲੂਕੀ ਕੀਤੀ ਅਤੇ ਥੱਪੜ ਵੀ ਮਾਰਿਆ। ਜੋ ਕਿ ਬਹੁਤ ਹੀ ਨਿੰਦਣਯੋਗ ਹੈ, ਅੱਜ ਸ੍ਰੀ ਪਵਨ ਗੁਪਤਾ ਜੀ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਦੇ ਨਾਲ ਸ੍ਰੀ ਰਵਿੰਦਰ ਸਿੰਗਲਾ ਚੇਅਰਮੈਨ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ, ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ ਪੰਜਾਬ, ਸ਼ਿਵ ਸੈਨਾ ਹਿੰਦੁਸਤਾਨ ਦੇ ਵਪਾਰ ਵਿੰਗ ਅਤੇ ਹਾਲ ਹੀ ਵਿੱਚ ਪਟਿਆਲਾ ਲੋਕ ਸਭਾ ਸੀਟ ਤੋਂ ਚੋਣ ਲੜ ਰਹੇ ਉਮੀਦਵਾਰ ਸ੍ਰੀ ਕ੍ਰਿਸ਼ਨ ਕੁਮਾਰ ਗਾਬਾ ਵੀ ਮੌਜੂਦ ਸਨ ਅਤੇ ਸ੍ਰੀ ਦਿਨੇਸ਼ ਜਿੰਦਲ ਜੀ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਸਮੂਹ ਵਪਾਰੀ ਅਤੇ ਧਾਰਮਿਕ ਸਮਾਜਿਕ ਜਥੇਬੰਦੀਆਂ ਉਨ੍ਹਾਂ ਨਾਲ ਹੋ ਰਹੀ ਇਸ ਬੇਇਨਸਾਫ਼ੀ ਵਿਰੁੱਧ ਇਕਜੁੱਟ ਹੋ ਕੇ ਸਾਥ ਦੇਣਗੀਆਂ। ਉਨ੍ਹਾਂ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਕਿ ਦੋਸ਼ੀ ਅਧਿਕਾਰੀ ਖ਼ਿਲਾਫ਼ ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਪਟਿਆਲਾ ਦੇ ਹੀ ਨਹੀਂ ਸਗੋਂ ਪੰਜਾਬ ਦੇ ਵਪਾਰੀ ਇਸ ਬੇਇਨਸਾਫ਼ੀ ਖ਼ਿਲਾਫ਼ ਇਕਜੁੱਟ ਹੋ ਕੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ਅਤੇ ਵਪਾਰ ਮੰਡਲ ਦਾ ਪੂਰਾ ਸਾਥ ਦੇਣਗੇ। ਸ੍ਰੀ ਪਵਨ ਗੁਪਤਾ ਜੀ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਾਰੋਬਾਰੀਆਂ ਦਾ ਅਪਮਾਨ ਅਤੇ ਅਪਮਾਨ ਕਰਨ ਵਾਲਿਆਂ ਖਿਲਾਫ ਜ਼ੋਰਦਾਰ ਆਵਾਜ਼ ਉਠਾਈ ਜਾਵੇਗੀ। ਵਪਾਰ ਮੰਡਲ ਇਸ ਮਾਮਲੇ ਵਿੱਚ ਜੋ ਵੀ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨਗੇ, ਸ਼ਿਵ ਸੈਨਾ ਹਿੰਦੁਸਤਾਨ ਵਪਾਰ ਸੈਨਾ ਡੱਟਕੇ ਸਮਰਥਨ ਕਰੇਗੀ।

### ਓਸ਼ੋਧਾਰਾ ਮਿੱਤਰ ਸੰਘ ਨੇ ਬੂਟੇ ਲਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ

**ਡੇਰਾਬੱਸੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਓਸ਼ੋਧਾਰਾ ਮਿੱਤਰ ਸੰਘ ਟ੍ਰਾਈਸਿਟੀ ਡੇਰਾਬੱਸੀ ਵੱਲੋਂ ਮੁਬਾਰਕਪੁਰ ਵਿਖੇ ਅਚਾਰੀਆ ਮਾਂ ਸਾਧਨਾ ਸੰਗਰ ਅਤੇ ਹੋਰ ਸੰਗਤ ਵੱਲੋਂ ਬੂਟੇ ਲਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਮਾਂ ਸਾਧਨਾ ਨੇ ਕਿਹਾ ਕਿ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਰੁੱਖ ਲਾਉਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਸਾਰੇ ਲੋਕਾਂ ਨੂੰ ਹਰ ਸਾਲ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ।

## ਧਰਮ ਦੇ ਨਾਮ ਤੇ ਪੰਜਾਬ ਦੀ ਭਾਈਚਾਰਕ ਸਾਂਝ ਤੋੜਨ ਦਾ ਕਿਸੇ ਨੂੰ ਕੋਈ ਹੱਕ ਨਹੀਂ : ਮਹੰਤ ਰਵੀ ਕਾਂਤ ਮੁਨੀ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਕੰਗਨਾ ਥੱਪੜ ਮਾਮਲੇ ਵਿੱਚ ਬਿਆਨ ਜਾਰੀ ਕਰਦਿਆਂ ਪੋਰਸ ਦਾ ਪੰਜਾਬ ਦੇ ਮੁੱਖੀ ਮਹੰਤ ਸ਼੍ਰੀ ਰਵੀ ਕਾਂਤ ਮੁਨੀ ਜੀ ਨੇ ਕਿਹਾ ਕਿ ਕੰਗਨਾ ਥੱਪੜ ਮਾਮਲੇ ਵਿੱਚ ਭੈਣ ਕੁਲਵਿੰਦਰ ਕੌਰ ਕੰਗਨਾ ਦੀ ਨਿਜੀ ਸੁਰੱਖਿਆ ਕਰਮੀ ਨਹੀਂ ਸੀ ਬਲਕਿ ਉਹ ਏਅਰਪੋਰਟ ਦੀ ਸੁਰੱਖਿਆ ਲਈ ਤੈਨਾਤ ਸੀ।

ਕਈ ਵਾਕੇ ਪਹਿਲਾਂ ਵੀ ਅਜਿਹੇ ਹੋਏ ਨੇ ਜਿੱਥੇ ਰੇਲਵੇ, ਏਅਰਲਾਈਨਜ਼, ਬਸਾਂ ਵਰਗੇ ਟਰਾਂਸਪੋਰਟ ਮਹਿਕਮਿਆਂ ਦੇ ਸਟਾਫ ਵਲੋਂ ਯਾਤਰੀਆਂ ਨਾਲ ਕੁੱਟਮਾਰ ਹੋਈ ਐ। ਕੌਣ ਸਹੀ ਕੌਣ ਗਲਤ ਇਹ ਕਾਨੂੰਨ ਦਾ ਕੰਮ ਐ ਕਾਨੂੰਨ ਨੂੰ ਕਰਨ ਦੋ ਐਂਵੇਂ ਨਾ ਜੱਜ ਬਣਿਆ ਕਰੋ।

ਇਸ ਘਟਨਾ ਨੂੰ ਅੱਤਵਾਦ ਨਾਲ ਜੋੜਨਾ ਜਾਂ ਇਸਦੀ ਤੁਲਨਾ ਇੰਦਰਾ ਗਾਂਧੀ ਦੇ ਕਾਤਲਾਂ ਸਤਵੰਤ, ਬੇਅੰਤ ਆਦਿ ਨਾਲ ਕਰਨਾ ਵੀ ਪੂਰੀ ਤਰਾਂ ਗਲਤ ਐ। ਇਹ ਪਹਿਲੀ ਘਟਨਾ ਨਹੀਂ ਜਦੋਂ ਕਿਸੇ ਦੇ ਰਾਜਨੀਤਕ ਬਿਆਨਾਂ ਕਰਕੇ ਕਿਸੇ ਨੇ ਉਸਦੇ ਥੱਪੜ ਮਾਰਿਆ ਹੋਵੇ।

ਪੀ ਚਿਦੰਬਰਮ, ਅਰਵਿੰਦ ਕੇਜਰੀਵਾਲ, ਪ੍ਰਸ਼ਾਂਤ ਭੂਸ਼ਨ, ਕਨ੍ਹਈਆ ਕੁਮਾਰ ਵਰਗੇ ਲੋਕਾਂ ਨਾਲ ਪਹਿਲਾਂ ਹੀ ਅਜਿਹੀਆਂ ਘਟਨਾਵਾਂ ਹੋਈਆਂ ਹਨ।

ਹਰ ਗੱਲ ਨੂੰ ਧਰਮ ਨਾਲ ਨਾ ਜੋੜਿਆ ਕਰੋ। ਜਿਹੜੀਆਂ ਹਿੰਦੂ ਜਾਂ ਸਿੱਖ ਜਥੇਬੰਦੀਆਂ ਜਾਂ ਮੀਡੀਆ ਅਦਾਰੇ ਜਾਂ ਹੋਰ ਇਸ ਘਟਨਾ ਨੂੰ ਕਿਸੇ ਧਰਮ ਨਾਲ ਜੋੜ ਰਹੇ ਹਨ ਉਹ ਅਸਲ ਵਿੱਚ ਪੰਜਾਬ ਦੇ ਦੁਸ਼ਮਣ ਹਨ। ਜੋ ਪੰਜਾਬ ਵਿੱਚ ਪੰਜਾਬੀਆਂ ਦੀ ਭਾਈਚਾਰਕ ਸਾਂਝ ਤੋੜਨਾ ਚਾਹੁੰਦੇ ਹਨ। ਕਿਸਾਨੀ ਅੰਦੋਲਨ ਦੀ ਆੜ ਵਿੱਚ ਲੁੱਕ ਕੇ ਉਹਨਾਂ ਆਵਦੀਆਂ ਘਟੀਆਂ ਹਰਕਤਾਂ ਪਹਿਲਾਂ ਵੀ ਕੀਤੀਆਂ ਅਤੇ ਪੰਜਾਬ ਦੇ ਹਿੰਦੂ ਸਿੱਖਾਂ ਵਿੱਚ ਪਾੜ ਪਾਉਣ ਦੀ ਕੋਸ਼ਿਸ਼ ਵੀ ਕੀਤੀ। ਕਿਸਾਨ ਅੰਦੋਲਨ ਦੇ ਆਗੂਆਂ ਨੂੰ ਇਸ ਬਾਰੇ ਖੁੱਲ ਕੇ ਬੋਲਣਾ ਚਾਹੀਦਾ ਹੈ।

ਹਮੇਸ਼ਾ ਤੋਂ ਪੰਜਾਬ ਨੇ ਦੇਸ਼ ਦੀ ਢਾਲ ਬਣਕੇ ਆਪਣਾ ਲਹੂ ਦੇ ਕੇ ਦੇਸ਼ ਦੀ ਰੱਖਿਆ ਕੀਤੀ ਹੈ। ਚਾਹੇ ਉਹ 2300 ਸਾਲ ਪਹਿਲਾਂ ਸਿਕੰਦਰ ਦਾ ਸਮਾਂ ਹੋਵੇ ਜਾਂ ਮੁਗਲਾਂ ਦਾ ਜਾਂ ਹੋਰ ਬਾਹਰਲੇ ਹਮਲਾਵਰਾਂ ਦਾ। ਅਜਾਦੀ ਅੰਦੋਲਨ ਅਤੇ ਅਜਾਦੀ ਤੋਂ ਬਾਅਦ ਵੀ ਸਭ ਤੋਂ ਵੱਧ ਪੰਜਾਬੀਆਂ ਦਾ ਲਹੂ ਹੀ ਇਸ ਦੇਸ਼ ਦੀ ਖਾਤਿਰ ਡੁਲਿਆ ਹੈ। ਪੰਜਾਬੀ ਅੱਤਵਾਦੀ ਨਹੀਂ ਦੇਸ਼ ਭਗਤ ਹਨ। ਜੇ ਪੰਜਾਬ ਵਿੱਚ ਖਾਲਿਸਤਾਨੀ ਵਿਚਾਰਧਾਰਾ ਨੇ ਨਿਰਦੋਸ਼ ਪੰਜਾਬੀ ਹਿੰਦੂਆਂ ਅਤੇ ਪੰਜਾਬੀਅਤ ਦਾ ਖੂਨ ਡੋਲਿਆ ਤਾਂ ਵੀ ਪੰਜਾਬੀਆਂ ਨੇ ਹੀ ਆਪਣੀਆਂ ਸ਼ਹਾਦਤਾਂ ਦੇ ਕੇ ਉਸ ਨੂੰ ਖਤਮ ਕੀਤਾ। ਇਸ ਲਈ ਮੂੰਹ ਤੇ ਇੱਕ ਚਪੇੜ ਵਜਨ ਕਰਕੇ ਪੰਜਾਬੀਆਂ ਨੂੰ ਅੱਤਵਾਦੀਆਂ ਦਾ ਸਰਟੀਫਿਕੇਟ ਦੇਣਾ ਉਚਿਤ ਨਹੀਂ ਹੈ।

ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਹਰ ਵਿਅਕਤੀ ਜਾਂ ਸਮੂਹ ਨੂੰ ਇਹਨਾਂ ਗੱਲਾਂ ਤੇ ਵਿਚਾਰ ਕਰਨਾ ਚਾਹੀਦਾ ਐ।

## ਟੋਇਟਾ ਕਿਰਲੋਸਕਰ ਮੋਟਰ ਨੇ ਟੋਇਟਾ ਯੂਜ਼ਡ ਕਾਰ ਆਊਟਲੈਟ (ਟੀਯੂਸੀਓ) ਸਹੂਲਤ ਸ਼ੁਰੂ ਕੀਤੀ

**ਜਲੰਧਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਇਟਾ ਕਿਰਲੋਸਕਰ ਮੋਟਰ (ਟੀਕੇਐਮ) ਨੇ ਨਵੀਂ ਦਿੱਲੀ ਵਿੱਚ ਆਪਣੇ ਪਹਿਲੀ ਕੰਪਨੀ ਦੀ ਮਲਕੀਅਤ ਵਾਲੀ ਟੋਇਟਾ ਯੂਜ਼ਡ ਕਾਰ ਆਊਟਲੈਟ (ਟੀਯੂਸੀਓ) ਦਾ ਉਦਘਾਟਨ ਕੀਤਾ। ਇਹ ਭਾਰਤ ਵਿੱਚ ਦੂਸਰਾ ਹੈ, ਜਿਸਦਾ ਬ੍ਰਾਂਡ ਨਾਮ 'ਟੋਇਟਾ-ਟਰੱਸਟ' ਹੈ। ਗਾਹਕਾਂ ਨੂੰ ਉੱਚ ਗੁਣਵੱਤਾ ਅਤੇ ਸੁਰੱਖਿਅਤ ਵਰਤੀਆਂ ਗਈਆਂ ਕਾਰਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਟੋਇਟਾ ਯੂ-ਟਰੱਸਟ ਟੋਇਟਾ ਕਾਰਾਂ ਦੀ ਖ਼ਰੀਦ ਅਤੇ ਵੇਚਣ ਦੀ ਪ੍ਰਕਿਰਿਆ ਦੌਰਾਨ ਸੁਵਿਧਾ, ਪਾਰਦਰਸ਼ਤਾ ਅਤੇ ਮਨ ਦੀ ਸ਼ਾਂਤੀ ਪ੍ਰਦਾਨ ਕਰਦਾ ਹੈ। ਇਸ ਨਵੀਂ ਸਹੂਲਤ ਦਾ ਵਿਸਤਾਰ 15,000 ਵਰਗ ਫੁੱਟ ਵਿੱਚ ਹੈ, ਜਿਸ ਵਿੱਚ 20 ਤੋਂ ਜ਼ਿਆਦਾ ਟੋਇਟਾ ਪ੍ਰਮਾਣਿਤ ਵਾਹਨਾਂ ਨੂੰ ਪ੍ਰਦਰਸ਼ਿਤ ਕਰਨ ਲਈ ਥਾਂ ਹੈ। ਟੋਇਟਾ ਵਾਹਨਾਂ ਦੀ ਖਰੀਦ ਅਤੇ ਵਿਕਰੀ ਦੋਵਾਂ ਲਈ ਇੱਕ ਰਿਟੇਲ ਟੱਚਪੁਆਇੰਟ ਵਜੋਂ, ਟੀਯੂਸੀਓ ਵਿੱਚ ਸਾਰੀਆਂ ਕਾਰਾਂ ਗਲੋਬਲ ਗੁਣਵੱਤਾ ਪੱਧਰਾਂ ਦੇ ਅਧਾਰ 'ਤੇ ਇੱਕ ਵਿਆਪਕ 203-ਪੁਆਇੰਟ ਨਿਰੀਖਣ ਤੋਂ ਗੁਜ਼ਰਦੀਆਂ ਹਨ ਤਾਂ ਕਿ ਗੁਣਵੱਤਾ ਦਾ ਮਿਆਰ ਨਿਰਧਾਰਤ ਕੀਤਾ ਜਾ ਸਕੇ। ਜਿਸ ਵਿੱਚ ਸੇਵਾ ਇਤਿਹਾਸ ਦੀ ਜਾਂਚ ਸਮੇਤ ਦਸਤਾਵੇਜ਼ਾਂ ਦੀ ਵੀ ਜਾਂਚ ਕੀਤੀ ਜਾਂਦੀ ਹੈ ਵੀ ਸ਼ਾਮਲ ਹੈ ਅਤੇ ਉਚਿਤ ਜਾਂਚ ਤੋਂ ਬਾਅਦ ਜਾਂਚਾਂ ਵਿੱਚ ਸਖ਼ਤ ਸੁਰੱਖਿਆ ਢਾਂਚਾਗਤ ਕਠੋਰਤਾ ਅਤੇ ਪ੍ਰਦਰਸ਼ਨ ਦੀ ਜਾਂਚ ਵੀ ਸ਼ਾਮਲ ਹੈ। ਟੋਇਟਾ ਕਿਰਲੋਸਕਰ ਮੋਟਰ ਦੇ ਵਾਈਸ ਪ੍ਰੈਜ਼ੀਡੈਂਟ ਸ੍ਰੀ ਤਾਕਤਸ਼ੀ ਤਾਕਾਮੀਆ ਨੇ ਯੂਜ਼ਡ ਕਾਰ ਬਿਜ਼ਨਸ 'ਤੇ ਕੰਪਨੀ ਦੇ ਵਧਦੇ ਫੋਕਸ ਬਾਰੇ ਬੋਲਦੇ ਹੋਏ ਕਿਹਾ ਕਿ ਭਾਰਤ ਵਿੱਚ ਟੋਇਟਾ ਦੇ ਸਮੁੱਚੇ ਕਾਰੋਬਾਰ ਅਤੇ ਵਿਕਾਸ ਦੀ ਰਣਨੀਤੀ ਦਾ ਇੱਕ ਮੁੱਖ ਥੰਮ ਯੂਜ਼ਡ ਕਾਰਾਂ ਦਾ ਕਾਰੋਬਾਰ ਹੈ, ਜੋ ਕਿ 'ਸਭ ਲਈ ਗਤੀਸ਼ੀਲਤਾ' ਦੇ ਸਾਡੇ ਦ੍ਰਿਸ਼ਟੀਕੋਣ ਨਾਲ ਵੀ ਨੇੜੇ ਤੋਂ ਜੁੜਿਆ ਹੋਇਆ ਹੈ।

## ਰਾਸ਼ਟਰੀ ਪਸ਼ੂ-ਧਨ ਮਿਸ਼ਨ ਸਕੀਮ ਅਧੀਨ ਪਸ਼ੂਆਂ ਦੇ ਬੀਮੇ ਦੀ ਰਾਸ਼ੀ ਤੇ 70 ਪ੍ਰਤੀਸ਼ਤ ਤੱਕ ਸਬਸਿਡੀ ਉਪਲਬੱਧ : ਡਿਪਟੀ ਡਾਇਰੈਕਟਰ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਚਰਨਜੀਤ ਸਿੰਘ ਨੇ ਦੱਸਿਆ ਕਿ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਮੂੰਹ ਖੁਰ, ਲੰਪੀ ਸਕਿਨ, ਗਲਘੋਟੂ ਆਦਿ ਕਾਰਨ ਕਈ ਵਾਰ ਪਸ਼ੂਆਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਮੌਤਾਂ ਨਾਲ ਛੋਟੇ ਅਤੇ ਦਰਮਿਆਨੇ ਡੇਅਰੀ ਫਾਰਮਰਾਂ ਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ, ਭਾਵੇਂ ਕਿ ਇਨ੍ਹਾਂ ਬਿਮਾਰੀਆਂ ਦੇ ਰੋਕਥਾਮ ਲਈ ਸਰਕਾਰ ਵੱਲੋਂ ਪਸ਼ੂਆਂ ਦਾ ਸਮੇਂ ਸਮੇਂ 'ਤੇ ਟੀਕਾਕਰਨ ਕੀਤਾ ਜਾਂਦਾ ਹੈ ਪਰ ਫਿਰ ਵੀ ਸਰਕਾਰ ਵੱਲੋਂ ਪਸ਼ੂ-ਧਨ ਦੇ ਵਿੱਤੀ ਨੁਕਸਾਨ ਨੂੰ ਘੱਟ ਕਰਨ ਲਈ ਬੀਮੇ ਦੀ ਰਾਸ਼ੀ ਤੇ ਸਬਸਿਡੀ ਦੀ ਸਹੂਲਤ ਵੀ ਦੇ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਪਸ਼ੂਆਂ ਦੇ ਆਰਥਿਕ ਨੁਕਸਾਨ ਨੂੰ ਘੱਟ ਕਰਨ ਲਈ ਡੇਅਰੀ ਵਿਕਾਸ ਵਿਭਾਗ, ਪੰਜਾਬ ਵੱਲੋਂ ਰਾਸ਼ਟਰੀ ਪਸ਼ੂ-ਧਨ ਮਿਸ਼ਨ ਸਕੀਮ ਅਧੀਨ ਪਸ਼ੂਆਂ (ਮੱਝਾਂ ਅਤੇ ਗਾਵਾਂ) ਦੇ ਬੀਮੇ ਦੀ ਰਾਸ਼ੀ ਤੇ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 70 ਪ੍ਰਤੀਸ਼ਤ ਸਬਸਿਡੀ ਅਤੇ ਜਨਰਲ ਜਾਤੀ ਲਾਭਪਾਤਰੀਆਂ ਨੂੰ 50 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਰਹੀ ਹੈ। ਇਹ ਸਕੀਮ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੀ ਸਾਂਝੀ ਸਕੀਮ ਹੈ। ਇਹ ਸਕੀਮ ਪ੍ਰਤੀ ਪਰਿਵਾਰ 1 ਤੋਂ 5 ਪਸ਼ੂਆਂ ਤੱਕ ਹੀ ਉਪਲਬਧ ਹੈ ਜਿਸ ਵਿੱਚ ਪਸ਼ੂ ਦੀ ਕੀਮਤ 70 ਹਜ਼ਾਰ ਰੁਪਏ ਨਿਰਧਾਰਿਤ ਕੀਤੀ ਗਈ ਹੈ।

ਇਸ ਸਕੀਮ ਅਧੀਨ ਇੱਕ ਸਾਲ ਦਾ ਬੀਮਾ ਐਸ.ਸੀ ਅਤੇ ਐਸ.ਟੀ ਲਾਭਪਾਤਰੀਆਂ ਦੇ ਪਸ਼ੂਆਂ ਦਾ 672 ਰੁਪਏ ਵਿੱਚ ਅਤੇ ਜਨਰਲ ਲਾਭਪਾਤਰੀਆਂ ਦੇ ਪਸ਼ੂਆਂ ਦਾ 1120 ਰੁਪਏ ਵਿੱਚ ਕੀਤਾ ਜਾ ਰਿਹਾ ਹੈ।

ਇਸ ਰਾਸ਼ੀ ਵਿੱਚ ਜਨਰਲ ਵਰਗ ਲਈ 50 ਪ੍ਰਤੀਸ਼ਤ ਅਤੇ ਐਸ.ਸੀ ਅਤੇ ਐਸ.ਟੀ ਵਰਗ ਲਈ 70 ਪ੍ਰਤੀਸ਼ਤ ਸਬਸਿਡੀ ਕੱਟ ਕੇ ਦੁੱਧ ਉਤਪਾਦਕ ਵੱਲੋਂ ਇਹ ਰਾਸ਼ੀ ਦਿੱਤੀ ਜਾਣੀ ਹ।

ਇਸ ਸਕੀਮ ਦਾ ਲਾਭ ਕੋਈ ਵੀ ਦੁੱਧ ਉਤਪਾਦਕ ਜਿਸ ਨੇ ਬੈਂਕ ਤੋਂ ਡੇਅਰੀ ਕਰਜ਼ਾ ਲਿਆ ਹੈ ਜਾਂ ਨਹੀਂ ਲਿਆ ਹੈ, ਕੇਸੀਸੀ ਸਕੀਮ ਲਈ ਹੈ ਜਾਂ ਨਹੀਂ ਲਈ ਹੈ, ਸਕੀਮ ਦਾ ਲਾਭ ਲੈ ਸਕਦਾ ਹੈ। ਇਸ ਤੋਂ ਇਲਾਵਾ ਸਿੱਧੇ ਤੌਰ ਤੇ ਡੇਅਰੀ ਕਿੱਤਾ ਕਰਨ ਵਾਲੇ ਵੀ ਕਿਸਾਨ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਦੁੱਧ ਉਤਪਾਦਕਾਂ ਨੂੰ ਸਰਕਾਰ ਦੀ ਇਸ ਸਕੀਮ ਦਾ ਵੱਧ ਤੋਂ ਵੱਧ ਫ਼ਾਇਦਾ ਲੈਣ ਲਈ ਅਪੀਲ ਕੀਤੀ ਜਾਂਦੀ ਹੈ। ਬੀਮਾ ਕਰਵਾਉਣ ਲਈ ਫ਼ੋਨ ਨੰ. 87278-86230 ਅਤੇ 91154-50171 ਨਾਲ ਸੰਪਰਕ ਕਰ ਲਿਆ ਜਾਵੇ।

# ਇੱਕ ਵਿਸ਼ਲੇਸ਼ਣ:2024 ਵਿੱਚ ਭਾਜਪਾ ਦਾ ਉਭਾਰ



RUPINDER KAUR JATWINDER GREWAL
zamidara@yahoo.com




ਭਾਰਤੀ ਜਨਤਾ ਪਾਰਟੀ (ਭਾਜਪਾ) ਪਿਛਲੇ ਇੱਕ ਦਹਾਕੇ ਤੋਂ ਭਾਰਤੀ ਰਾਜਨੀਤੀ ਵਿੱਚ ਇੱਕ ਪ੍ਰਮੁੱਖ ਤਾਕਤ ਰਹੀ ਹੈ। ਨਰਿੰਦਰ ਮੋਦੀ ਦੀ ਅਗਵਾਈ ਹੇਠ 2014 ਦੀਆਂ ਆਮ ਚੋਣਾਂ ਵਿੱਚ ਆਪਣੀ ਇਤਿਹਾਸਕ ਜਿੱਤ ਤੋਂ ਬਾਅਦ, ਭਾਜਪਾ ਨੇ 2019 ਵਿੱਚ ਇੱਕ ਹੋਰ ਪ੍ਰਭਾਵਸ਼ਾਲੀ ਜਿੱਤ ਨਾਲ ਆਪਣੀ ਸਥਿਤੀ ਮਜ਼ਬੂਤ ਕੀਤੀ। ਜਿਵੇਂ ਹੀ ਭਾਰਤ 2024 ਦੀਆਂ ਆਮ ਚੋਣਾਂ ਨੇੜੇ ਆ ਰਿਹਾ ਸੀ, ਰਾਜਨੀਤਿਕ ਦ੍ਰਿਸ਼ ਇੱਕ ਵਾਰ ਫਿਰ ਮਹੱਤਵਪੂਰਨ ਤਬਦੀਲੀਆਂ ਲਈ ਤਿਆਰ ਸੀ। ਇਹ ਲੇਖ 2024 ਵਿੱਚ ਭਾਜਪਾ ਦੇ ਉਭਾਰ ਵਿੱਚ ਯੋਗਦਾਨ ਪਾਉਣ ਵਾਲੇ ਕਾਰਕਾਂ ਦੀ ਪੜਚੋਲ ਕਰਦਾ ਹੈ, ਰਾਜਨੀਤਿਕ ਰਣਨੀਤੀਆਂ, ਸਮਾਜਿਕ-ਆਰਥਿਕ ਸਥਿਤੀਆਂ, ਅਤੇ ਲੀਡਰਸ਼ਿਪ ਗਤੀਸ਼ੀਲਤਾ ਦਾ ਵਿਸ਼ਲੇਸ਼ਣ ਕਰਦਾ ਹੈ ਜਿਨ੍ਹਾਂ ਨੇ ਪ੍ਰਮੁੱਖ ਭੂਮਿਕਾਵਾਂ ਨਿਭਾਈਆਂ ਹਨ।

ਇਤਿਹਾਸਕ ਪ੍ਰਸੰਗ ਅਤੇ ਪਿਛੋਕੜ ਭਾਜਪਾ ਦੀ ਚੜ੍ਹਾਈ 1980 ਦੇ ਦਹਾਕੇ ਦੇ ਅਖੀਰ ਅਤੇ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਸ਼ੁਰੂ ਹੋਈ, ਜਿਸਦੀ ਜੜ੍ਹ ਹਿੰਦੂਤਵ ਪ੍ਰਤੀ ਇਸਦੀ ਵਿਚਾਰਧਾਰਕ ਵਚਨਬੱਧਤਾ ਅਤੇ ਇੱਕ ਮਜ਼ਬੂਤ, ਏਕੀਕ੍ਰਿਤ ਰਾਸ਼ਟਰੀ ਪਛਾਣ ਲਈ ਇਸਦੀ ਵਕਾਲਤ ਵਿੱਚ ਸੀ। ਹਾਲਾਂਕਿ, ਇਹ 2014 ਦੀਆਂ ਚੋਣਾਂ ਸਨ ਜੋ ਪਾਰਟੀ ਲਈ ਇੱਕ ਤਬਦੀਲੀ ਵਾਲਾ ਪਲ ਸੀ। ਨਰਿੰਦਰ ਮੋਦੀ ਦੇ ਵਿਕਾਸ (ਵਿਕਾਸ) ਦੇ ਵਾਅਦੇ, ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵਿਰੁੱਧ ਮਜ਼ਬੂਤ ਸੱਤਾ ਵਿਰੋਧੀ ਭਾਵਨਾ ਦੇ ਨਾਲ, ਭਾਜਪਾ ਨੂੰ ਨਿਰਣਾਇਕ ਜਿੱਤ ਵੱਲ ਵਧਾਇਆ। 2019 ਵਿੱਚ, ਪਾਰਟੀ ਨੇ ਦੂਜਾ ਕਾਰਜਕਾਲ ਹਾਸਲ ਕਰਨ ਲਈ ਰਾਸ਼ਟਰੀ ਸੁਰੱਖਿਆ ਚਿੰਤਾਵਾਂ, ਸਮਾਜ ਭਲਾਈ ਸਕੀਮਾਂ, ਅਤੇ ਮੋਦੀ ਦੀ ਨਿੱਜੀ ਪ੍ਰਸਿੱਧੀ ਦਾ ਲਾਭ ਉਠਾਇਆ।

2024 ਵਿੱਚ ਭਾਜਪਾ ਦੇ ਉਭਾਰ ਵਿੱਚ ਯੋਗਦਾਨ ਪਾਉਣ ਵਾਲੇ ਕਾਰਕ

ਨਰਿੰਦਰ ਮੋਦੀ ਦੀ ਲੀਡਰਸ਼ਿਪ ਅਤੇ ਕਰਿਸ਼ਮਾ: ਨਰਿੰਦਰ ਮੋਦੀ ਦੀ ਅਗਵਾਈ ਭਾਜਪਾ ਦੀ ਸਫਲਤਾ ਦਾ ਆਧਾਰ ਹੈ। ਰਾਸ਼ਟਰੀ ਹਿੱਤਾਂ ਨੂੰ ਪਹਿਲ ਦੇਣ ਵਾਲੇ ਇੱਕ ਨਿਰਣਾਇਕ, ਅਵਿਨਾਸ਼ੀ ਨੇਤਾ ਵਜੋਂ ਉਸਦੀ ਤਸਵੀਰ ਭਾਰਤੀ ਵੋਟਰਾਂ ਦੇ ਇੱਕ ਮਹੱਤਵਪੂਰਨ ਹਿੱਸੇ ਵਿੱਚ ਗੂੰਜਦੀ ਹੈ। ਮੋਦੀ ਦੀ ਆਪਣੀ ਭਾਸ਼ਣ ਕਲਾ ਅਤੇ ਜਨ ਆਊਟਰੀਚ ਪ੍ਰੋਗਰਾਮਾਂ ਰਾਹੀਂ ਲੋਕਾਂ ਨਾਲ ਜੁੜਨ ਦੀ ਯੋਗਤਾ ਭਾਜਪਾ ਲਈ ਇੱਕ ਵੱਡੀ ਸੰਪਤੀ ਬਣੀ ਰਹੀ ਹੈ।

ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੀ ਪ੍ਰਭਾਵਸ਼ਾਲੀ ਵਰਤੋਂ: ਭਾਜਪਾ ਦੀ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੀ ਰਣਨੀਤਕ ਵਰਤੋਂ ਬੇਮਿਸਾਲ ਰਹੀ ਹੈ। ਪਾਰਟੀ ਦੇ ਆਈਟੀ ਸੈੱਲ ਨੇ ਆਪਣੇ ਸੰਦੇਸ਼ ਨੂੰ ਪ੍ਰਸਾਰਿਤ ਕਰਨ, ਵਿਰੋਧੀ ਬਿਆਨਾਂ ਦਾ ਮੁਕਾਬਲਾ ਕਰਨ ਅਤੇ ਵੋਟਰਾਂ ਨਾਲ ਸਿੱਧੇ ਤੌਰ 'ਤੇ ਜੁੜਨ ਲਈ ਵਟਸਐਪ, ਟਵਿੱਟਰ ਅਤੇ ਫੇਸਬੁੱਕ ਵਰਗੇ ਪਲੇਟਫਾਰਮਾਂ ਦੀ ਵਰਤੋਂ ਕੀਤੀ ਹੈ। ਇਸ ਡਿਜੀਟਲ ਆਊਟਰੀਚ ਨੇ ਭਾਜਪਾ ਨੂੰ ਜਨਤਕ ਭਾਸ਼ਣਾਂ ਵਿੱਚ ਲਗਾਤਾਰ ਮੌਜੂਦਗੀ ਬਣਾਈ ਰੱਖਣ ਵਿੱਚ ਮਦਦ ਕੀਤੀ ਹੈ।

ਜ਼ਮੀਨੀ ਪੱਧਰ 'ਤੇ ਸੰਗਠਨ ਅਤੇ ਗਤੀਸ਼ੀਲਤਾ: ਜ਼ਮੀਨੀ ਪੱਧਰ 'ਤੇ ਭਾਜਪਾ ਦੀ ਸੰਗਠਨਾਤਮਕ ਤਾਕਤ ਇਕ ਹੋਰ ਮਹੱਤਵਪੂਰਨ ਕਾਰਕ ਹੈ। ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ), ਇਸਦਾ ਵਿਚਾਰਧਾਰਕ ਮਾਤਾ-ਪਿਤਾ, ਵਲੰਟੀਅਰਾਂ ਅਤੇ ਕਾਰਕੁਨਾਂ ਦਾ ਇੱਕ ਵਿਸ਼ਾਲ ਨੈਟਵਰਕ ਪ੍ਰਦਾਨ ਕਰਦਾ ਹੈ ਜੋ ਵੋਟਰਾਂ ਨੂੰ ਲਾਮਬੰਦ ਕਰਨ ਲਈ ਅਣਥੱਕ ਕੰਮ ਕਰਦੇ ਹਨ। ਭਾਜਪਾ ਨੇ ਚੋਣਾਂ ਦੌਰਾਨ ਮਜ਼ਬੂਤ ਮੈਦਾਨੀ ਖੇਡ ਨੂੰ ਯਕੀਨੀ ਬਣਾਉਣ ਲਈ ਆਪਣੀ ਬੂਥ ਪੱਧਰੀ ਮੌਜੂਦਗੀ ਨੂੰ ਮਜ਼ਬੂਤ ਕਰਨ ਲਈ ਵੀ ਨਿਵੇਸ਼ ਕੀਤਾ ਹੈ।

ਸਮਾਜ ਭਲਾਈ ਸਕੀਮਾਂ ਅਤੇ ਸ਼ਾਸਨ: ਭਾਜਪਾ ਨੇ ਆਪਣੀਆਂ ਵੱਖ-ਵੱਖ ਸਮਾਜ ਭਲਾਈ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕੀਤਾ ਹੈ, ਜਿਵੇਂ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਆਵਾਸ), ਆਯੁਸ਼ਮਾਨ ਭਾਰਤ (ਸਿਹਤ ਸੰਭਾਲ), ਅਤੇ ਉੱਜਵਲਾ ਯੋਜਨਾ (ਐਲਪੀਜੀ ਕਨੈਕਸ਼ਨ)। ਇਹਨਾਂ ਪਹਿਲਕਦਮੀਆਂ ਨੇ ਲੱਖਾਂ ਲੋਕਾਂ ਦੇ ਜੀਵਨ 'ਤੇ ਠੋਸ ਪ੍ਰਭਾਵ ਪਾਇਆ ਹੈ, ਖਾਸ ਤੌਰ 'ਤੇ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ, ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕਰਨ ਵਾਲਾ ਇੱਕ ਵਫ਼ਾਦਾਰ ਵੋਟਰ ਅਧਾਰ ਬਣਾਇਆ ਹੈ।

ਰਾਸ਼ਟਰਵਾਦ ਅਤੇ ਸੁਰੱਖਿਆ ਚਿੰਤਾ: ਰਾਸ਼ਟਰਵਾਦ ਅਤੇ ਰਾਸ਼ਟਰੀ ਸੁਰੱਖਿਆ ਭਾਜਪਾ ਦੇ ਰਾਜਨੀਤਿਕ ਬਿਰਤਾਂਤ ਵਿੱਚ ਕੇਂਦਰੀ ਵਿਸ਼ੇ ਰਹੇ ਹਨ। 2019 ਵਿੱਚ ਬਾਲਾਕੋਟ ਹਵਾਈ ਹਮਲੇ ਵਰਗੀਆਂ ਘਟਨਾਵਾਂ ਦੀ ਵਰਤੋਂ ਪਾਰਟੀ ਨੂੰ ਰਾਸ਼ਟਰੀ ਰੱਖਿਆ 'ਤੇ ਮਜ਼ਬੂਤ ਵਜੋਂ ਪੇਸ਼ ਕਰਨ ਲਈ ਕੀਤੀ ਗਈ ਸੀ। 2024 ਵਿੱਚ, ਭਾਜਪਾ ਨੇ ਵੋਟਰਾਂ ਵਿੱਚ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਅਪੀਲ ਕਰਦੇ ਹੋਏ, ਭਾਰਤ ਦੀ ਪ੍ਰਭੂਸੱਤਾ ਦੀ ਰੱਖਿਆ ਅਤੇ ਅੱਤਵਾਦ ਦਾ ਮੁਕਾਬਲਾ ਕਰਨ ਲਈ ਆਪਣੀ ਵਚਨਬੱਧਤਾ 'ਤੇ ਜ਼ੋਰ ਦੇਣਾ ਜਾਰੀ ਰੱਖਿਆ।

ਆਰਥਿਕ ਨੀਤੀਆਂ ਅਤੇ ਸੁਧਾਰ: ਆਰਥਿਕ ਮੰਦੀ ਅਤੇ ਕੋਵਿਡ-19 ਮਹਾਂਮਾਰੀ ਦੇ ਪ੍ਰਭਾਵ ਵਰਗੀਆਂ ਚੁਣੌਤੀਆਂ ਦੇ ਬਾਵਜੂਦ, ਭਾਜਪਾ ਨੇ ਮਹੱਤਵਪੂਰਨ ਆਰਥਿਕ ਸੁਧਾਰਾਂ ਨੂੰ ਅੱਗੇ ਵਧਾਇਆ ਹੈ। ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐਸਟੀ), ਮੇਕ ਇਨ ਇੰਡੀਆ, ਅਤੇ ਆਤਮਨਿਰਭਰ ਭਾਰਤ (ਸਵੈ-ਨਿਰਭਰ ਭਾਰਤ) ਮੁਹਿੰਮ ਵਰਗੀਆਂ ਪਹਿਲਕਦਮੀਆਂ ਨੂੰ ਆਰਥਿਕ ਪੁਨਰ ਸੁਰਜੀਤੀ ਅਤੇ ਰੁਜ਼ਗਾਰ ਸਿਰਜਣ ਵੱਲ ਕਦਮਾਂ ਵਜੋਂ ਅੱਗੇ ਵਧਾਇਆ ਗਿਆ ਹੈ।

ਕਮਜ਼ੋਰ ਵਿਰੋਧੀ ਧਿਰ: ਵਿਰੋਧੀ ਧਿਰ ਅੰਦਰਲੀ ਗੜਬੜ ਨੇ ਵੀ ਭਾਜਪਾ ਦੇ ਉਭਾਰ ਦਾ ਰਾਹ ਪੱਧਰਾ ਕੀਤਾ ਹੈ। ਭਾਰਤੀ ਰਾਸ਼ਟਰੀ ਕਾਂਗਰਸ, ਮੁੱਖ ਵਿਰੋਧੀ ਪਾਰਟੀ, ਲੀਡਰਸ਼ਿਪ ਸੰਕਟ ਅਤੇ ਇਕਸਾਰ ਰਣਨੀਤੀ ਦੀ ਘਾਟ ਨਾਲ ਜੂਝ ਰਹੀ ਹੈ। ਖੇਤਰੀ ਪਾਰਟੀਆਂ ਵਿਚ ਵਿਰੋਧੀ ਵੋਟਾਂ ਦੇ ਟੁੱਟਣ ਅਤੇ ਭਾਜਪਾ ਦੇ ਖਿਲਾਫ ਇਕਜੁੱਟ ਮੋਰਚੇ ਦੀ ਅਣਹੋਂਦ ਨੇ ਸੱਤਾਧਾਰੀ ਪਾਰਟੀ ਦੀਆਂ ਸੰਭਾਵਨਾਵਾਂ ਨੂੰ ਹੋਰ ਹੁਲਾਰਾ ਦਿੱਤਾ ਹੈ।

ਭਾਰਤੀ ਰਾਜਨੀਤੀ ਅਤੇ ਸਮਾਜ 'ਤੇ ਪ੍ਰਭਾਵ

ਹਿੰਦੂ ਰਾਸ਼ਟਰਵਾਦ ਦਾ ਏਕੀਕਰਨ: ਭਾਜਪਾ ਦੇ ਉਭਾਰ ਨੇ ਭਾਰਤੀ ਰਾਜਨੀਤੀ ਵਿੱਚ ਹਿੰਦੂ ਰਾਸ਼ਟਰਵਾਦ ਨੂੰ ਵਧੇਰੇ ਮਜ਼ਬੂਤ ਕਰਨ ਦੀ ਅਗਵਾਈ ਕੀਤੀ ਹੈ। ਇਸ ਨੇ ਨੀਤੀ-ਨਿਰਮਾਣ ਅਤੇ ਸਿਆਸੀ ਭਾਸ਼ਣ ਨੂੰ ਪ੍ਰਭਾਵਿਤ ਕੀਤਾ ਹੈ, ਕਈ ਵਾਰ ਭਾਰਤੀ ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖ ਸਿਧਾਂਤਾਂ ਦੀ ਕੀਮਤ 'ਤੇ। ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਅਤੇ ਜੰਮੂ-ਕਸ਼ਮੀਰ ਵਿਚ ਧਾਰਾ 370 ਨੂੰ ਰੱਦ ਕਰਨ ਵਰਗੇ ਮੁੱਦਿਆਂ 'ਤੇ ਪਾਰਟੀ ਦਾ ਰੁਖ ਇਸ ਵਿਚਾਰਧਾਰਕ ਤਬਦੀਲੀ ਨੂੰ ਦਰਸਾਉਂਦਾ ਹੈ।

ਸ਼ਕਤੀ ਦਾ ਕੇਂਦਰੀਕਰਨ: ਮੋਦੀ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਸੱਤਾ ਦਾ ਕੇਂਦਰੀਕਰਨ ਧਿਆਨ ਦੇਣ ਯੋਗ ਹੋਇਆ ਹੈ। ਇਸ ਨਾਲ ਸੰਘੀ ਸਿਧਾਂਤਾਂ ਨੂੰ ਕਮਜ਼ੋਰ ਕਰਨ ਅਤੇ ਰਾਜ ਸਰਕਾਰਾਂ ਦੇ ਹਾਸ਼ੀਏ 'ਤੇ ਜਾਣ ਬਾਰੇ ਚਿੰਤਾਵਾਂ ਪੈਦਾ ਹੋਈਆਂ ਹਨ, ਖਾਸ ਤੌਰ 'ਤੇ ਜੋ ਭਾਜਪਾ ਨਾਲ ਗੱਠਜੋੜ ਨਹੀਂ ਹਨ।

ਧਰੁਵੀਕਰਨ ਅਤੇ ਸਮਾਜਿਕ ਤਣਾਅ: ਭਾਜਪਾ ਦੀਆਂ ਸਿਆਸੀ ਰਣਨੀਤੀਆਂ ਦੇ ਨਤੀਜੇ ਵਜੋਂ ਕਈ ਵਾਰ ਸਮਾਜਿਕ ਧਰੁਵੀਕਰਨ ਵਧਿਆ ਹੈ।ਪਛਾਣ ਦੀ ਰਾਜਨੀਤੀ 'ਤੇ ਜ਼ੋਰ ਅਤੇ ਖਾਸ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਫਿਰਕੂ ਤਣਾਅ ਨੂੰ ਵਧਾ ਦਿੱਤਾ ਹੈ।

ਨਾਗਰਿਕਤਾ ਸੋਧ ਕਾਨੂੰਨ (311) ਅਤੇ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼ (NRC) ਵਰਗੇ ਮੁੱਦਿਆਂ ਨੇ ਭਾਰਤ ਦੇ ਧਰਮ ਨਿਰਪੱਖ ਤਾਣੇ-ਬਾਣੇ ਬਾਰੇ ਵਿਆਪਕ ਵਿਰੋਧ ਅਤੇ ਬਹਿਸਾਂ ਨੂੰ ਜਨਮ ਦਿੱਤਾ ਹੈ।

ਆਰਥਿਕ ਚੁਣੌਤੀਆਂ: ਵੱਖ-ਵੱਖ ਪਹਿਲਕਦਮੀਆਂ ਦੇ ਬਾਵਜੂਦ, ਭਾਜਪਾ ਸਰਕਾਰ ਨੂੰ ਆਰਥਿਕਤਾ ਨੂੰ ਸੰਭਾਲਣ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ। ਬੇਰੁਜ਼ਗਾਰੀ, ਖੇਤੀ ਸੰਕਟ ਅਤੇ ਆਮਦਨ ਅਸਮਾਨਤਾ ਵਰਗੇ ਮੁੱਦੇ ਮਹੱਤਵਪੂਰਨ ਚੁਣੌਤੀਆਂ ਬਣੇ ਹੋਏ ਹਨ। ਕੋਵਿਡ-19 ਮਹਾਂਮਾਰੀ ਦੇ ਪ੍ਰਭਾਵ ਨੇ ਆਰਥਿਕ ਸੰਕਟਾਂ ਨੂੰ ਹੋਰ ਵਧਾ ਦਿੱਤਾ, ਜਿਸ ਨਾਲ ਸਰਕਾਰ ਦੀਆਂ ਨੀਤੀਆਂ ਦੀ ਪ੍ਰਭਾਵਸ਼ੀਲਤਾ ਬਾਰੇ ਬਹਿਸ ਹੋਈ।

ਗਲੋਬਲ ਸਟੈਂਡਿੰਗ: ਅੰਤਰਰਾਸ਼ਟਰੀ ਮੋਰਚੇ 'ਤੇ, ਭਾਜਪਾ ਦੇ ਕਾਰਜਕਾਲ ਨੇ ਭਾਰਤ ਨੂੰ ਵਧੇਰੇ ਜ਼ੋਰਦਾਰ ਰੁਖ ਅਪਣਾਉਂਦੇ ਦੇਖਿਆ ਹੈ। ਮੋਦੀ ਦੀ ਵਿਦੇਸ਼ ਨੀਤੀ, ਐਕਟ ਈਸਟ ਨੀਤੀ, ਵੱਡੀਆਂ ਗਲੋਬਲ ਸ਼ਕਤੀਆਂ ਨਾਲ ਸ਼ਮੂਲੀਅਤ, ਅਤੇ ਭਾਰਤ ਨੂੰ ਇੱਕ ਗਲੋਬਲ ਲੀਡਰ ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ, ਨੇ ਵਿਸ਼ਵ ਪੱਧਰ 'ਤੇ ਭਾਰਤ ਦੀ ਸਥਿਤੀ ਨੂੰ ਵਧਾਇਆ ਹੈ।

ਸਿੱਟਾ

2024 ਦੀਆਂ ਆਮ ਚੋਣਾਂ ਵਿੱਚ ਭਾਜਪਾ ਦਾ ਉਭਾਰ ਲੀਡਰਸ਼ਿਪ, ਰਣਨੀਤਕ ਸੰਚਾਰ, ਜ਼ਮੀਨੀ ਪੱਧਰ 'ਤੇ ਲਾਮਬੰਦੀ, ਅਤੇ ਸਮਾਜਿਕ-ਰਾਜਨੀਤਿਕ ਗਤੀਸ਼ੀਲਤਾ ਦੇ ਗੁੰਝਲਦਾਰ ਇੰਟਰਪਲੇਅ ਨੂੰ ਰੇਖਾਂਕਿਤ ਕਰਦਾ ਹੈ। ਨਰਿੰਦਰ ਮੋਦੀ ਦੀ ਲਗਾਤਾਰ ਲੋਕਪ੍ਰਿਯਤਾ, ਪਾਰਟੀ ਦੁਆਰਾ ਤਕਨਾਲੋਜੀ ਦੀ ਨਿਪੁੰਨ ਵਰਤੋਂ ਅਤੇ ਪ੍ਰਭਾਵਸ਼ਾਲੀ ਸ਼ਾਸਨ ਪਹਿਲਕਦਮੀਆਂ ਦੇ ਨਾਲ, ਭਾਰਤੀ ਰਾਜਨੀਤੀ ਵਿੱਚ ਇਸਦੇ ਦਬਦਬੇ ਨੂੰ ਹੋਰ ਮਜ਼ਬੂਤ ਕੀਤਾ ਹੈ। ਹਾਲਾਂਕਿ, ਇਹ ਚੜ੍ਹਤ ਚੁਣੌਤੀਆਂ ਵੀ ਲਿਆਉਂਦੀ ਹੈ, ਖਾਸ ਤੌਰ 'ਤੇ ਸਮਾਜਿਕ ਸਦਭਾਵਨਾ ਬਣਾਈ ਰੱਖਣ, ਆਰਥਿਕ ਮੁੱਦਿਆਂ ਨੂੰ ਹੱਲ ਕਰਨ ਅਤੇ ਲੋਕਤੰਤਰੀ ਸਿਧਾਂਤਾਂ ਨੂੰ ਕਾਇਮ ਰੱਖਣ ਵਿੱਚ। ਜਿਵੇਂ ਹੀ ਭਾਰਤ ਅੱਗੇ ਵਧਦਾ ਹੈ, ਭਾਜਪਾ ਦੀ ਚਾਲ ਦੇਸ਼ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਲੈਂਡਸਕੇਪ ਨੂੰ ਮਹੱਤਵਪੂਰਨ ਰੂਪ ਵਿੱਚ ਆਕਾਰ ਦੇਵੇਗੀ।

## ਕੰਗਨਾ ਰਣੌਤ ਨੂੰ ਅਦਾਕਾਰ ਅਨੁਪਮ ਖੇਰ ਨੇ ਲੋਕ ਸਭਾ ਚੋਣਾਂ 2024 'ਚ ਜਿੱਤ ਪ੍ਰਾਪਤ ਕਰਨ ਲਈ ਦਿੱਤੀ ਵਧਾਈ

ਮੰਡੀ, 4 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਕੰਗਨਾ ਰਣੌਤ ਨੇ ਲੋਕ ਸਭਾ ਚੋਣਾਂ 2024 ਜਿੱਤ ਕੇ ਰਾਜਨੀਤੀ ਵਿੱਚ ਵੱਡੀ ਐਂਟਰੀ ਕੀਤੀ ਹੈ। ਕੰਗਨਾ ਰਣੌਤ ਲੋਕ ਸਭਾ ਚੋਣਾਂ 2024 ਵਿੱਚ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਦੀ ਉਮੀਦਵਾਰ ਸੀ। ਹੁਣ ਉਹ ਮੰਡੀ ਲੋਕ ਸਭਾ ਸੀਟ ਤੋਂ ਚੋਣਾਂ ਜਿੱਤ ਗਈ ਹੈ। ਕੰਗਨਾ ਨੇ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਅਤੇ ਮੌਜੂਦਾ ਸੰਸਦ ਮੈਂਬਰ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਹੈ। ਅਜਿਹੇ 'ਚ ਉਨ੍ਹਾਂ ਨੂੰ ਬਾਲੀਵੁੱਡ ਸਿਤਾਰਿਆਂ ਵਲੋਂ ਵਧਾਈਆਂ ਮਿਲ ਰਹੀਆਂ ਹਨ।

ਅਦਾਕਾਰ ਅਨੁਪਮ ਖੇਰ ਨੇ ਕੰਗਨਾ ਰਣੌਤ ਨੂੰ ਜਿੱਤ 'ਤੇ ਵਧਾਈ ਦਿੱਤੀ ਹੈ। ਉਸ ਨੇ ਅਦਾਕਾਰਾ ਕੰਗਨਾ ਦਾ ਵੀਡੀਓ ਸਾਂਝਾ ਕੀਤਾ ਅਤੇ ਲਿਖਿਆ, 'ਪਿਆਰੀ ਕੰਗਨਾ, ਤੁਹਾਡੀ ਵੱਡੀ ਜਿੱਤ 'ਤੇ ਵਧਾਈਆਂ। ਤੁਸੀਂ ਇੱਕ ਰੌਕਸਟਾਰ ਹੋ। ਤੁਹਾਡੀ ਯਾਤਰਾ ਬਹੁਤ ਪ੍ਰੇਰਨਾਦਾਇਕ ਰਹੀ ਹੈ। ਮੈਂ ਤੁਹਾਡੇ ਲਈ, ਮੰਡੀ ਅਤੇ ਹਿਮਾਚਲ ਪ੍ਰਦੇਸ਼ ਦੇ ਲੋਕਾਂ ਲਈ ਬਹੁਤ ਖੁਸ਼ ਹਾਂ। ਤੁਸੀਂ ਹਰ ਵਾਰ ਸਾਬਤ ਕੀਤਾ ਹੈ ਕਿ ਜੇਕਰ ਤੁਸੀਂ ਫੋਕਸ ਰਹੋ ਅਤੇ ਸਖ਼ਤ ਮਿਹਨਤ ਕਰੋ, ਤਾਂ ਕੁਝ ਵੀ ਸੰਭਵ ਹੈ। ਜੈ ਹੋ।'

### ਜੂਨ 1984 ਘੱਲੂਘਾਰਾ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ

## ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਅੱਜ ਹੋਵੇਗਾ ਧਾਰਮਕ ਸਮਾਗਮ : ਮੈਨੇਜਰ



ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਜੂਨ 1984 ਘੱਲੂਘਾਰਾ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕਰਦੇ ਹੋਏ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਨਾਲ ਹਨ ਸਾਬਕਾ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਅਤੇ ਮੈਨੇਜਰ ਕਰਨੈਲ ਸਿੰਘ ਆਦਿ।

ਪਟਿਆਲਾ, 4 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਜੂਨ 1984 ਘੱਲੂਘਾਰਾ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕਰਵਾਈ ਗਈ, ਜਿਨ੍ਹਾਂ ਦੇ ਭੋਗ ਭਲਕੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਧਾਰਮਕ ਸਮਾਗਮ ਵਿਚ ਪਾਏ ਜਾਣਗੇ। ਇਸ ਸਬੰਧੀ ਜਾਣਕਾਰੀ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਮੈਨੇਜਰ ਕਰਨੈਲ ਸਿੰਘ ਨੇ ਸਾਂਝੀ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਵੱਲੋਂ ਕੀਤੀ ਅਰਦਾਸ ਉਪਰੰਤ ਹੋਈ। ਆਰੰਭਤਾ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਸਮੂਹ ਸਟਾਫ ਮੈਂਬਰ ਆਦਿ ਨੇ ਸਿਰ 'ਤੇ ਕਾਲੀਆਂ ਦਸਤਾਰਾਂ ਸਜਾ ਕੇ ਸ਼ਮੂਲੀਅਤ ਕੀਤੀ ਕਿਉਂਕਿ ਪੰਜ ਸਿੰਘ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਜਾਰੀ ਆਦੇਸ਼ਾਂ 'ਤੇ ਜੂਨ 1984 ਘੱਲੂਘਾਰਾ ਦੁਖਾਂਤ 'ਤੇ ਸਿੱਖ ਕੌਮ ਨੂੰ ਆਦੇਸ਼ ਸਨ ਕਿ ਜੂਨ 1984 ਘੱਲੂਘਾਰਾ ਸਿੱਖ ਕੌਮ ਨੂੰ ਦਿੱਤਾ ਅਜਿਹਾ ਜਖ਼ਮ ਹੈ, ਜੋ ਅੱਜ ਸਿੱਖ ਮਨਾਂ ਅੰਦਰ ਨਾਸੂਰ ਬਣਿਆ ਪਿਆ ਹੈ। ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹਕੂਮਤ ਨੇ ਅਜਿਹਾ ਬਿਰਤਾਂਤ ਸਿਰਜਿਆ, ਜਿਸ ਨਾਲ ਸਿੱਖਾਂ ਦਾ ਮੁਕੱਦਸ ਅਸਥਾਨ ਢਹਿ ਢੇਰ ਕਰ ਦਿੱਤਾ ਗਿਆ ਅਤੇ ਸਿੱਖ ਕੌਮ ਦੇ ਮਹਾਨ ਜਰਨੈਲ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਵੱਡੀ ਗਿਣਤੀ ਵਿਚ ਬੇਦੋਸ਼ ਸਿੰਘਾਂ ਅਤੇ ਸਿੰਘਣੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਸਿੱਖ ਕੌਮ ਅੰਦਰ ਜੂਨ 1984 ਘੱਲੂਘਾਰਾ ਘਟਨਾ ਦਾ ਵੱਡਾ ਰੋਸ, ਜਿਸ ਨੂੰ ਸਿੱਖ ਕੌਮ ਕਦੇ ਵੀ ਭੁੱਲਾ ਨਹੀਂ ਸਕਦੀ।

ਇਸ ਦੌਰਾਨ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਜਰਨੈਲ ਸਿੰਘ ਮਕਰੌੜ ਸਾਹਿਬ, ਮਨਦੀਪ ਸਿੰਘ ਭਲਵਾਨ, ਸੁਪਰਵਾਈਜ਼ਰ ਜੋਗਾ ਸਿੰਘ, ਸਰਬਜੀਤ ਸਿੰਘ, ਵਰਿੰਦਰ ਸਿੰਘ, ਹਰਵਿੰਦਰ ਸਿੰਘ ਕਾਹਲਵਾਂ, ਭਾਈ ਹਜ਼ੂਰ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸੰਗਤ ਆਦਿ ਹਾਜ਼ਰ ਸਨ।

## ਬੱਸ ਅਤੇ ਸਾਈਕਲ ਦੀ ਟੱਕਰ ਵਿੱਚ ਸਾਈਕਲ ਸਵਾਰ ਦੀ ਮੌਤ

ਪਾਤੜਾਂ, 8 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਣਾ- ਪਾਤੜਾਂ ਰੋਡ 'ਤੇ ਅਨਾਜ ਮੰਡੀ ਘੱਗਾ ਨਜ਼ਦੀਕ ਇੱਕ ਵਿਅਕਤੀ ਜਦੋਂ ਆਪਣੇ ਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਸਮਾਣਾ ਸਾਈਡ ਤੋਂ ਪਿੱਛੋਂ ਆ ਰਹੀ ਪੀ ਆਰ ਟੀ ਸੀ ਦੀ ਬੱਸ ਨੰਬਰ ਪੀ ਬੀ -11 ਬੀ ਯੂ 2454 ਨੇ ਅਚਾਨਕ ਪਿੱਛੋਂ ਟਰੱਕ ਮਾਰ ਦਿੱਤੀ। ਜਿਸ ਕਾਰਨ ਸਾਈਕਲ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਖਸ਼ੀਸ਼ ਸਿੰਘ ਉਮਰ ਲਗਭਗ 58 ਸਾਲ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਘੱਗਾ ਵਜੋਂ ਹੋਈ ਹੈ । ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤਾ । ਜਿੱਥੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ ।

## ਵਿਦੇਸ਼ ਭੇਜਣ ਦੇ ਨਾਂ 'ਤੇ 17 ਲੱਖ ਦੀ ਠੱਗ

ਪਾਤੜਾਂ, 8 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਗੁਰਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਐਸ ਏ ਐਸ ਸ਼ੁਤਰਾਣਾ ਥਾਣਾ ਪਾਤੜਾਂ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਂਦਿਆਂ ਦੱਸਿਆ ਕਿ ਵੀਨਾ ਸ਼ਰਮਾ ਅਤੇ ਅਮਿਤ ਕੁਮਾਰ ਨੇ ਮੈਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 17 ਲੱਖ ਰੁਪਏ ਲੈ ਲਏ । ਪਰ ਬਾਅਦ ਵਿੱਚ ਨਾ ਤਾਂ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਪੁਲਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਕਥਿਤ ਦੋਸ਼ੀ ਵੀਨਾ ਰਾਣੀ ਪਤਨੀ ਵਿਸ਼ਨੂੰ ਦੱਤ ਵਾਸੀ ਪਰਿਆਬਾਨ ਕੰਪਲੈਕਸ ਸੇਦੂਲਾਹ ਜੈਬ ਦਿੱਲੀ ਅਤੇ ਅਮਿਤ ਕੁਮਾਰ ਵਾਸੀ ਫਰੀਦਾਬਾਦ ਹਰਿਆਣਾ ਖਿਲਾਫ ਮੁਕੱਦਮਾ ਨੰਬਰ 121 , ਮਿਤੀ 3/6/2024 ਭਾਰਤੀ ਦੰਡਾਵਲੀ ਦੀ ਧਾਰਾ 406,420, 120-ਬੀ ਆਈ ਪੀ ਸੀ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

ਇਹ ਮੁਕੱਦਮਾ ਦਰਖਾਸਤ ਨੰਬਰ 12921 , ਮਿਤੀ 27/5/2024 ਦੇ ਆਧਾਰ 'ਤੇ ਦਰਜ ਰਜਿਸਟਰ ਹੋਇਆ ਹੈ ।

## ਮੋਟਰਸਾਈਕਲ ਚੋਰੀ ਮਾਮਲੇ 'ਚ ਦੋ ਨਾਮਜ਼ਦ

ਪਾਤੜਾਂ, 8 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭੀਮ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪੱਕੀ ਪਸੋਲ ਥਾਣਾ ਸੀਵਲ ਜ਼ਿਲ੍ਹਾ ਜੀਂਦ ਹਰਿਆਣਾ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਂਦਿਆਂ ਦੱਸਿਆ ਕਿ ਮਿਤੀ 2/6/2024 ਨੂੰ ਦੁਪਹਿਰ ਲਗਭਗ 2 ਵਜੇ ਦੇ ਕਰੀਬ ਮੈਂ ਆਪਣਾ ਮੋਟਰਸਾਈਕਲ ਨੰਬਰ ਐਚ ਆਰ - 09 ਐਫ -4811 ਜਿਸ ਨੂੰ ਮੈਂ ਰਸੌਲੀ ਤੋਂ ਸ਼ੁਤਰਾਣਾ ਨੂੰ ਜਾਂਦੀ ਲਿੰਕ ਸੜਕ 'ਤੇ ਖੜ੍ਹਾ ਕਰਕੇ ਚਲਾ ਗਿਆ ਸੀ । ਪ੍ਰੰਤੂ ਜਦੋਂ ਮੈਂ ਵਾਪਸ ਆ ਕੇ ਵੇਖਿਆ ਤਾਂ ਮੋਟਰਸਾਈਕਲ ਗਾਇਬ ਸੀ ।

## ਕਾਂਗਰਸ ਦੇ ਪਟਿਆਲਾ ਦੇ ਉਮੀਦਵਾਰ ਡਾ ਧਰਮਵੀਰ ਗਾਂਧੀ ਦੀ ਜਿੱਤ ਦੀ ਖੁਸ਼ੀ ਮਨਾਈ

ਪਾਤੜਾਂ, 8 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਾਤੜਾਂ: ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ ਧਰਮਵੀਰ ਗਾਂਧੀ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਵੱਲੋਂ ਲੱਡੂ ਵੰਡੇ ਗਏ ਅਤੇ ਸ਼ਹਿਰ ਵਿਚ ਆਤਿਸ਼ਬਾਜ਼ੀ ਕੀਤੀ ਗਈ। ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਵੱਲੋਂ ਪਾਤੜਾਂ ਦੇ ਭਗਤ ਸਿੰਘ ਚੌਂਕ ਵਿਖੇ ਇਕੱਤਰ ਹੋ ਕੇ ਪਾਰਟੀ ਵਰਕਰਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਸ਼ਹਿਰ ਵਿਚੋਂ ਹੁੰਦੇ ਹੋਏ ਪਾਰਟੀ ਦਫਤਰ ਪਹੁੰਚੇ।

ਇਸ ਸਮੇਂ ਕਾਂਗਰਸ ਦੇ ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ, ਸ਼ਹਿਰੀ ਪ੍ਰਧਾਨ ਰਾਜੇਸ਼ ਕੁਮਾਰ ਹੈਪੀ, ਨਿਰਮਲ ਪੰਨੂੰ, ਧਰਮਪਾਲ ਬਰਾਸ, ਪਵਨ ਪਟਵਾਰੀ,ਮੋਹਰ ਸਿੰਘ ਜਿਓਣਪੁਰਾ, ਕੁਲਵੰਤ ਸ਼ਰਮਾ ,ਅਮ੍ਰਿਤ ਅਨਮੋਲ ,ਆਸ਼ੂ ਬਾਂਸਲ ਅਤੇ ਹੋਰ ਆਗੂ ਅਤੇ ਵਰਕਰ ਹਾਜ਼ਰ ਸਨ।

## ਹਰਪ੍ਰਭ ਮਹਿਲ ਸਿੰਘ ਬਰਨਾਲਾ ਕਲਾ ਨੇ ਵੋਟਰਾਂ ਦਾ ਕੀਤਾ ਧੰਨਵਾਦ

ਨਵਾਂ ਸ਼ਹਿਰ, 8 ਜੂਨ -
-ਕੌਮੀ ਪੱਤ੍ਰਿਕਾ ਬਿਊਰੋ-



ਆਮ ਆਦਮੀ ਪਾਰਟੀ ਹਾਲ ਸ਼ਾਮਲ ਹੋਏ ਲੋਕ ਇਨਸਾਫ਼ ਪਾਰਟੀ ਜਿਲ੍ਹਾ ਪ੍ਰਧਾਨ ਪੀ ਏ ਜੀ ਚੈਅਰਮੈਨ ਲੋਕ ਸੇਵਾ ਟਰੱਸਟ ਭਗਤ ਪੂਰਨ ਸਿੰਘ ਉਗੇ ਸਮਾਜ ਸੇਵਕ ਹਰਪ੍ਰਭ ਮਹਿਲ ਸਿੰਘ ਬਰਨਾਲਾ ਕਲਾ ਨੇ ਹਰ ਵੋਟਰ, ਵਰਕਰਾਂ ਅਹੁਦੇਦਾਰ ਆਮ ਆਦਮੀ ਪਾਰਟੀ ਸਾਥ ਦੇਣ ਵਾਲੇ ਦੇ ਇਨਸਾਨ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਐਨੀ ਗਰਮੀ ਵਿੱਚ ਵੀ ਦਿਨ ਰਾਤ ਇੱਕ ਕਰਕੇ ਬਹੁਤ ਸਤਿਕਾਰ ਯੋਗ ਪੜ੍ਹੇ ਲਿਖੇ ਅਗਾਂਹ ਸੋਚ ਰੱਖਣ ਵਾਲੇ ਪੰਜਾਬ ਦੇ ਹੱਕਾ ਲਈ ਲੜਨ ਵਾਲੇ ਸਰਦਾਰ ਮਲਵਿੰਦਰ ਸਿੰਘ ਕੰਗ ਐਮ ਪੀ ਅਨੰਦਪੁਰ ਸਾਹਿਬ ਦੀ ਸੀਟ ਜਿਤਾ ਕਿ ਪੰਜਾਬ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਾਰਟੀ ਪ?ਧਾਨ ਕੇਜਰੀਵਾਲ ਸਾਹਿਬ ਦੇ ਹੱਥ ਮਜ਼ਬੂਤ ਕੀਤੇ ਹਨ ਬੜੀ ਜਲਦੀ ਹੀ ਆ ਕਿ ਪਿੰਡਾਂ ਸ਼ਹਿਰਾਂ ਲੋਕਾਂ ਦਾ ਧੰਨਵਾਦ ਕਰਨਗੇ ਲੋਕ ਸਭਾ ਚੋਣਾਂ 24 ਨੂੰ ਅਮਨ ਅਮਾਨ ਅਤੇ ਸ਼ਾਂਤੀਪੂਰਵਕ ਨੇਪਰੇ ਚਾੜ੍ਹਨ ਤੇ ਸਾਰੇ ਵੋਟਰ, ਪਾਰਟੀ ਵਰਕਰਾਂ, ਸਮਰਥਕਾਂ ਤੇ ਜ਼ਿਲੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਉਹਨਾਂ ਕਿਹਾ ਆਮ ਆਦਮੀ ਪਾਰਟੀ ਮਲਵਿੰਦਰ ਸਿੰਘ ਕੰਗ ਨੂੰ ਵੋਟਾਂ ਪਾ ਕਿ ਜਤਾਉਣ ਧੰਨਵਾਦ ਕੀਤਾ ਆਪਣੇ ਵੋਟਰਾਂ ਤੇ ਸਮਰਥਕਾਂ ਦਾ ਹਮੇਸ਼ਾ ਰਿਣੀ ਰਹੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆ ਹਰਪ?ਭ ਮਹਿਲ ਚੈਅਰਮੈਨ ਭਗਤ ਪੂਰਨ ਸਿੰਘ ਟਰੱਸਟ ਨੇ ਲੋਕ ਸਭਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਕੰਮਾਂ ਤੇ ਇਸ ਦੀ ਕਾਮਯਾਬੀ ਡੱਟ ਕੇ ਪਹਿਰਾ ਦਿੱਤਾ। ਆਪਣੇ ਸਾਰੇ ਵੋਟਰਾਂ ਦਾ ਧੰਨਵਾਦ ਕੀਤਾ।

## ਗੁਰਮੀਤ ਸਿੰਘ ਮੀਤ ਹੇਅਰ ਵੱਡੇ ਲੀਡ ਨਾਲ ਸੰਗਰੂਰ ਤੋਂ ਜੇਤੂ ਕਰਾਰ ਵਰਕਰਾਂ ਨੇ ਬਖਸ਼ਿਆ ਮਾਨ : ਮੀਤ ਹੇਅਰ

ਧੂਰੀ, 8 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਜਿਵੇਂ ਕਿ ਸਭ ਨੂੰ ਪਤਾ ਹੈ ਕਿ ਅੱਜ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣੇ ਸਨ। ਜਿਸ ਦੇ ਚਲਦਿਆਂ ਸਵੇਰ ਤੋਂ ਹੀ ਕਾਊਂਟਿੰਗ ਸੈਂਟਰ ਤੇ ਗੇਮਾਂ ਗੈਮੀ ਦੇਖਣ ਨੂੰ ਮਿਲੀ ਸਾਰੇ ਹੀ ਵਰਕਰ ਵਿੱਚ ਆਪਣੇ ਉਮੀਦਵਾਰ ਦੇ ਲਈ ਬਹੁਤ ਉਤਸ਼ਾਹ ਸੀ ਇਸ ਲਈ ਉਮੀਦਵਾਰ ਨੁਮਾਇੰਦੇ ਵੀ ਉੱਥੇ ਪਹੁੰਚ ਰਹੇ ਸਨ। ਜਿਵੇਂ ਹੀ ਸਮੇਂ ਗਿਣਤੀ ਸ਼ੁਰੂ ਹੋਈ ਤਾਂ ਸਾਰੇ ਹੀ ਆਪਣੇ ਉਮੀਦਵਾਰ ਦੀ ਜਿੱਤ ਦੀ ਆਸ ਲਗਾਏ ਬੈਠੇ ਸਨ। ਜੇ ਪੰਜਾਬ ਦੇ 13 ਸੀਟਾਂ ਦੀ ਗੱਲ ਕਰੀ ਜਾਵੇ ਤਾਂ ਇਸ ਵਾਰ ਕਾਂਗਰਸ ਨੇ ਵੱਡੀ ਲੀਡ ਪ੍ਰਾਪਤ ਕੀਤੀ ਹੈ ਤੇ ਭਾਰਤੀ ਜਨਤਾ ਪਾਰਟੀ ਪਿਛਲੇ ਸਮੇਂ ਨਾਲੋਂ ਹੋਰ ਪਿੱਛੜ ਦੀ ਨਜ਼ਰ ਆਈ ਜਦ ਕਿ ਆਮ ਆਦਮੀ ਪਾਰਟੀ ਨੇ ਵਧੀਆ ਨਤੀਜੇ ਪ੍ਰਾਪਤ ਕੀਤੇ ਜੇ ਸੰਗਰੂਰ ਹਲਕੇ ਦੀ ਗੱਲ ਕੀਤੀ ਜਾਵੇ ਤਾਂ ਸੰਗਰੂਰ ਦੇ ਵਿੱਚ 23 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਸਨ ਮੁੱਖ ਪਾਰਟੀਆਂ ਵਿੱਚੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ, ਭਾਰਤੀ ਜਨਤਾ ਪਾਰਟੀ ਦੇ ਅਰਵਿੰਦ ਖੰਨਾ,ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇਕਬਾਲ ਸਿੰਘ ਝੂੰਦਾ,ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਅਤੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਮੱਖਣ ਸਿੰਘ ਚੋਣ ਮੈਦਾਨ ਵਿੱਚ ਸਨ।

ਜਿਵੇਂ ਹੀ ਨਤੀਜੇ ਆਉਣ ਸ਼ੁਰੂ ਹੋਏ ਉਸ ਸਮੇਂ 'ਚ, ਗੁਰਮੀਤ ਸਿੰਘ ਮੀਤ ਹੇਅਰ ਲੀਡ ਲੈਂਦੇ ਨਜ਼ਰ ਆਏ ਅਤੇ ਗਿਣਤੀ ਸਮਾਪਤ ਹੋਈ ਉਸ ਸਮੇਂ ਗੁਰਮੀਤ ਸਿੰਘ ਮੀਤ ਹੇਅਰ 172560 ਵੋਟਾਂ ਉਚਾਰਦੇ ਹੋਏ ਪਹਿਲੇ ਨੰਬਰ ਤੇ ਬਣੇ ਹੋਏ ਸਨ ਉਹਨਾਂ ਨੂੰ ਕੁਲ ਵੋਟਾਂ 364085 ਪਈ ਹਨ।

ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੂਜੇ ਸਥਾਨ ਤੇਰੇ ਜਿਨਾਂ ਨੂੰ 191525 ਵੋਟਾਂ ਪਈਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ 187246 ਵੋਟਾਂ ਪਈਆਂ ਤੇ ਉਹ ਤੀਜੇ ਸਥਾਨ ਤੇ ਰਹੇ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਰਵਿੰਦ ਖੰਨਾ ਨੂੰ 128253 ਵੋਟਾਂ ਪਈਆਂ ਜੋ ਕਿ ਚੌਥੇ ਸਥਾਨ ਤੇ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾ ਨੂੰ 62488 ਵੋਟਾਂ ਪ੍ਰਾਪਤ ਹੋਈਆਂ ਅਤੇ ਇਹ ਪੰਜਵੇਂ ਸਥਾਨ ਤੇ ਰਹੇ ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਮੈਂ ਸਾਰੀ ਹੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅਤੇ ਵਰਕਰਾਂ ਦਾ ਧੰਨਵਾਦ ਕਰਦਾ ਹਾਂ ਜੋ ਮੇਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲੇ ਅਤੇ ਉਹਨਾਂ ਵੋਟਰਾਂ ਦਾ ਵੀ ਮੈਂ ਦਿਲੋਂ ਧੰਨਵਾਦੀ ਕਰਦਾ ਹੈ ਜਿਨਾਂ ਨੇ ਮੇਰੇ ਤੇ ਭਰੋਸਾ ਕਰਦੇ ਹੋਏ ਪਹਿਲਾਂ ਵੀ ਦੋ ਵਾਰੀ ਮੈਨੂੰ ਵਿਧਾਨ ਸਭਾ ਦੇ ਵਿੱਚ ਅਤੇ ਇਸ ਵਾਰ ਮੈਂਬਰ ਪਾਰਲੀਮੈਂਟ ਬਣਾ ਕੇ ਸੰਸਦ ਦੀਆਂ ਪੌੜੀਆਂ ਚੜ੍ਹਾਇਆ ਹੈ ਆਪਣੇ ਭਾਸ਼ਣ ਦੇ ਵਿੱਚ ਕਿਹਾ ਕੀ ਜੋ ਹ ਜੁੜੇ ਹੈ ਮਾਲਵੇ ਵਾਲੇ ਕਦੀ ਵੀ ਸੰਗਰੂਰ ਵਾਲਿਆਂ ਦੀ ਪਿੱਠ ਨਹੀਂ ਲੱਗਣ ਦਿੰਦੇ ਕਿਉਂਕਿ ਉਹਨਾਂ ਨੇ ਹੀ ਭਗਵੰਤ ਸਿੰਘ ਮਾਨ ਨੂੰ ਦੋ ਵਾਰੀ ਇਥੋਂ ਮੈਂਬਰ ਪਾਰਲੀਮੈਂਟ ਬਣਾ ਕੇ ਭੇਜਿਆ ਸੀ ਅਤੇ ਫਿਰ ਇਥੋਂ ਹੀ ਉਹਨਾਂ ਨੇ ਮੁੱਖ ਮੰਤਰੀ ਚੁਣ ਕੇ ਭੇਜਿਆ ਇਸ ਮੌਕੇ ਤੇ ਉਨਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਵੱਲੋਂ ਜੋ ਮੇਰੇ ਉੱਪਰ ਭਰੋਸਾ ਜਤਾਇਆ ਗਿਆ ਸੀ ਮੈਂ ਉਸ ਦੇ ਉੱਪਰ ਪੂਰਾ ਖਰਾ ਉਤਰਾਂਗਾ ਇਸ ਮੌਕੇ ਤੇ ਉਨਾਂ ਦੇ ਨਾਲ ਦੇ ਮੁੱਖ ਮੰਤਰੀ ਪੰਜਾਬ ਦੇ ਓ ਐਸ ਡੀ ਓਕਾਰ ਸਿੰਘ, ਕੈਬਿਨਟ ਮੰਤਰੀ ਅਮਨ ਅਰੋੜਾ, ਵਿੱਤ ਮੰਤਰੀ ਹਰਪਾਲ ਚੀਮਾ, ਐਮ ਐਲ ਏ ਸੰਗਰੂਰ ਨਰਿੰਦਰ ਕੌਰ ਭਰਾਜ, ਪੰਜਾਬ ਵੇਅਰ ਹਾਊਸ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ, ਰਸ਼ਪਾਲ ਸਿੰਘ, ਡਿਸਟਰਿਕਟ ਪਲੈਨਿੰਗ ਬੋਰਡ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਅਤੇ ਇਸ ਮੌਕੇ ਤੇ ਉਹਨਾਂ ਨੂੰ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਵੱਲੋਂ ਜਿੱਤ ਦਾ ਸਰਟੀਫਿਕੇਟ ਦਿੱਤਾ ਗਿਆ ਉਹਨਾਂ ਦੇ ਨਾਲ ਐਸਐਸਪੀ ਸੰਗਰੂਰ ਸਰਤਾਜ ਸਿੰਘ ਚਹਿਲ ਵੀ ਮੌਜੂਦ ਰਹੇ।

## ਮਲੇਸ਼ੀਆ ਏਅਰਲਾਈਨਜ਼ ਨੇ ਭਾਰਤ 'ਚ ਕਨੈਕਟੀਵਿਟੀ ਵਧਾਈ, ਅੰਮ੍ਰਿਤਸਰ ਤੋਂ ਹਫਤੇ 'ਚ ਉਡਾਣਾਂ ਦੀ ਸੰਖਿਆ 7 ਗੁਣਾ ਵਧਾਈ

ਚੰਡੀਗੜ੍ਹ, 8 ਜੂਨ -
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ-ਕੁਆਲਾਲੰਪੁਰ ਰੂਟ 'ਤੇ ਮਜ਼ਬੂਤ ਯਾਤਰਾ ਦੀ ਮੰਗ ਅਤੇ ਸਕਾਰਾਤਮਕ ਲੋਡ ਕਾਰਕ ਪ੍ਰਦਰਸ਼ਨ ਦੇ ਜਵਾਬ ਵਿੱਚ, ਮਲੇਸ਼ੀਆ ਏਅਰਲਾਈਨਜ਼ 1 ਅਗਸਤ 2024 ਤੋਂ ਪ੍ਰਭਾਵੀ ਹਫ਼ਤਾਵਾਰੀ ਤੌਰ 'ਤੇ ਆਪਣੀ ਬਾਰੰਬਾਰਤਾ ਨੂੰ ਚਾਰ ਤੋਂ 7 ਗੁਣਾ ਕਰ ਦਿੱਤਾ ਹੈ

। ਏਅਰਲਾਈਨ ਨੇ ਪਹਿਲਾਂ ਆਪਣੀ ਬਾਰੰਬਾਰਤਾ ਨੂੰ ਦੁੱਗਣਾ ਕਰ ਦਿੱਤਾ ਸੀ। ਜਨਵਰੀ 2024 ਵਿੱਚ ਹਫ਼ਤੇ ਵਿੱਚ ਦੋ ਤੋਂ ਚਾਰ ਵਾਰ ਅੰਮ੍ਰਿਤਸਰ; ਇਸ ਬੂਮਿੰਗ ਮਾਰਕੀਟ ਦੇ ਭਰੋਸੇ ਨੂੰ ਦਰਸਾਉਂਦਾ ਹੈ। ਖਾਸ ਤੌਰ 'ਤੇ, ਅੰਮ੍ਰਿਤਸਰ ਤੋਂ ਫ੍ਰੀਕੁਐਂਸੀ ਵਧਣ ਨਾਲ ਭਾਰਤ ਵਿੱਚ ਏਅਰਲਾਈਨ ਦੀਆਂ ਹਫਤਾਵਾਰੀ ਉਡਾਣਾਂ ਦੀ ਗਿਣਤੀ 71 ਹੋ ਜਾਵੇਗੀ। ਨਵੰਬਰ 2023 ਵਿੱਚ ਲਾਂਚ ਕੀਤਾ ਗਿਆ, ਅੰਮ੍ਰਿਤਸਰ ਅਹਿਮਦਾਬਾਦ ਅਤੇ ਤ੍ਰਿਵੇਂਦਰਮ ਦੇ ਨਾਲ-ਨਾਲ 2023 ਵਿੱਚ ਸ਼ੁਰੂ ਕੀਤੇ ਗਏ ਤਿੰਨ ਨਵੇਂ ਭਾਰਤ ਰੂਟਾਂ ਵਿੱਚੋਂ ਇੱਕ ਹੈ। ਏਅਰਲਾਈਨ ਨੇ ਹਾਲ ਹੀ ਵਿੱਚ ਤ੍ਰਿਵੇਂਦਰਮ ਰੂਟ 'ਤੇ 3 ਅਪ੍ਰੈਲ 2024 ਤੋਂ ਪ੍ਰਭਾਵੀ ਹਫ਼ਤਾਵਾਰੀ ਚਾਰ ਵਾਰ ਫ੍ਰੀਕੁਐਂਸੀ ਵਧਾ ਦਿੱਤੀ ਸੀ। ਮਲੇਸ਼ੀਆ ਏਅਰਲਾਈਨਜ਼ 9 ਪ੍ਰਮੁੱਖ ਹੱਬ, ਨਵੀਂ ਦਿੱਲੀ, ਮੁੰਬਈ, ਬੈਂਗਲੁਰੂ, ਚੇਨਈ, ਹੈਦਰਾਬਾਦ, ਕੋਚੀ, ਅਹਿਮਦਾਬਾਦ, ਅੰਮ੍ਰਿਤਸਰ ਅਤੇ ਤ੍ਰਿਵੇਂਦਰਮ ਤੋਂ ਉਡਾਣਾਂ ਦੀ ਪੇਸ਼ਕਸ਼ ਕਰਦੇ ਹੋਏ ਇੱਕ ਵਿਆਪਕ ਭਾਰਤ ਨੈੱਟਵਰਕ ਦਾ ਮਾਣ ਪ੍ਰਾਪਤ ਕਰਦੀ ਹੈ। ਭਾਰਤੀ ਯਾਤਰੀਆਂ ਲਈ ਏਸ਼ੀਆ ਅਤੇ ਇਸ ਤੋਂ ਬਾਹਰ ਦੇ ਗੇਟਵੇ ਵਜੋਂ ਸੇਵਾ ਕਰਦੇ ਹੋਏ , ਏਅਰਲਾਈਨ ਆਸਟ੍ਰੇਲੀਆ, ਨਿਊਜ਼ੀਲੈਂਡ, ਵੀਅਤਨਾਮ, ਅਤੇ ਏਸ਼ੀਆ ਪੈਸੀਫਿਕ ਦੇ ਹੋਰ ਮੁੱਖ ਸਥਾਨਾਂ ਲਈ ਨਿਰਵਿਘਨ ਅਗਾਂਹਵਧੂ ਕਨੈਕਸ਼ਨਾਂ ਦੀ ਪੇਸ਼ਕਸ਼ ਕਰਦੀ ਹੈ। ਅੰਮ੍ਰਿਤਸਰ ਤੋਂ ਕੁਆਲਾਲੰਪੁਰ ਤੱਕ INR 15,099 ਤੋਂ ਸ਼ੁਰੂ ਹੋ ਕੇ 31 ਮਾਰਚ 2025 ਤੱਕ ਦੇ ਕਿਰਾਏ ਦਾ ਆਨੰਦ ਲਓ ਜੋ ਹੁਣ ਤੋਂ 8 ਜੂਨ 2024 ਤੱਕ ਵਿਕਰੀ ਲਈ ਉਪਲਬਧ ਹੈ।

## ਜੂਨ 'ਚ ਕਾਂਗਰਸ ਨੇ 10 ਸਾਲ ਬਾਅਦ ਚੰਡੀਗੜ੍ਹ ਸੀਟ ਜਿੱਤੀ

### ਭਾਜਪਾ ਪ੍ਰਧਾਨ ਨੇ ਚੰਡੀਗੜ੍ਹ ਸੀਟ ਇੱਕ ਲੱਖ ਵੋਟਾਂ ਨਾਲ ਜਿੱਤਣ ਦਾ ਦਾਅਵਾ ਕੀਤਾ ਸੀ

ਚੰਡੀਗੜ੍ਹ, 8 ਜੂਨ -
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਲੋਕ ਸਭਾ ਸੀਟ ਜਿੱਤ ਲਈ ਹੈ। ਤਿਵਾੜੀ ਨੇ 14ਵੇਂ ਰਾਊਂਡ 'ਚ 3689 ਵੋਟਾਂ ਨਾਲ ਜਿੱਤ ਦਰਜ ਕੀਤੀ ਹੈ। 10 ਸਾਲਾਂ ਬਾਅਦ ਚੰਡੀਗੜ੍ਹ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੰਜੇ ਟੰਡਨ ਨੂੰ ਹਰਾ ਕੇ ਮਨੀਸ਼ ਤਿਵਾੜੀ ਕਾਂਗਰਸ ਤੋਂ ਜਿੱਤੇ ਹਨ। ਮਨੀਸ਼ ਤਿਵਾੜੀ ਨੇ ਸੰਜੇ ਟੰਡਨ ਨੂੰ ਬੇਹੱਦ ਸਖ਼ਤ ਮੁਕਾਬਲੇ ਵਿੱਚ ਹਰਾਇਆ। ਭਾਰਤੀ ਜਨਤਾ ਪਾਰਟੀ ਚੰਡੀਗੜ੍ਹ ਵਿੱਚ ਪਹਿਲੇ ਗੇੜ ਤੋਂ ਕਦੇ ਵੀ ਜਿੱਤਣ ਦੀ ਸਥਿਤੀ ਵਿੱਚ ਨਹੀਂ ਸੀ ਅਤੇ ਨਾ ਹੀ ਸੰਜੇ ਟੰਡਨ ਮਨੀਸ਼ ਤਿਵਾੜੀ ਨੂੰ ਪਛਾੜ ਸਕੇ। ਸਨਮਾਨ ਦੇ ਮੁਕਾਬਲੇ ਵਿੱਚ ਮਲਹੋਤਰਾ ਦੀ ਭਰੋਸੇਯੋਗਤਾ ਘਟੀ ਜਦੋਂਕਿ ਲੱਕੀ ਦੀ ਭਰੋਸੇਯੋਗਤਾ ਵਧੀ।

ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੰਜੇ ਟੰਡਨ ਦੀ ਭਾਜਪਾ ਨੇਤਾਵਾਂ ਤੋਂ ਸਮਰਥਨ ਨਾ ਮਿਲਣਾ ਉਨ੍ਹਾਂ ਦੀ ਅਸਫਲਤਾ ਦਾ ਵੱਡਾ ਕਾਰਨ ਸੀ। ਭਾਜਪਾ ਦੇ ਸਾਬਕਾ ਪ੍ਰਧਾਨ ਅਰੁਣ ਸੂਦ, ਮਜ਼ਬੂਤ ਨੇਤਾ ਸਤੇਂਦਰ ਜੈਨ, ਭਾਜਪਾ ਦੀ ਮੌਜੂਦਾ ਸੰਸਦ ਕਿਰਨ ਖੇਰ ਪੂਰੇ ਪ੍ਰਚਾਰ ਦੌਰਾਨ ਕਿਤੇ ਨਜ਼ਰ ਨਹੀਂ ਆਏ।

ਨਰਿੰਦਰ ਮੋਦੀ ਕਿਰਨ ਖੇਰ ਲਈ ਪ੍ਰਚਾਰ ਕਰਨ ਆਏ ਸਨ ਨਾ ਕਿ ਟੰਡਨ ਲਈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਕਿਰਨ ਖੇਰ ਦੀ ਚੋਣ ਮੁਹਿੰਮ ਦੀ ਕਮਾਨ ਸੰਭਾਲੀ ਸੀ, ਜਦਕਿ ਸੰਜੇ ਟੰਡਨ ਦੇ ਚੋਣ ਤਿਵਾੜੀ ਅਤੇ ਜੇਪੀ ਨੱਡਾ ਨੇ ਚੋਣ ਪ੍ਰਚਾਰ ਦੀ ਕਮਾਨ ਸੰਭਾਲ ਲਈ ਹੈ।

**ਭਾਰੀ ਵਿਰੋਧ ਦੇ ਬਾਵਜੂਦ ਕਾਂਗਰਸ ਪ੍ਰਧਾਨ ਲੱਕੀ ਨੇ ਆਪਣੀ ਭਰੋਸੇਯੋਗਤਾ ਬਚਾਈ**

ਮਨੀਸ਼ ਤਿਵਾੜੀ ਦੇ ਨਾਂ ਦਾ ਐਲਾਨ ਹੋਣ ਤੋਂ ਬਾਅਦ ਜਿਸ ਤਰ੍ਹਾਂ ਨਾਲ ਚੰਡੀਗੜ੍ਹ ਕਾਂਗਰਸ 'ਚ ਭਗਦੜ ਮਚ ਗਈ ਸੀ, ਉਸ ਦੇ ਬਾਵਜੂਦ ਮਨੀਸ਼ ਤਿਵਾੜੀ ਦੀ ਜਿੱਤ ਨਾਲ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਲੱਕੀ ਦਾ ਕੱਦ ਹੋਰ ਵਧ ਗਿਆ ਹੈ ਅਤੇ ਕਿਹਾ ਜਾ ਸਕਦਾ ਹੈ ਕਿ ਹੁਣ ਬਾਂਸਲ ਦਾ ਦੌਰ ਆ ਗਿਆ ਹੈ। ਚੰਡੀਗੜ੍ਹ ਵਿੱਚ ਸਮਾਪਤ ਹੋਇਆ।

ਕੌਮੀ ਪੱਤ੍ਰਿਕਾ

# ਕੋਹੜ ਕਿਰਲਾ (ਗਿਰਗਿਟ)

ਪੁਸ਼ਪਿੰਦਰ ਜੈਰੂਪ

ਜਦੋਂ ਬੱਚੇ ਛੋਟੇ ਹੁੰਦੇ ਸੀ ਤਾਂ ਅਸੀਂ ਆਂਡੀ-ਗੁਆਂਢੀ ਵਿਹੜੇ ਦੀ ਕੰਧ, ਜੋ ਮਸਾਂ 4 ਕੁ ਫੁੱਟ ਦੀ ਸੀ, ਦੇ ਉੱਤੋਂ ਦੀ ਹੀ ਲੈਣ-ਦੇਣ ਕਰਦੇ ਅਤੇ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਰਹਿੰਦੇ। ਕਈ ਵਾਰ ਜੇ ਮੌਸਮ ਸੁਹਾਵਣਾ ਹੁੰਦਾ ਜਾਂ ਛੁੱਟੀ ਦਾ ਦਿਨ ਹੁੰਦਾ ਤਾਂ ਹਾਲ-ਚਾਲ ਪੁੱਛਣ ਦਾ ਸਿਲਸਲਾ ਕਾਫ਼ੀ ਲੰਮੇ ਸਮੇਂ ਤਕ ਚਲਦਾ ਰਹਿੰਦਾ। ਇਸੇ ਤਰ੍ਹਾਂ ਇੱਕ ਵਾਰ ਮੀਂਹ ਤੋਂ ਅਗਲੇ ਦਿਨ ਮੈਂ ਤੇ ਮੇਰੀ ਗੁਆਂਢਣ ਪੰਮੀ, ਇੱਕ ਦੂਜੇ ਨਾਲ ਯੱਕੜ ਮਾਰ ਰਹੀਆਂ ਸੀ। ਸਾਡੇ ਬੱਚੇ ਘਰਾਂ ਦੇ ਸਾਹਮਣੇ ਸੜਕ ਤੋਂ ਪਾਸੇ ਖੇਡ ਰਹੇ ਸਨ। ਸੜਕ ਦੇ ਪਾਸਿਆਂ ਉੱਤੇ ਕਿਤੇ-ਕਿਤੇ ਮੀਂਹ ਦੇ ਪਾਣੀ ਦੀਆਂ ਛੋਟੀਆਂ ਛੋਟੀਆਂ ਛੱਪੜੀਆਂ ਬਣੀਆਂ ਹੋਈਆਂ ਸਨ। ਸਾਡੇ ਨੇੜੇ ਹੀ ਇੱਕ ਛੱਪੜੀ ਵਿੱਚ ਇੱਕ ਵੱਡਾ ਸਾਰਾ ਭਮੱਕੜ ਕਿਤੋਂ ਆ ਕੇ ਡਿੱਗ ਪਿਆ ਅਤੇ ਉਹ ਫੜਫੜਾਉਂਣ ਲੱਗ ਪਿਆ। ਐਨੇ ਨੂੰ ਅਚਾਨਕ ਪਤਾ ਨਹੀਂ ਕਿੱਥੋਂ ਸੜਕ ਦੇ ਪਾਸਿਆਂ ਉੱਤੇ ਪਏ ਪੱਤਿਆਂ ਵਿੱਚੋਂ ਕਿਸੇ ਚੀਜ਼ ਦੇ ਦੌੜਨ ਨਾਲ ਖੜ੍ਹ-ਖੜ੍ਹ ਹੋਈ। ਸਭ ਦਾ ਧਿਆਨ ਓਧਰ ਨੂੰ ਖਿੱਚਿਆ ਗਿਆ ਤੇ ਦੇਖਿਆ ਕਿ ਕੋਈ ਇੱਕ ਫੁੱਟ ਤੋਂ ਲੰਮਾ ਕਿਰਲਾ ਦੁੜੰਗੇ ਮਾਰਦਾ ਉਸ ਛੱਪੜੀ ਵੱਲ ਨੂੰ ਗਿਆ; ਉਸ ਨੇ ਛੇਤੀ ਨਾਲ ਉਸ ਭਮੱਕੜ ਨੂੰ ਆਪਣੇ ਮੂੰਹ ਵਿੱਚ ਫੜ੍ਹਿਆ ਅਤੇ ਮੁੜ ਓਵੇਂ ਹੀ ਦੁੜੰਗੇ ਮਾਰਦਾ ਉਹ ਵਾਪਸ ਕੰਧ ਉੱਤੇ ਚੜ੍ਹ ਗਿਆ।

ਕੰਧ ਉੱਤੇ ਚੜਦੇ ਸਾਰ ਉਸ ਨੇ ਬਿਨ੍ਹਾਂ ਚੱਬੇ, ਇੱਕੋ ਵਾਰ ਵਿੱਚ ਸਬੂਤੇ ਦਾ ਸਬੂਤਾ ਭਮੱਕੜ ਅੰਦਰ ਲੰਘਾ ਲਿਆ। ਇਹ ਸਾਰਾ ਕੰਮ ਬਸ ਉਸ ਨੇ ਕੁਝ ਸਕਿੰਟਾਂ ਵਿੱਚ ਹੀ ਕਰ ਲਿਆ। ਬੱਚੇ ਵੀ ਆਪਣੀ ਖੇਡ ਛੱਡ ਕੇ ਉਸ ਕਿਰਲੇ ਨੂੰ ਦੇਖ ਰਹੇ ਸਨ। ਉਨ੍ਹਾਂ ਵਿੱਚੋਂ ਰਾਜੂ ਕਹਿੰਦਾ,"ਮੇਰੇ ਦਾਦੀ ਜੀ ਕਹਿੰਦੇ ਹੁੰਦੇ ਸੀ ਕਿ ਜੇ ਇਹ 'ਕਿਰਲਾ' ਕਿਸੇ ਉੱਤੇ ਆਪਣਾ ਥੁੱਕ ਸੁੱਟ ਦੇਵੇ ਤਾਂ ਉਸ ਨੂੰ ਕੋਹੜ ਹੋ ਜਾਂਦਾ ਹੈ, ਇਸੇ ਲਈ ਇਸ ਕਿਰਲੇ ਨੂੰ 'ਕੋਹੜ ਕਿਰਲਾ' ਕਹਿੰਦੇ ਹਨ। ਸਾਰੇ ਬੱਚੇ ਰਾਜੂ ਦੀ ਗੱਲ ਸੁਣ ਕੇ ਡਰ ਕੇ ਪਿੱਛੇ ਨੂੰ ਹੋ ਗਏ। ਉਨ੍ਹਾਂ ਵਿੱਚੋਂ ਛੋਟੀ ਬੱਚੀ ਕਹਿੰਦੀ,"ਵੀਰ, ਇਹ ਕਿੰਨਾ ਡਰਾਉਣਾ ਹੈ, ਜੇ ਕਿਤੇ ਇਹ ਥੋੜ੍ਹਾ ਹੋਰ ਵੱਡਾ ਹੁੰਦਾ ਤਾਂ ਪੂਰਾ ਡਿਸਕਵਰੀ ਚੈਨਲ ਵਾਲਾ ਡਾਇਨਾਸੋਰ ਲੱਗਣਾ ਸੀ ਅਤੇ ਮੇਰੇ ਵਰਗੀ ਨੂੰ ਤਾਂ ਇਸ ਨੇ ਸਬੂਤਾ ਹੀ ਅੰਦਰ ਲੰਘਾ ਜਾਣਾ ਸੀ।

ਮੈਂ ਅਤੇ ਪੰਮੀ ਬੱਚਿਆਂ ਦੀਆਂ ਗੱਲਾਂ ਸੁਣ ਰਹੇ ਸੀ ਅਤੇ ਮੈਂ ਵਿੱਚੋਂ ਦੀ ਬੋਲੇ ਬਿਨਾਂ ਨਾ ਰਹਿ ਸਕੀ। ਮੈਂ ਕਿਹਾ,"ਬੇਟਾ, ਤੁਸੀਂ ਇਹ ਗੱਲ ਬਿਲਕੁਲ ਠੀਕ ਕਹੀ ਹੈ ਕਿਉਂਕਿ ਇਹ ਕੋਹੜ ਕਿਰਲਾ ਸੱਚ-ਮੁੱਚ ਹੀ ਡਾਇਨਾਸੋਰਾਂ ਦਾ ਬਹੁਤ ਨੇੜੇ ਦਾ ਰਿਸ਼ਤੇਦਾਰ ਹੁੰਦਾ ਹੈ। ਕਿਰਲੇ, ਸੱਪ, ਕਿਰਲੀਆਂ, ਕੱਛੂਪਾਥੀਆਂ, ਮਗਰਮੱਛ, ਡਾਇਨਾਸੋਰ ਆਦਿ ਦੇ ਸਾਂਝੇ ਸੰਗਠਨ ਨੂੰ 'ਰੈਪਟਿਲਿਆ' ਕਹਿੰਦੇ ਹਨ। ਸਾਰੇ ਬੱਚੇ ਮੇਰੇ ਮੂੰਹ ਵੱਲ ਦੇਖਣ ਲੱਗ ਪਏ ਅਤੇ ਪੱਪੂ ਕਹਿੰਦਾ, "ਆਂਟੀ ਜੀ, ਕੀ ਸੱਚ-ਮੁੱਚ ਇਸ ਕਿਰਲਾ ਦੇ ਥੁੱਕ ਸੁੱਟਣ ਨਾਲ ਕੋਹੜ ਹੋ ਜਾਂਦਾ ਹੈ ? "ਕੁਝ ਦਿਨ ਹੋਏ ਮੈਂ ਇੱਕ ਇਸੇ ਤਰ੍ਹਾਂ ਦਾ ਕਿਰਲਾ ਕੰਧ ਉੱਤੇ ਬੈਠਾ ਹੋਇਆ ਦੇਖਿਆ ਸੀ ਪਰ ਉਸ ਦਾ ਸਿਰ ਅਤੇ ਅੱਧਾ ਧੜ ਸੰਤਰੀ ਭੈ ਵਾਲੇ ਲਾਲ ਰੰਗ ਦਾ ਸੀ। ਉਹ ਕਦੇ ਆਪਣਾ ਮੂੰਹ ਖੋਲ੍ਹਦਾ ਸੀ ਅਤੇ ਕਦੇ ਬੰਦ ਕਰਦਾ ਸੀ ਅਤੇ ਇਸ ਦੇ ਨਾਲ ਉਹ ਆਪਣੇ ਸਿਰ ਨੂੰ ਹੇਠਾਂ-ਉੱਪਰ ਵੀ ਕਰੀ ਜਾ ਰਿਹਾ ਸੀ। ਆਂਟੀ ਜੀ, ਕੀ ਉਹ ਕੋਈ ਹੋਰ ਕਿਰਲਾ ਸੀ ? ਮੇਰਾ ਦੋਸਤ ਤਾਂ ਉਸ ਨੂੰ 'ਗਿਰਗਟ' ਕਹਿੰਦਾ ਸੀ। ਮੈਂ ਸਾਰੇ ਬੱਚਿਆਂ ਨੂੰ ਆਪਣੇ ਨੇੜੇ ਬੁਲਾ ਲਿਆ ਅਤੇ ਅਸੀਂ ਘਰ ਦੇ ਲਾਅਨ ਵਿੱਚ ਬੈਠ ਗਏ। ਮੈਂ ਦੱਸਣਾ ਸ਼ੁਰੂ ਕੀਤਾ ਕਿ ਸਭ ਤੋਂ ਪਹਿਲੀ ਗੱਲ ਇਹ ਕਿਰਲਾ ਕਿਸੇ ਉੱਤੇ ਥੁੱਕ ਨਹੀਂ ਸੁਟੱਦਾ। ਇਸ ਲਈ ਕਿਸੇ ਕਿਸਮ ਦਾ ਕੋਹੜ ਹੋਣ ਦਾ ਸਵਾਲ ਹੀ ਨਹੀਂ ਉੱਠਦਾ। ਦੂਜਾ ਇਹ ਤਾਂ ਖ਼ੁਦ ਇਨਸਾਨਾਂ ਤੋਂ ਬਹੁਤ ਡਰਦਾ ਹੈ। ਇਹ ਤਾਂ ਸਿਰਫ਼ ਦਿਨ ਵੇਲੇ ਕੀੜੇ-ਮਕੌੜਿਆਂ ਦੇ ਹੀ ਪਿੱਛੇ ਦੌੜ-ਦੌੜ ਕੇ ਉਨ੍ਹਾਂ ਨੂੰ ਫੜ੍ਹ ਕੇ ਖਾਂਦਾ ਹੈ।




ਜਿਸ ਵੇਲੇ ਇਨ੍ਹਾਂ ਨੇ ਕਿਸੇ ਉੱਤੇ ਰੋਹਬ ਪਾਉਣਾ ਹੁੰਦਾ ਹੈ ਜਾਂ ਡਰਾਉਣਾ ਹੁੰਦਾ ਹੈ ਜਾਂ ਆਪਣੀਆਂ ਮਾਦਾਵਾਂ ਨੂੰ ਲੁਭਾਉਣਾ ਹੁੰਦਾ ਹੈ ਤਾਂ ਇਹ ਕਿਸੇ ਉੱਚੀ ਥਾਂ ਜਿਵੇਂ ਕੰਧ ਜਾਂ ਕਿਸੇ ਦਰੱਖਤ ਦੀ ਟਾਹਣੀ ਉੱਤੇ ਬੈਠ ਜਾਂਦੇ ਹਨ ਤੇ ਆਪਣੀਆਂ ਅਗਲੀਆਂ ਲੱਤਾਂ ਨੂੰ ਅਕੜਾ ਕੇ ਸਿੱਧਾ ਕਰ ਲੈਂਦੇ ਹਨ ਅਤੇ ਆਪਣੇ ਸਿਰ ਨੂੰ ਵੀ ਪੂਰਾ ਉੱਚਾ ਚੁੱਕ ਲੈਂਦੇ ਹਨ। ਇਹ ਆਪਣੇ ਸਿਰ ਦੇ ਰੰਗ ਨੂੰ ਸੰਤਰੀ-ਲਾਲ, ਜਿਸ ਉੱਤੇ ਕਈ ਵਾਰ ਗੂੜ੍ਹੇ ਕਾਲੇ ਧੱਬੇ ਹੁੰਦੇ ਹਨ, ਕਰ ਲੈਂਦੇ ਹਨ। ਇਹ ਲਾਲ ਰੰਗ ਬਹੁਤੀ ਵਾਰ ਅਗਲੇ ਅੱਧੇ ਧੜ੍ਹ ਦਾ ਵੀ ਹੋ ਜਾਂਦਾ ਹੈ। ਫੇਰ ਇਹ ਮੂੰਹ ਖੋਲ੍ਹਣ ਅਤੇ ਬੰਦ ਕਰਨ ਅਤੇ ਸਿਰ ਨੂੰ ਉਪਰ-ਥੱਲੇ ਕਰਨ ਲੱਗ ਪੈਂਦੇ ਹਨ। ਇਸੇ ਕਰਕੇ ਕਈ ਥਾਵਾਂ ਉੱਤੇ ਇਨ੍ਹਾਂ ਦੇ ਲਾਲ ਰੰਗ ਤੋਂ ਡਰ ਕੇ ਲੋਕੀਂ ਇਨ੍ਹਾਂ ਨੂੰ 'ਬਲੱਡ ਸੱਕਰ' ਵੀ ਕਹਿੰਦੇ ਹਨ। ਇਨ੍ਹਾਂ ਦੀ ਰੰਗ ਬਦਲਣ ਦੀ ਆਦਤ ਕਰਕੇ ਇਨ੍ਹਾਂ ਨੂੰ ਅੰਗਰੇਜ਼ੀ ਵਿੱਚ 'ਚੇਂਜਏਬਲ ਲਿਜ਼ਰਡ' ਅਤੇ ਪੰਜਾਬੀ ਵਿੱਚ 'ਗਿਰਗਟ' ਕਹਿੰਦੇ ਹਨ। ਜਿਹੜਾ ਕਿਰਲਾ ਤੁਸੀਂ ਦੇਖਿਆ ਹੈ ਉਸ ਦਾ ਤਕਨੀਕੀ ਨਾਂ 'ਕੈਲੋਟਿਸ ਵਰਸੀਕਲਰ' ਹੈ। ਇਨ੍ਹਾਂ ਦੀਆਂ 300 ਜਾਤੀਆਂ ਦੇ ਪਰਿਵਾਰ ਨੂੰ 'ਐਗਾਮਿਡੇਈ' ਕਹਿੰਦੇ ਹਨ। ਇਨ੍ਹਾਂ ਦੇ ਅਤੇ ਹੋਰ ਘਰਾਂ ਵਿੱਚ ਮਿਲਣ ਵਾਲੀਆਂ ਕਿਰਲੀਆਂ ਦੇ ਸਾਂਝੇ ਸਮੂਹ ਨੂੰ 'ਸਕੁਐਮੇਟਾ' ਕਹਿੰਦੇ ਹਨ।

ਬੇਟਾ, ਇਹ ਹਰ ਵੇਲੇ ਚੁਕੰਨੇ ਰਹਿਣ ਵਾਲੇ ਕਿਰਲੇ ਏਸ਼ਿਆਈ ਦੇਸ਼ਾਂ ਜਿਵੇਂ, ਦੱਖਣੀ ਚੀਨ, ਭਾਰਤ, ਅਫ਼ਗਾਨਿਸਤਾਨ, ਪਾਕਿਸਤਾਨ, ਮਲੇਸ਼ੀਆ, ਸ਼੍ਰੀ ਲੰਕਾ ਅਤੇ ਮੌਰੀਸ਼ੀਅਸ ਵਿੱਚ ਆਮ ਮਿਲਦੇ ਹਨ ਪਰ ਆਵਾਜਾਈ ਸਾਧਨਾਂ ਦੇ ਵਧਣ ਨਾਲ ਹੌਲੀ-ਹੌਲੀ ਇਹ ਨਾਲ ਲੱਗਦੇ ਦੂਜੇ ਦੇਸ਼ਾਂ ਵਿੱਚ ਵਸ ਗਏ ਹਨ ਅਤੇ ਇਨ੍ਹਾਂ ਨੇ ਇਨਸਾਨਾਂ ਦੇ ਨੇੜੇ ਰਹਿਣਾ ਵੀ ਸਿਖ ਲਿਆ ਹੈ।

ਇਨ੍ਹਾਂ ਨੂੰ ਜ਼ਮੀਨ ਉੱਤੇ ਘੱਟ ਪਰ ਝਾੜੀਆਂ, ਦਰੱਖਤਾਂ, ਬਨੇਰਿਆਂ ਅਤੇ ਵਾੜਾਂ ਉੱਤੇ ਆਪਣੇ ਸ਼ਿਕਾਰ ਦੀ ਘਾਤ ਲਾ ਕੇ ਉਡੀਕ ਜਾਂ ਫਿਰ ਰੋਹਬ ਪਾਉਣ ਅਤੇ ਆਪਣਾ ਰਕਬਾ ਉਲੀਕਣ ਦੇ ਚੱਕਰ ਵਿੱਚ ਇਕੱਲੇ-ਇਕੱਲੇ ਹੀ ਬੈਠੇ ਦੇਖਿਆ ਜਾ ਸਕਦਾ ਹੈ। ਰਾਤ ਵੇਲੇ ਇਹ 3 ਤੋਂ 30 ਫੁੱਟ ਦੀ ਉਚਾਈ ਉੱਤੇ ਲੱਗੀਆਂ ਟਾਹਣੀਆਂ ਉੱਤੇ ਸੌਂਦੇ ਹਨ। ਮੀਂਹ ਪੈਣ ਦੇ ਮਗਰੋਂ ਇਹ ਅਕਸਰ ਜ਼ਮੀਨ ਉੱਤੇ ਕੀੜੇ, ਭਮੱਕੜ ਫੜ੍ਹਨ ਲਈ ਉੱਤਰਦੇ ਰਹਿੰਦੇ ਹਨ।

ਆਮ ਤੌਰ 'ਤੇ ਇਹ ਕਿਰਲੇ ਭੂਰੇ, ਸਲੇਟੀ ਜਾਂ ਹਰੇ ਰੰਗ ਦੀ ਭਾ ਵਾਲੇ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦਾ ਸਰੀਰ 40 ਤੋਂ 45 ਸੈਂਟੀਮੀਟਰ ਦੀ ਲੰਬਾਈ ਦਾ ਹੁੰਦਾ ਹੈ ਜਿਹੜਾ ਬੈਠਵੇਂ-ਰੁਖ਼ ਚਪਟਾ ਨਹੀਂ ਸਗੋਂ ਖੜ੍ਹਵੇਂ-ਰੁਖ਼ ਚਪਟਾ ਹੁੰਦਾ ਹੈ। ਸਿਰ ਵੱਡਾ ਅਤੇ ਮੂੰਹ ਵੱਡੀ ਸਾਰੀ ਵਾਕ ਵਾਲਾ ਹੁੰਦੀ ਹੈ। ਮੂੰਹ ਦੇ ਵਿੱਚ ਜਬਾੜ੍ਹੇ ਉੱਤੇ ਇੱਕ ਕਤਾਰ ਵਿੱਚ ਅੰਦਰ ਨੂੰ ਮੁੜੇ ਹੋਏ ਨਿੱਕੇ ਨਿੱਕੇ ਦੰਦ ਹੁੰਦੇ ਹਨ, ਜਿਹੜੇ ਪਕੜੇ ਹੋਏ ਸ਼ਿਕਾਰ ਨੂੰ ਚਬਾਉਣ ਲਈ ਨਹੀਂ ਸਗੋਂ ਮੂੰਹ ਵਿੱਚੋਂ ਬਾਹਰ ਨਿਕਲਣ ਵੇਲੇ ਰੋਕਣ ਦਾ ਕੰਮ ਕਰਦੇ ਹਨ।

ਇਹ ਆਪਣੀਆਂ ਦੋਨਾਂ ਅੱਖਾਂ ਨੂੰ ਵੱਖ-ਵੱਖ ਪਾਸਿਆਂ ਨੂੰ ਘੁਮਾ ਕੇ ਇੱਕੋ ਵੇਲੇ ਚਾਰੋਂ ਪਾਸੇ ਬਿਨਾਂ ਸਿਰ ਹਿਲਾਏ ਦੇਖ ਲੈਂਦੇ ਹਨ। ਅੱਖਾਂ ਦੇ ਨੇੜੇ ਅੰਡਾਕਾਰ ਕੰਨ ਦੇ ਪਰਦੇ ਬੜੀ ਆਸਾਨੀ ਨਾਲ ਦਿਖ ਜਾਂਦੇ ਹਨ, ਜਿਨ੍ਹਾਂ ਦੇ ਪਾਸਿਆਂ ਉੱਤੇ ਸਖ਼ਤ ਕੰਢਿਆਂ ਵਰਗੇ ਛੋਟੇ-ਛੋਟੇ ਉਭਾਰਾਂ ਦੇ ਗੁੱਛੇ ਲੱਗੇ ਹੁੰਦੇ ਹਨ। ਇਨ੍ਹਾਂ ਕਿਰਲਿਆਂ ਦੇ ਸਿਰ ਦੇ ਵਿਚਕਾਰੋਂ ਸ਼ੁਰੂ ਹੋ ਕੇ ਇੱਕ ਸਖ਼ਤ ਕੰਢਿਆਂ ਜਿਹਿਆਂ ਦੀ ਲਾਈਨ ਪੂਛ ਦੇ ਸ਼ੁਰੂ ਹੋਣ ਤਕ ਜਾਂਦੀ ਹੈ। ਜਿਸ ਵੇਲੇ ਇਹ ਗੁੱਸੇ ਵਿੱਚ ਹੁੰਦੇ ਹਨ ਤਾਂ ਇਹ ਆਪਣੇ ਇਨ੍ਹਾਂ ਕੰਢਿਆਂ ਨੂੰ ਖੜ੍ਹਾ ਵੀ ਕਰ ਲੈਂਦੇ ਹਨ ਅਤੇ ਆਪਣੀਆਂ ਗੱਲ੍ਹਾਂ ਵੀ ਫੁਲਾ ਲੈਂਦੇ ਹਨ। ਉਸ ਵੇਲੇ ਇਹ ਸੱਚ-ਮੁੱਚ ਹੀ ਬੜੇ ਡਰਾਉਣੇ ਲੱਗਦੇ ਹਨ। ਇਸੇ ਲਈ ਕਈ ਥਾਵਾਂ ਉੱਤੇ ਇਨ੍ਹਾਂ ਨੂੰ 'ਕਰੈਸਟਿਡ ਲਿਜ਼ਰਡ' ਵੀ ਕਹਿੰਦੇ ਹਨ।

ਬੱਚਿਓ, ਇਨ੍ਹਾਂ 'ਕੋਹੜ ਕਿਰਲਿਆਂ' ਜਾਂ 'ਗਿਰਗਟਾਂ' ਦੇ ਸਰੀਰ ਉੱਤੇ ਵੀ ਸੱਪ ਵਾਂਗ ਚਮੜੀ ਦੀਆਂ ਪਰਤਾਂ ਬਣੀਆਂ ਹੁੰਦੀਆਂ ਹਨ। ਪਿੱਠ ਵਾਲੇ ਪਾਸੇ ਇਹ ਵੱਖਰੇ ਵੱਖਰੇ ਰੰਗਾਂ ਦੀਆਂ ਹੁੰਦੀਆਂ ਹਨ ਪਰ ਢਿੱਡ ਵਾਲੇ ਪਾਸੇ ਇਨ੍ਹਾਂ ਦਾ ਰੰਗ ਚਿੱਟਾ ਜਾਂ ਫਿੱਕਾ ਪੀਲਾ ਹੁੰਦਾ ਹੈ। ਪਰ ਇਹ ਸੱਪਾਂ ਵਾਂਗ ਇੱਕੋ ਵਾਰ ਵਿੱਚ ਹੀ ਪੂਰੀ ਦੀ ਪੂਰੀ ਕੁੰਜ ਨਹੀਂ ਲਾਹੁੰਦੇ ਸਗੋਂ ਕਿਰਲੀਆਂ ਦੀ ਤਰ੍ਹਾਂ ਆਪਣੀ ਚਮੜੀ ਨੂੰ ਟੋਟਿਆਂ ਵਿੱਚ ਬਦਲਦੇ ਰਹਿੰਦੇ ਹਨ।

ਇਨ੍ਹਾਂ ਦੇ ਧੜ ਉੱਤੇ ਦੋ ਜੋੜੇ ਲੱਤਾਂ ਦੇ ਹੁੰਦੇ ਹਨ ਜਿੰਨ੍ਹਾਂ ਅੱਗੇ, ਲੰਮੀਆਂ-ਲੰਮੀਆਂ ਪੰਜ-ਪੰਜ ਉਂਗਲਾਂ ਵਾਲੇ ਪੈਰ ਹੁੰਦੇ ਹਨ। ਇਹ ਕਿਰਲੇ ਜ਼ਮੀਨ ਉੱਤੇ ਰੇਂਗਦੇ ਨਹੀਂ ਸਗੋਂ ਆਪਣੀਆਂ ਲੱਤਾਂ ਨਾਲ ਸਰੀਰ ਨੂੰ ਜ਼ਮੀਨ ਤੋਂ ਉੱਚਾ ਚੁੱਕ ਲੈਂਦੇ ਹਨ ਅਤੇ ਫੇਰ ਬਹੁਤ ਤੇਜ਼ ਭੱਜ ਲੈਂਦੇ ਹਨ। ਇਨ੍ਹਾਂ ਦੀ ਪੂਛ ਬਾਕੀ ਦੇ ਸਰੀਰ ਤੋਂ ਦੁੱਗਣੀ ਲੰਮੀ, ਕਿਸੇ ਸਖ਼ਤ ਝਾੜੂ ਦੇ ਤੀਲ੍ਹੇ ਵਾਂਗ ਸਿੱਧੀ, ਬਰੀਕ ਅਤੇ ਸਖ਼ਤ ਹੁੰਦੀ ਹੈ।

ਆਮ ਘਰਾਂ ਵਿੱਚ ਰਹਿਣ ਵਾਲੀਆਂ ਕਿਰਲੀਆਂ ਵਾਂਗ ਇਹ ਆਪਣੀ ਪੂਛ ਨੂੰ ਲੋੜ ਪੈਣ ਉੱਤੇ ਤੋੜ ਕੇ ਨਹੀਂ ਸੁੱਟ ਸਕਦੇ। ਇਨ੍ਹਾਂ 'ਕੋਹੜ ਕਿਰਲਿਆਂ' ਦੇ ਸਰੀਰ ਦਾ ਤਾਪਮਾਨ ਬਾਹਰਲੀ ਆਬੋ-ਹਵਾ ਦੇ ਤਾਪਮਾਨ ਦੇ ਨਾਲ-ਨਾਲ ਵਧਦਾ-ਘਟਦਾ ਰਹਿੰਦਾ ਹੈ। ਇਸ ਲਈ ਇਨ੍ਹਾਂ ਦੀ ਗਿਣਤੀ 'ਕੋਲਡ ਬਲੱਡਡ' ਜੀਵਾਂ ਵਿੱਚ ਹੁੰਦੀ ਹੈ। ਲੋੜ ਪੈਣ ਉੱਤੇ ਧੁੱਪ ਸੇਕ ਕੇ ਅਤੇ ਸੂਰਜ ਦੀ ਉਰਜਾ ਦਾ ਫਾਇਦਾ ਉਠਾ ਕੇ ਇਹ ਆਪਣੇ ਸਰੀਰ ਦਾ ਤਾਪਮਾਨ ਵਧਾ ਲੈਂਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਨੂੰ ਸਰਦੀਆਂ ਵਿੱਚ ਦੁਪਹਿਰੇ ਅਤੇ ਗਰਮੀਆਂ ਵਿੱਚ ਸਵੇਰੇ ਕੰਧਾਂ ਜਾਂ ਦਰੱਖਤਾਂ ਦੀਆਂ ਟਾਹਣੀਆਂ ਉੱਤੇ ਬੈਠ ਕੇ ਧੁੱਪ ਸੇਕਦਿਆਂ ਅਕਸਰ ਦੇਖਿਆ ਜਾਂਦਾ ਹੈ।

ਬੇਟਾ, ਇਨ੍ਹਾਂ ਦੇ ਅੰਡਿਆਂ ਦੇ ਬਾਹਰ ਆਮ ਆਂਡਿਆਂ ਵਾਂਗ ਪੱਥਰ ਵਾਲਾ ਸਖ਼ਤ ਕਵਚ ਨਹੀਂ ਹੁੰਦਾ ਸਗੋਂ ਇੱਕ ਮੋਟੀ ਅਤੇ ਸਖ਼ਤ ਚਮੜੇ ਵਰਗੀ ਝਿੱਲੀ ਹੁੰਦੀ ਹੈ। ਅੰਡਿਆਂ ਵਿੱਚੋਂ ਸੂਰਜ ਦੀ ਗਰਮੀ ਨਾਲ ਹੀ ਅੱਠ ਤੋਂ ਨੌਂ ਹਫ਼ਤਿਆਂ ਵਿੱਚ ਬੱਚੇ ਬਣ ਜਾਂਦੇ ਹਨ ਅਤੇ ਝਿੱਲੀ ਨੂੰ ਪਾੜ ਕੇ ਆਪਣੇ ਆਪ ਮਿੱਟੀ ਵਿੱਚੋਂ ਬਾਹਰ ਨਿਕਲ ਆਉਂਦੇ ਹਨ। ਬੱਚਿਆਂ ਦੀ ਦਿੱਖ ਆਪਣੇ ਮਾਂ-ਬਾਪ ਵਾਲੀ ਹੀ ਹੁੰਦੀ ਹੈ ਅਤੇ ਉਹ ਕੋਈ ਇੱਕ ਸਾਲ ਵਿੱਚ ਪ੍ਰੋੜ੍ਹ ਬਣ ਜਾਂਦੇ ਹਨ।

ਬੱਚਿਓ, ਭਾਵੇਂ ਇਨ੍ਹਾਂ 'ਗਿਰਗਿਟਾਂ' ਦੀ ਦਿੱਖ ਬਹੁਤ ਭਿਆਨਕ ਹੈ ਪਰ ਇਹ ਇਨਸਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ, ਬਲਕਿ ਬਾਗਾਂ ਬਗੀਚਿਆਂ ਵਿੱਚੋਂ ਕੀੜੇ-ਮਕੌੜੇ ਖਾਂਦੇ ਹਨ ਅਤੇ ਆਪ ਕਈ ਕਿਸਮ ਦੇ ਜੀਵਾਂ ਦਾ ਭੋਜਨ ਬਣਦੇ ਹਨ। ਵੱਡਾ ਬੇਟਾ ਕਹਿੰਦਾ, ਮਾਂ ਫੇਰ ਸਿਰਫ਼ ਇਨ੍ਹਾਂ ਦੀ ਭਿਆਨਕ ਸੂਰਤ ਨੂੰ ਹੀ ਇਨ੍ਹਾਂ ਨੂੰ ਮਾਰਨ ਦੀ

# ਕਹਾਣੀ ਕਿਰਾਏਦਾਰ

-ਡਾ. ਪ੍ਰਦੀਪ ਕੌੜਾ

ਇੱਕ ਵਾਰ ਫਿਰ ਘਰ ਖਾਲੀ-ਖਾਲੀ ਹੋ ਗਿਆ ਸੀ, ਜਿਵੇਂ ਇਸ ਘਰ ਵਿੱਚ ਕਦੇ ਕੋਈ ਵੱਸਦਾ ਹੀ ਨਹੀਂ ਸੀ। ਵੱਡਾ ਪੜ੍ਹ-ਲਿਖ ਕੇ ਜਦੋਂ ਕੈਨੇਡਾ ਸੈਟਲ ਹੋ ਗਿਆ ਤਾਂ ਇਹ ਤਸੱਲੀ ਸੀ ਕਿ ਕੋਈ ਗੱਲ ਨਹੀਂ, ਛੋਟਾ ਤਾਂ ਸਾਡੇ ਕੋਲ ਹੀ ਹੈ। ਪੈਸਾ ਕਮਾਉਣ ਦੀ ਲਾਲਸਾ ਵਿੱਚ ਛੋਟੇ ਦੇ ਵੀ ਵਿਦੇਸ਼ ਚਲੇ ਜਾਣ ਵਾਲੇ ਦਿਨ ਤੋਂ ਹੀ ਸਾਰਾ ਘਰ ਭਾਂਅ-ਭਾਂਅ ਕਰਨ ਲੱਗਾ ਸੀ। ਉਂਜ ਜਾਣ ਲੱਗੇ ਛੋਟਾ ਅਤੇ ਉਸ ਦੀ ਵਹੁਟੀ ਵਾਰ-ਵਾਰ ਉਨ੍ਹਾਂ ਨੂੰ ਬੱਚਿਆਂ ਵਾਂਗ ਸਮਝਾਕੇ ਗਏ ਸਨ, "ਦੇਖਣਾ ਭਾਪਾ ਜੀ ! ਐਂਵੇ ਯਕੀਨ ਕਰਕੇ ਕਿਸੇ ਐਰੇ-ਗੈਰੇ ਨੂੰ ਚਾਰ ਪੈਸਿਆਂ ਦੇ ਲਾਲਚ ਵਿੱਚ ਕਿਰਾਏ 'ਤੇ ਨਾ ਬਿਠਾ ਲੈਣਾ। ਤੁਹਾਨੂੰ ਜਿੰਨੇ ਪੈਸੇ ਚਾਹੀਦੇ ਹੋਣਗੇ, ਮੈਨੂੰ ਲਿਖਣਾ ਮੈਂ ਭੇਜਦਾ ਰਹਾਂਗਾ। ਅੱਜ-ਕੱਲ੍ਹ ਕਿਸੇ ਦਾ ਉੱਕਾ ਵਿਸ਼ਵਾਸ ਨਹੀਂ। ਪਹਿਲਾਂ ਚੰਗੇ ਬਣ ਕੇ ਮਕਾਨ ਮਾਲਕਾਂ ਦਾ ਵਿਸ਼ਵਾਸ ਜਿੱਤ ਲੈਂਦੇ ਨੇ ਅਤੇ ਬਾਅਦ ਵਿੱਚ ਨਿੱਤ ਅਖ਼ਬਾਰਾਂ ਵਿੱਚ ਪੜ੍ਹੀਦਾ ਕਿ ਕਿਰਾਏਦਾਰ ਰਾਤ ਨੂੰ ਮਕਾਨ ਮਾਲਕ ਦਾ ਕਤਲ ਕਰਕੇ ਘਰ ਦਾ ਸਾਰਾ ਕੁਝ ਲੁੱਟ ਕੇ ਫਰਾਰ ਹੋ ਗਿਆ।"

"ਵੈਸੇ ਤਾਂ ਥੋਨੂੰ ਤੁਹਾਡੀ ਪੈਨਸ਼ਨ ਹੀ ਨਹੀਂ ਮੁੱਕਿਆ ਕਰਨੀ। ਦੋ ਜੀਆਂ ਨੂੰ ਸੱਤ ਹਜ਼ਾਰ ਕਿਤੇ ਥੋੜ੍ਹਾ ਹੁੰਦੈ ?" ਜਿਹੜੀ ਗੱਲ ਛੋਟਾ ਮੂੰਹ ਪਾੜ ਕੇ ਕਹਿ ਨਹੀਂ ਸੀ ਸਕਦਾ ਉਹ ਉਸ ਦੀ ਵਹੁਟੀ ਨੇ ਸਹਿਜੇ ਹੀ ਆਖ ਦਿੱਤੀ ਸੀ।

ਪੰਜ-ਸੱਤ ਦਿਨ ਤਾਂ ਬਾਹਰ ਜਾ ਕੇ ਪੁੱਤ ਨੇ ਫੋਨ ਕਰ ਕੇ ਹਾਲ-ਚਾਲ ਜ਼ਰੂਰ ਪੁੱਛਿਆ। ਪੈਸੇ ਤਾਂ ਕੀ ਭੇਜਣੇ ਸਨ ਫਿਰ ਤਾਂ ਟਾਈਮ ਨਾ ਮਿਲਣ ਬਹਾਨੇ ਕਈ-ਕਈ ਹਫ਼ਤੇ ਅਤੇ ਮਹੀਨੇ ਲੰਘਣ ਲੱਗ ਪਏ ਸਨ। ਗਾਹੇ-ਬਗਾਹੇ ਕਈ ਲੋਕ ਕਿਰਾਏ ਲਈ ਘਰ ਪੁੱਛਣ ਆਉਂਦੇ ਤਾਂ ਨੂੰਹ ਪੁੱਤ ਦੀਆਂ ਹਦਾਇਤਾਂ ਨੂੰ ਯਾਦ ਕਰ ਕੇ ਬਜ਼ੁਰਗ ਪਤੀ-ਪਤਨੀ ਨਾਂਹ ਕਰ ਦਿੰਦੇ। ਪਰ ਜੋ ਅੱਜ ਕਿਰਾਏ ਲਈ ਪੁੱਛਣ ਆਇਆ ਸੀ ਉਸ ਨੂੰ ਦੇਵ ਢਿੱਲੋਂ ਦੇ ਲੰਗੋਟੀਏ ਯਾਰ ਵੇਦ ਸ਼ਰਮਾ ਨੇ ਭੇਜਿਆ ਸੀ। ਇਸ ਕਰਕੇ ਇਕਦਮ ਮਨ੍ਹਾਂ ਵੀ ਤਾਂ ਨਹੀਂ ਕੀਤਾ ਜਾ ਸਕਦਾ ਸੀ।

ਫਿਰ ਜਿਉਣ ਲਈ ਕੋਈ ਸਹਾਰਾ ਵੀ ਤਾਂ ਚਾਹੀਦਾ ਹੈ। ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਦੇਵ ਢਿੱਲੋਂ ਨੇ ਫ਼ੈਸਲਾ ਕੀਤਾ ਕਿ ਇੱਕ ਵਾਰ 'ਹਾਂ' ਕਰ ਦਿੰਦੇ ਹਾਂ। ਮਹੀਨੇ-ਦੋ ਮਹੀਨਿਆਂ ਬਾਅਦ ਕਿਸੇ ਬਹਾਨੇ ਉਠਾ ਦੇਵਾਂਗੇ। ਪਰ ਫਿਰ ਵੀ ਨੂੰਹ-ਪੁੱਤ ਦੀ ਸਲਾਹ ਧਿਆਨ ਵਿੱਚ ਰੱਖ ਕੇ ਕਿਰਾਏ 'ਤੇ ਥੱਲੜਾ ਪੋਰਸ਼ਨ ਹੀ ਦਿੱਤਾ ਗਿਆ। ਬਜ਼ੁਰਗ ਢਿੱਲੋਂ ਜੋੜਾ ਆਪ ਉਪਰਲੇ ਪੋਰਸ਼ਨ ਵਿੱਚ ਹੀ ਰਿਹਾ ਤਾਂ ਜੋ ਸਾਰੇ ਘਰ ਦੀ ਨਿਗਰਾਨੀ ਰਹਿ ਸਕੇ।

ਨਵਾਂ ਕਿਰਾਏਦਾਰ ਜਸਵੀਰ, ਉਸ ਦੀ ਘਰਵਾਲੀ ਅਤੇ ਇੱਕ ਬੱਚਾ। ਜਿਵੇਂ ਛੋਟਾ ਜਿਹਾ ਪਰਿਵਾਰ ਉਵੇਂ ਹੀ ਬਹੁਤ ਥੋੜ੍ਹੀਆਂ ਚੀਜ਼ਾਂ, ਇੱਕ ਡਬਲਬੈੱਡ, ਦੋ ਕੁਰਸੀਆਂ ਇੱਕ ਮੇਜ਼, ਇੱਕ ਅਲਮਾਰੀ, ਰਸੋਈ ਗੈਸ ਅਤੇ ਚਾਰ ਭਾਂਡੇ। ਰਾਤੀਂ ਦੋਵੇਂ ਜੀਅ ਉੱਪਰ ਆਏ। ਪੈਰੀਂ ਹੱਥ ਲਾ ਕੇ ਕਹਿਣ ਲੱਗੇ, "ਮਾਂ ਜੀ ! ਸ਼ਹਿਰ ਆਪਣਾ ਘਰ ਸੀ, ਕਦੇ ਕਿਰਾਏ 'ਤੇ ਰਹੇ ਨਹੀਂ।



ਰਸੋਈ ਵਿੱਚ ਚਲੀ ਜਾਂਦੀ ਤਾਂ ਬਜ਼ੁਰਗ ਜੋੜੇ ਦਾ ਦਿਲ ਦਹਿਲ ਜਾਂਦਾ।

"ਜੀ ਮੈਂ ਕਹਿੰਦੀ ਸੀ, ਹੁਣ ਤਾਂ ਛੇ ਮਹੀਨੇ ਬੀਤ ਗਏ। ਨਾਲੇ ਇਹ ਤਾਂ ਆਪਣੇ ਨਾਲ ਬਹੁਤੇ ਹੀ ਘੁਲਦੇ ਮਿਲਦੇ ਜਾਂਦੇ ਨੇ, ਕਿਸੇ ਦਾ ਕੀ ਭਰੋਸਾ ਕਿਤੇ ਛੋਟੇ ਵਾਲੀ ਗੱਲ ਵੀ ਨਾ ਆਪਣੇ ਨਾਲ ਹੋ ਜੇ। ਮੇਰੀ ਮੰਨੋ ਤਾਂ ਇਨ੍ਹਾਂ ਨੂੰ ਉਠਾ ਹੀ ਦਿਓ।" ਸ੍ਰੀਮਤੀ ਢਿੱਲੋਂ ਨੇ ਵਸੀ-ਵਸਾਈ ਦੁਨੀਆਂ ਇੱਕ ਵਾਰ ਫਿਰ ਉੱਜੜ ਜਾਣ ਦੇ ਡਰ ਨੂੰ ਮਨ ਵਿੱਚ ਦੱਬ ਕੇ ਹੌਂਸਲੇ ਜਿਹੇ ਨਾਲ ਆਪਣੇ ਪਤੀ ਨੂੰ ਕਹਿ ਹੀ ਦਿੱਤਾ। ਕਾਫ਼ੀ ਦੇਰ ਤੱਕ ਜਦੋਂ ਦੇਵ ਦਾ ਜੁਆਬ ਨਾ ਆਇਆ ਤਾਂ ਸ੍ਰੀਮਤੀ ਢਿੱਲੋਂ ਨੇ ਕਾਹਲੀ-ਕਾਹਲੀ ਸਾਰੀ ਗੱਲ ਫਿਰ ਇਉਂ ਦੁਹਰਾ ਦਿੱਤੀ ਜਿਵੇਂ ਉਸ ਨੂੰ ਡਰ ਹੋਵੇ ਕਿ ਇਸ ਤੋਂ ਬਾਅਦ ਉਸ ਤੋਂ ਇਹ ਸਾਰੀ ਗੱਲ ਕਹਿ ਹੋਣ ਤੋਂ ਪਹਿਲਾਂ ਉਸ ਦੇ ਨੈਣ ਛਲਕ ਜਾਣਗੇ ਅਤੇ ਮੋਹ-ਮਾਇਆ ਦੇ ਭਾਰ ਥੱਲੇ ਜ਼ੁਬਾਨ ਦੀ ਹਰਕਤ ਬੰਦ ਹੋ ਜਾਵੇਗੀ। ਪਰ ਹੁਣ ਵੀ ਕੋਈ ਜੁਆਬ ਨਾ ਮਿਲਿਆ। ਹੜਬੜਾ ਕੇ ਸ੍ਰੀਮਤੀ ਢਿੱਲੋਂ ਨੇ ਬੱਤੀ ਜਗਾਈ, ਹੱਥ ਥਾਏਂ ਰੁਕ ਗਏ। ਪਤੀ ਦੀ ਹਾਲਤ ਦੇਖ ਕੇ ਸਰੀਰ ਕੰਬ ਗਿਆ, ਇੱਕੋ ਸਾਹੇ ਚੀਕਾਂ ਮਾਰਦੀ ਸ੍ਰੀਮਤੀ ਢਿੱਲੋਂ ਥਾਏਂ ਸੁੰਨ ਹੋ ਗਈ।

ਚੀਕਾਂ ਸੁਣ ਕੇ ਦਗੜ-ਦਗੜ ਕਰਦੇ ਦੋਵੇਂ ਮੀਆਂ-ਬੀਵੀ ਪੌੜੀਆਂ ਚੜ੍ਹ ਆਏ। " ਤੁਸੀਂ ਘਬਰਾਓ ਨਾ ਮੈਂ ਆ ਗਿਆ ਮਾਂ ਜੀ," ਕਹਿੰਦੇ ਹੀ ਜਸਵੀਰ ਨੇ ਦੇਵ ਢਿੱਲੋਂ ਨੂੰ ਦੋਵੇਂ ਬਾਹਵਾਂ ਵਿੱਚ ਚੁੱਕ ਲਿਆ।

"ਪੁੱਤ ! ਛੇਤੀ ਇਨ੍ਹਾਂ ਨੂੰ ਹਸਪਤਾਲ ਲੈ ਚੱਲ ਐਸ ਵੇਲੇ ਤਾਂ ਕੋਈ ਰਿਕਸ਼ਾ ਵੀ ਨਈਂ ਮਿਲਣੀ।" ਡੌਰ-ਭੌਰ ਖੜ੍ਹੀ ਸ੍ਰੀਮਤੀ ਢਿੱਲੋਂ ਬੇਵੱਸ ਜਿਹੀ ਜਸਵੀਰ ਵੱਲ ਝਾਕੀ ਜਾ ਰਹੀ ਸੀ।

"ਮਾਂ ਜੀ ! ਥੋਡੇ ਪੁੱਤ ਦੀਆਂ ਬਾਹਵਾਂ ਇੰਨੀਆਂ ਕਮਜ਼ੋਰ ਨਹੀਂ ਕਿ ਬਾਪ ਨੂੰ ਵੀ ਨਾ ਚੁੱਕ ਸਕਣ। ਭਾਪਾ ਜੀ ਨੂੰ ਮੇਰੇ ਜਿਉਂਦੇ-ਜੀਅ ਕੁਝ ਨਹੀਂ ਹੋ ਸਕਦਾ।" ਪੌੜੀਆਂ ਉਤਰਦਾ ਜਸਵੀਰ ਬੁੜਬੁੜਾ ਰਿਹਾ ਸੀ।

" ਹਾਰਟ ਅਟੈਕ ਐ ਜੀ। ਸਵਾ ਲੱਖ ਦੇ ਦੋ ਇੰਜੈਕਸ਼ਨ ਲੱਗਣਗੇ, ਗਰੰਟੀ ਕੋਈ ਨਹੀਂ ਕੁਝ ਵੀ ਹੋ ਸਕਦੈ।" ਜਸਵੀਰ ਦੀਆਂ ਬਾਹਾਂ ਵਿੱਚ ਹੀ ਦੇਵ ਢਿੱਲੋਂ ਦੀ ਨਬਜ਼ ਟੋਹ ਕੇ ਡਾਕਟਰ ਨੇ ਸਾਹਮਣੇ ਉਪਰੇਸ਼ਨ ਥਿਏਟਰ ਵੱਲ ਇਸ਼ਾਰਾ ਕਰ ਦਿੱਤਾ।

"ਮੈਂ ਸਵਾ ਦਾ ਢਾਈ ਦੇਵਾਂਗਾ ਡਾਕਟਰ ਸਾਹਬ। ਪਰ ਮੇਰੇ ਬਾਪ ਨੂੰ ।" ਕਹਿੰਦੇ ਹੀ ਜਸਵੀਰ ਦੀ ਧਾਹ ਨਿਕਲ ਗਈ।

"ਪਰ ਪੁੱਤ ! ਸਾਡੇ ਕੋਲ ਐਨੇ ਪੈਸੇ ।" ਅਲਫ਼ਾਜ਼ ਅਜੇ ਮੂੰਹ ਵਿੱਚ ਹੀ ਸਨ ਕਿ ਜਸਵੀਰ ਦੀ ਘਰਵਾਲੀ ਦੀਆਂ ਬਾਹਵਾਂ ਵਿੱਚ ਪਾਈਆਂ ਵੰਗਾਂ ਨੂੰ ਦੋਵੇਂ ਹੱਥਾਂ ਵਿੱਚ ਫੜੀ ਜਸਵੀਰ ਦਾ ਬੇਟਾ ਆਪਣੀ ਮਾਂ ਦੀ ਗੋਦੀ ਵਿੱਚੋਂ ਦਾਦੀ-ਦਾਦੀ ਕਰਦਾ ਸ੍ਰੀਮਤੀ ਢਿੱਲੋਂ ਵੱਲ ਉਲਰ ਪਿਆ।

# ਕੁਤਰੇ ਪਰਾਂ ਨਾਲ ਫੜਫੜਾਉਂਦੇ ਬੋਟ ਦੀਆਂ ਚਾਂਗਰਾਂ

ਡਾ ਹਰਸ਼ਿੰਦਰ ਕੌਰ

ਲੰਡਨ ਵਿਚ ਸਹਾਰਾ ਘਰਾਂ ਵਿਚਲੀਆਂ 77 ਨਾਬਾਲਗ ਬੱਚੀਆਂ ਦਾ ਉਨ੍ਹਾਂ ਦੇ ਦਾਦੇ ਤੋਂ ਵੀ ਵੱਡੀ ਉਮਰ ਦੇ ਪਾਕਿਸਤਾਨੀ ਬੰਦਿਆਂ ਅਤੇ ਇਕ ਅਫਗਾਨੀ ਵੱਲੋਂ ਕੀਤੇ ਗਏ ਜਬਰ-ਜਿਨਾਹ ਸਦਕਾ ਉਨ੍ਹਾਂ ਨੂੰ ਉਮਰ ਕੈਦ ਸੁਣਾਈ ਗਈ ਹੈ। ਸਹਿਮ ਅਤੇ ਡਰ ਹੇਠ ਲੰਘੀ ਉਨ੍ਹਾਂ ਦੀ ਨਰਕ ਤੋਂ ਬਦਤਰ ਜ਼ਿੰਦਗੀ ਬਾਰੇ ਸੁਣ ਕੇ ਜੱਜ ਵੀ ਇੰਨਾ ਪਸੀਜ ਗਿਆ ਕਿ ਸੇਜਲ ਅੱਖਾਂ ਨਾਲ ਉਸ ਨੂੰ ਦੱਬੇ ਮੂੰਹ ਕਹਿਣਾ ਪਿਆ ਕਿ ਇਸ ਤਰ੍ਹਾਂ ਦੀ ਜ਼ਿੰਦਗੀ ਨਾਲੋਂ ਤਾਂ ਨਾ ਜੰਮਣਾ ਹੀ ਬਿਹਤਰ ਹੈ।

ਸਾਡੇ ਸਹਾਰਾ ਘਰਾਂ ਦੀਆਂ ਨਿੱਕੀਆਂ-ਨਿੱਕੀਆਂ ਪਿੰਜਰੇ ਵਿਚ ਬੰਦ ਘੁੱਗੀਆਂ ਨੂੰ ਝਪਟਦੇ ਜਨੌਰਾਂ ਦਾ ਜ਼ਿਕਰ ਕਰਨ ਨੂੰ ਕੁਝ ਬਚਿਆ ਹੀ ਨਹੀਂ। ਅਖਬਾਰਾਂ ਬਥੇਰਾ ਰੌਲਾ ਪਾ ਚੁੱਕੀਆਂ ਹਨ। ਨੌਸ਼ਹਿਰਾ ਪੰਨੂਆਂ ਵਿਖੇ ਸੋਲ੍ਹਾਂ ਸਾਲਾਂ ਦੀ ਅੱਲੜ੍ਹ ਕੁੜੀ ਨਾਲ ਨੌਂ ਮੁੰਡਿਆਂ ਨੇ ਅੱਠ ਘੰਟੇ ਲਗਾਤਾਰ ਵਾਰੀ-ਵਾਰੀ ਮੂੰਹ ਕਾਲਾ ਕੀਤਾ। ਲੁਧਿਆਣੇ ਵਿਚ ਲਾਜਪਤ ਨਗਰ ਵਿਚ ਨੌਂ ਸਾਲ ਦੀ ਬਾਲੜੀ ਨੂੰ ਸਮੂਹਿਕ ਬਲਾਤਕਾਰ ਕਰਕੇ ਮਾਰ ਦਿੱਤਾ ਗਿਆ। ਫਗਵਾੜੇ ਵਿਚ 93 ਸਾਲ ਦੇ ਬਜ਼ੁਰਗ ਨੇ ਨੌਜਵਾਨ ਔਰਤ ਨੂੰ ਆਪਣੀ ਰਾਖ਼ਸ਼ ਬਿਰਤੀ ਨਾਲ ਪਾੜ ਘੱਤਿਆ। ਅਲਾਵਲਪੁਰ ਵਿਚ ਤਾਂ ਇਕ ਬੱਚੀ ਦਾ ਜਬਰ-ਜਿਨਾਹ ਕਰਨ ਤੋਂ ਬਾਅਦ ਦੋਸ਼ੀ ਵਿਦੇਸ਼ ਹੀ ਭੱਜ ਗਿਆ। ਲੁਧਿਆਣੇ ਦੇ ਸਰਕਾਰੀ ਕਾਲਜ ਦੇ ਇਨਾਮ ਜੇਤੂ ਨਾਮਵਰ ਉਰਦੂ ਸ਼ਾਇਰ ਸ਼ਰਾਬ ਦੇ ਨਸ਼ੇ ਵਿਚ ਧੁੱਤ ਤਿੰਨ ਸਾਲਾ ਬੱਚੀ ਨਾਲ ਅਸ਼ਲੀਲ ਹਰਕਤਾਂ ਕਰਦੇ ਫੜੇ ਗਏ। ਇਹ ਅਤੇ ਅਜਿਹੀਆਂ ਅਨੇਕ ਖ਼ਬਰਾਂ ਹੁਣ ਇੰਨੀਆਂ ਆਮ ਹੋ ਗਈਆਂ ਹਨ ਕਿ ਇਸ ਬਾਰੇ ਕੋਈ ਆਪਣੀ ਜ਼ਿੰਦਗੀ ਵਿੱਚੋਂ ਪੰਜ ਮਿੰਟ ਵੀ ਸੋਚਣ ਲਈ ਜਾਇਆ ਨਹੀਂ ਕਰਦਾ। ਹਰ ਪੰਜ ਮਿੰਟ ਵਿਚ ਇਕ ਔਰਤ ਦਾ ਮਧੋਲੇ ਜਾਣਾ, ਹਰ ਦਸਾਂ ਵਿਚੋਂ 7 ਔਰਤਾਂ ਦਾ ਘਰੇਲੂ ਹਿੰਸਾ ਸਹਿਣਾ, ਹਰ ਸਾਲ ਦੀਆਂ 5000 ਤੋਂ ਵੱਧ ਔਰਤਾਂ ਦਾ ਦਾਜ ਖਾਤਰ ਸਾੜ ਦਿੱਤੇ ਜਾਣਾ, ਮੰਦਬੁੱਧੀ ਨਾਬਾਲਗ ਕੋਮਲ ਫੁੱਲਾਂ ਵਰਗੀਆਂ ਬੱਚੀਆਂ ਨੂੰ ਗਰਭਵਤੀ ਬਣਾ ਦੇਣਾ, ਤੇਜ਼ਾਬ ਨਾਲ ਸਾੜ ਕੇ ਨੌਜਵਾਨ ਬੱਚੀਆਂ ਨੂੰ ਅਪੰਗ ਬਣਾ ਦੇਣ ਵਿਚ ਤਿੰਨ ਗੁਣਾ ਵਾਧਾ ਹੋਣਾ, ਕੀ ਕਿਸੇ ਨੂੰ ਝੰਜੋੜ ਰਿਹਾ ਹੈ ?

6 ਮਹੀਨੇ ਦੀ ਬੱਚੀ ਦਾ ਬਲਾਤਕਾਰ ਆਗਰੇ ਵਿਚ ਇਕ ਮਜ਼ਦੂਰ ਨੇ ਕੀਤਾ ਤੇ ਫੇਰ ਉਸ ਨੂੰ ਮਾਰ ਵੀ ਘੱਤਿਆ। ਚਾਰ ਸਾਲ ਦੀ ਬੱਚੀ ਦਾ ਗੋਆ ਵਿਚ ਇਕ ਮਜ਼ਦੂਰ ਨੇ ਜਬਰ-ਜਿਨਾਹ ਕਰਕੇ ਕਤਲ ਕਰ ਦਿੱਤਾ। ਇਨ੍ਹਾਂ ਦੋਨਾਂ ਕੇਸਾਂ ਵਿਚ ਪੁਲਿਸ ਨੇ ਕੇਸ ਦਰਜ ਨਹੀਂ ਕੀਤਾ। ਯਾਨੀ ਹੁਣ ਹਾਲਤ ਇਹ ਹੈ ਕਿ ਕੇਸ ਦਰਜ ਕਰਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ, ਕਿਉਂਕਿ ਇਹ ਗਿਣਤੀ ਇੰਨੀ ਵਧ ਚੁੱਕੀ ਹੈ ਤੇ ਗੱਲ ਇੰਨੀ ਕੁ ਆਮ ਸਮਝੀ ਜਾਂਦੀ ਹੈ ਕਿ ਹੁਣ ਇਸ ਦੀ ਕੋਈ ਅਹਿਮੀਅਤ ਹੀ ਨਹੀਂ ਰਹੀ। ਨਿੱਘਰੀ ਹੋਈ ਸੋਚ ਬਾਰੇ ਹੋਰ ਸੁਣੋ। ਮਨਾਲੀ ਜਾਂਦੇ ਹੋਏ ਰਸਤੇ ਵਿਚ ਇਕ ਢਾਬੇ ਉੱਤੇ ਅਸੀਂ ਰਾਤ ਦੀ ਰੋਟੀ ਖਾਣ ਲਈ ਰੁਕੇ ਤਾਂ ਸਾਡੇ ਨਾਲ ਵਾਲੀ ਮੇਜ਼ ਉੱਤੇ ਹਨ੍ਹੇਰੇ ਜਿਹੇ ਵਿਚ ਚਾਰ ਬੰਦੇ ਸ਼ਰਾਬੀ ਹੋਏ ਰੋਟੀ ਖਾ ਰਹੇ ਸਨ। ਉਹ ਇੰਨੀਆਂ ਗੰਦੀਆਂ ਮਾਂ-ਭੈਣ ਦੀਆਂ ਗਾਲ੍ਹਾਂ ਕੱਢ ਰਹੇ ਸਨ ਕਿ ਰੋਟੀ ਖਾਣੀ ਔਖੀ ਹੋਈ ਪਈ ਸੀ। ਅਸੀਂ ਮੇਜ਼ ਬਦਲ ਕੇ ਪਰਲੇ ਕੋਨੇ ਉੱਤੇ ਬਹਿ ਗਏ। ਕੁਝ ਕੁ ਪਲਾਂ ਵਿਚ ਤਿੰਨ ਵੱਡੀਆਂ ਕਾਰਾਂ ਉੱਥੇ ਆ ਕੇ ਰੁਕੀਆਂ। ਉਨ੍ਹਾਂ ਵਿਚ ਸਿਰਫ਼ ਡਰਾਈਵਰ ਹੀ ਸਨ। ਤਿੰਨੋ ਉਤਰ ਕੇ ਸਾਡੇ ਨਾਲ ਵਾਲੀ ਮੇਜ਼ ਉੱਤੇ ਬਹਿ ਗਏ। ਦੋ ਉਨ੍ਹਾਂ ਵਿੱਚੋਂ ਪੰਜਾਬੀ ਸਨ ਤੇ ਇਕ ਬਿਹਾਰੀ ਜਾਪਦਾ ਸੀ। ਤਿੰਨੋ ਆਪੋ-ਆਪਣੇ ਅਮੀਰ ਮਾਲਕਾਂ ਬਾਰੇ ਗੱਲਾਂ ਕਰਨ ਲੱਗ ਪਏ। ਇਕ ਸੁਣਾਉਣ ਲੱਗ ਪਿਆ, ??ਯਾਰ ਮੇਰੇ ਮਾਲਕ ਦਾ ਕਾਕਾ ਤਾਂ ਬਾਹਲਾ ਈ ਸ਼ੌਕੀਨ ਐ। ਮੇਰੇ ਮਾਲਕ ਦੀ ਬਹੁਤ ਉੱਪਰ ਤੱਕ ਪਹੁੰਚ ਐ। ਬਸ ਪੁੱਛ ਨਾ ਕੀ ਰੰਗ-ਰਲੀਆਂ ਮਨਾਉਂਦੈ। ਆਪਣੀ ਵੀ ਬਥੇਰੀ ਮੌਜ ਹੋ ਜਾਂਦੀ ਐ ਕਾਕਾ ਜੀ ਨਾਲ।"

? ਦੱਸ ਤਾਂ ਸਹੀ ਕੀ ਕੁੱਝ ਝੂੰਗੇ 'ਚ ਮਿਲ ਜਾਂਦੈ", ਦੂਜੇ ਨੇ ਪੁੱਛਣ ਦੀ ਕੋਸ਼ਿਸ਼ ਕੀਤੀ ?

? ਬਸ ਸਾਰਾ ਕੁੱਝ ਈ ਸਮਝ ਲੋ", ਪਹਿਲਾ ਖਚਰੀ ਜਿਹੀ ਹਾਸੀ ਹੱਸ ਕੇ ਬੋਲਿਆ, ??ਪਰ ਜਿੰਨਾ ਸੁਆਦ ਦੋ ਸਾਲ ਪਹਿਲਾਂ ਆਇਆ ਸੀ ਨਾ, ਸੱਚੀਂ ਯਾਰ ਓਨਾ ਫੇਰ ਨੀਂ ਆਇਆ। ਅੱਜ ਵੀ ਸੋਚ ਕੇ ਮੂੰਹ ਸੁਆਦ-ਸੁਆਦ ਹੋ ਜਾਂਦੈ।"

? ਕਿਹੜਾ ਖਜ਼ਾਨਾ ਮਿਲ ਗਿਆ ਸੀ", ਦੂਜੇ ਨੇ ਫੇਰ ਪੁੱਛਿਆ ?

? ਕੀ ਦੱਸਾਂ ਯਾਰ ! ਸੋਚ ਕੇ ਵੀ ਸਰੀਰ ਮੱਚਣ ਲੱਗ ਪੈਂਦੈ", ਉਹ ਥੋੜ੍ਹਾ ਹੌਲੀ ਜਿਹੀ ਸੁਰ ਕਰਕੇ ਬੋਲਿਆ, ??ਕਾਕਾ ਜੀ ਸ਼ਿਮਲੇ ਦੋਸਤਾਂ ਨਾਲ ਘੁੰਮਣ ਗਏ ਸੀ। ਉੱਥੇ ਇਕ ਸਕੂਲ ਦੀ ਕੁੜੀ ਪਟਾ ਲਈ। ਆਈਸਕ੍ਰੀਮ ਖੁਆ, ਸੌਗਾਤਾਂ ਦੁਆ ਉਸ ਕੁੜੀ ਨੂੰ ਘਰ ਛੱਡਣ ਲਈ ਮਨਾ ਲਿਆ। ਬਸ ਫੇਰ ਕਾਰ 'ਚ ਬਿਠਾ ਕੇ ਕੋਕ 'ਚ ਕੁਝ ਰਲਾ 'ਤਾ। ਰਾਹ 'ਚ ਪਾਸੇ ਕਾਰ ਰੋਕ ਪੰਜਾਂ ਦੋਸਤਾਂ ਨੇ ਉਸ ਨੂੰ ਚੰਗਾ ਰਗੜਾ ਚਾੜ੍ਹਿਆ। ਬਸ ਪਟੋਲੇ ਨੂੰ ਬੁਰੀ ਤਰ੍ਹਾਂ ਚੀਰ 'ਤਾ। ਮੇਰੇ ਜ਼ਿੰਮੇ ਉਹਨੂੰ ਵਾਪਸ ਛੱਡਣ ਦੀ ਡਿਊਟੀ ਸੀ। ਜਦ ਕੋਲ ਗਿਆ ਤਾਂ ਹਾਏ ਬਸ ਪੁੱਛ ਨਾ ਕਿਵੇਂ ਬਿਨਾਂ ਪਰ ਦੇ ਫੜਫੜਾਉਂਦਾ ਬੋਟ ਸੀ ਉਹ ! ਲਹੂ-ਲੁਹਾਨ ਸੀ। ਪਰ ਜਿੰਨਾ ਮਜ਼ਾ ਉਸ ਵੇਲੇ ਉਸ ਜੂਠਨ ਨੂੰ ਚੱਟਣ 'ਚ ਆਇਆ ਉਹ ਹਾਲੇ ਤੱਕ ਨੀਂ ਆਇਆ।"

ਉਸ ਢਾਬੇ ਉੱਤੇ ਉਸ ਵੇਲੇ ਸਾਰੇ ਹੀ ਟਰੱਕਾਂ ਜਾਂ ਕਾਰਾਂ ਦੇ ਡਰਾਈਵਰ ਹੀ ਬੈਠੇ ਸਨ ਤੇ ਸਾਰੇ ਹੀ ਸ਼ਰਾਬ ਦੇ ਅਸਰ ਹੇਠ ਸਨ। ਸਿਰਫ਼ ਮੈਂ, ਮੇਰੇ ਪਤੀ ਤੇ ਮੇਰੀ ਗੋਦ ਵਿਚ ਮੇਰੀ ਡੇਢ ਸਾਲ ਦੀ ਛੋਟੀ ਬੱਚੀ ਸੁਖਮਨੀ ਹੀ ਉਨ੍ਹਾਂ ਵਿੱਚੋਂ ਅਲੱਗ ਸਾਂ। ਇਹ ਦੱਸਣ ਦੀ ਲੋੜ ਨਹੀਂ ਕਿ ਸਾਡਾ ਦਿਲ ਇਹ ਸੁਣ ਕੇ ਕਿੰਨਾ ਛਲਣੀ ਹੋਇਆ ਸੀ। ਸਾਡੇ ਵੱਲੋਂ ਕੀਤਾ ਬੋਲ-ਬੁਲਾਰਾ ਜੋ ਉਨ੍ਹਾਂ ਦਾ ਰਵੱਈਆ ਕਿਹੋ ਜਿਹਾ ਰਿਹਾ, ਇਸ ਬਾਰੇ ਵੀ ਦੱਸਣਾ ਫਜ਼ੂਲ ਹੈ।

ਮੈਂ ਤਾਂ ਸਿਰਫ ਇਹ ਪੁੱਛਣ ਦੀ ਹਿਮਾਕਤ ਕਰ ਰਹੀ ਹਾਂ ਕਿ ਕੋਈ ਕਾਨੂੰਨ ਬਘਿਆੜਾਂ, ਹਲਕੇ ਕੁੱਤਿਆਂ, ਬਿੱਛੂਆਂ ਜਾਂ ਫਨੀਅਰ ਸੱਪਾਂ ਲਈ ਵੀ ਬਣਾਇਆ ਗਿਆ ਹੈ, ਜੋ ਮਗ਼ਰੂਰ, ਕਾਮ ਦੇ ਨਸ਼ੇ ਵਿਚ ਅੰਨ੍ਹੇ, ਗਿਰਝਾਂ ਵਾਂਗ ਝਪੱਟਾ ਮਾਰਨ ਨੂੰ ਤਿਆਰ ਹਰ ਕੋਨੇ ਵਿਚ ਖੜ੍ਹੇ ਮਿਲਦੇ ਹਨ ਕਿ ਕਿਤੇ ਕੋਈ ਨਵਜੰਮੀ ਬੱਚੀ ਹੀ ਭਾਵੇਂ ਮਿਲ ਜਾਏ ਤੇ ਭਾਵੇਂ 90 ਸਾਲ ਦੀ ਮਾਂ, ਕੋਈ ਵੀ ਔਰਤ ਜਾਤ ਵਰਗੀ ?ਚੀਜ਼' ਨੋਚੇ ਬਗ਼ੈਰ ਨਹੀਂ ਛੱਡੀ ਜਾਵੇਗੀ ? ਲਾਹਨਤ ਇਹ ਹੈ ਕਿ ਨੋਚ ਕੇ, ਲਹੂ ਨਿਚੋੜ ਕੇ, ਚੂੰਡ ਕੇ, ਬਾਕੀ ਬਚੇ ਹੱਡ-ਮਾਸ ਨੂੰ ਵੀ ਅੱਗੋਂ ਵੇਚ ਕੇ, ਉਸ ਤੋਂ ਕਮਾਈ ਕਰਨ ਵਿਚ ਇਨ੍ਹਾਂ ਨੂੰ ਕੋਈ ਸ਼ਰਮ ਨਹੀਂ। ਧਰਮ ਦੇ ਅਖੌਤੀ ਪਹਿਰੇਦਾਰ ਵੀ ਇਸ ਕੁਕਰਮ ਵਿਚ ਰਚ-ਮਿਚ ਜਾਣ ਤੋਂ ਬਚ ਨਹੀਂ ਸਕੇ ਤੇ ਨਾ ਹੀ ਕਾਨੂੰਨ ਦੇ ਰਾਖੇ !

ਹੁਣ ਤਾਂ ਖ਼ਬਰਾਂ ਇਹ ਵੀ ਨਸ਼ਰ ਹੋ ਰਹੀਆਂ ਹਨ ਕਿ ਪਿਓ ਹੀ ਧੀਆਂ ਨੂੰ ਦੇਹ ਵਪਾਰ ਵਿਚ ਧੱਕਣ ਤੋਂ ਪਹਿਲਾਂ ਆਪ ਉਸਦੇ ਸਰੀਰ ਨੂੰ ਵਰਤੇ ਬਗ਼ੈਰ ਨਹੀਂ ਰਹਿ ਰਹੇ। ਇਸ ਤਰ੍ਹਾਂ ਦੇ ਖ਼ੂੰਖਾਰ ਜਾਨਵਰਾਂ ਨੂੰ ਨਕੇਲ ਪਾਉਣ ਲਈ ਕੀ ਸਾਰੇ ਹੀ ਬੇਵੱਸ ਤੇ ਮਜਬੂਰ ਹੋ ਚੁੱਕੇ ਹਨ ? ਇਹੀ ਰਾਖਸ਼ ਹੀ ਨਿੱਕੀਆਂ ਬਾਲੜੀਆਂ ਦੀਆਂ ਲੋਥਾਂ ਨੂੰ ਕੁੱਤਿਆਂ ਵੱਲੋਂ ਪੜਵਾਉਣ ਉੱਤੇ ਮਜਬੂਰ ਕਰ ਰਹੇ ਹਨ, ਕਿਉਂਕਿ ਮਾਪੇ ਅਜਿਹੀ ਕਰੂਰਤਾ ਨਾਲੋਂ ਕੁੜੀ ਨਾ ਜੰਮਣ ਨੂੰ ਹੀ ਪਹਿਲ ਦੇਣ ਲੱਗ ਪਏ ਹਨ।

ਕੁੜੀ ਜੰਮਣ ਵਾਸਤੇ ਸਖ਼ਤ ਕਾਨੂੰਨ ਬਣਾਉਣ ਵਾਲਿਓ, ਸਿਰਫ ਕੁੜੀ ਜੰਮਣ ਨਾਲ ਬਾਕੀ ਸਾਰੇ ਫ਼ਰਜ਼ਾਂ ਤੋਂ ਕਿਵੇਂ ਸੁਰਖ਼ਰੂ ਹੋ ਜਾਓਗੇ ? ਰਾਖੀ ਕਰਨ ਵੇਲੇ ਜੇ ਵਾੜ ਹੀ ਖੇਤ ਨੂੰ ਖਾਂਦੀ ਰਹੇਗੀ ਤਾਂ ਯਕੀਨ ਜਾਣਿਓ ਗ਼ੈਰਤਮੰਦ ਮਾਪਿਆਂ ਕੋਲ ਕੁੱਖਾਂ ਵਿਚ ਧੀਆਂ ਮਾਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਬਚਣ ਲੱਗਿਆ। ਦੱਸੋ ਤਾਂ ਸਹੀ, ਕਿੰਨੀਆਂ ਹੋਰ ਧੀਆਂ ਦੀ ਬਲੀ ਦੀ ਲੋੜ ਬਾਕੀ ਹੈ ਤੇ ਫੇਰ ਹੀ ਨਰਕੀ ਕਾਰਾ ਕਰਨ ਵਾਲਿਆਂ ਨੂੰ ਨਕੇਲ ਚਾੜ੍ਹੀ ਜਾਵੇਗੀ ? ਆਵਾਜ਼ ਤਾਂ ਚੁੱਕੋ ! ਹੁਣ ਤਾਂ ਵਿਸ਼ਵ ਪੱਧਰ ਉੱਤੇ ਵੀ ਭਾਰਤ ਦੇਸ਼ ਔਰਤਾਂ ਵਾਸਤੇ ਦੁਨੀਆ ਭਰ ਵਿੱਚੋਂ ਸਭ ਤੋਂ ਖ਼ਤਰਨਾਕ ਦੇਸ਼ ਕਹਾਇਆ ਜਾਣ ਲੱਗ ਪਿਆ ਹੈ।

ਰਿਕਾਰਡ ਆਪ ਮੂੰਹੋਂ ਬੋਲਦਾ ਹੈ ਕਿ ਹਰ ਸਾਲ ਭਾਰਤ ਵਰਸ਼ ਵਿਚ 80,000 ਨਾਬਾਲਗ ਬੱਚੀਆਂ ਨਾਲ ਜਿਸਮਾਨੀ ਵਧੀਕੀਆਂ ਹੋ ਰਹੀਆਂ ਹਨ, ਜਿਨ੍ਹਾਂ ਦੀ ਰਿਪੋਰਟ ਦਰਜ ਹੋ ਰਹੀ ਹੈ।

ਅਫਸੋਸ ਦੀ ਗੱਲ ਇਹ ਹੈ ਕਿ ਇਹ ਗਿਣਤੀ ਸਿਰਫ ਇਕ ਚੌਥਾਈ ਹੈ। ਬਾਕੀ ਦੀਆਂ ਤਿੰਨ ਚੌਥਾਈ ਬਿਨਾਂ ਰਿਪੋਰਟ ਦਰਜ ਕਰਵਾਏ ਪੀਸੀਆਂ ਜਾ ਰਹੀਆਂ ਹਨ। ਅੱਜ ਚਿੱਤ ਕਰਦੈ ਕਿ ਜੇ ਕੋਈ ਹੋਰ ਆਵਾਜ਼ ਨਹੀਂ ਚੁੱਕਦਾ ਤਾਂ ਕਾਸ਼ ਮੇਰੇ ਕਾਗਜ਼ਾਂ ਉੱਤੇ ਉਕਰੇ ਹਰਫ਼ ਹੀ ਡੂੰਘਾ ਫੱਟ ਪਾ ਦੇਣ !

# ਜ਼ਿੰਦਗੀ ਤੇ ਸੰਘਰਸ਼

ਸਰੂਪ ਸਿੰਘ

ਜ਼ਿੰਦਗੀ ਇੱਕ ਸੰਘਰਸ਼ ਹੈ ਤੇ ਸੰਘਰਸ਼ ਹੀ ਜ਼ਿੰਦਗੀ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਸਦਕਾ ਹੀ ਧਰਤੀ ਉੱਪਰ ਜ਼ਿੰਦਗੀ ਆਪਣਾ ਵਜੂਦ ਕਾਇਮ ਰੱਖ ਸਕੀ ਤੇ ਵਿਕਾਸ ਕਰ ਸਕੀ ਹੈ। ਜ਼ਿੰਦਗੀ ਤੇ ਸੰਘਰਸ਼ ਇੱਕ-ਦੂਜੇ ਨਾਲ ਅਨਿੱਖੜਵੇਂ ਹਨ ਤੇ ਇੱਕ ਜਾਨ ਹਨ। ਜੇਕਰ ਉਨ੍ਹਾਂ ਨੂੰ ਇੱਕ ਦੂਜੇ ਤੋਂ ਕਿਸੇ ਤਰੀਕੇ ਨਾਲ ਅਲੱਗ ਕਰ ਦਿੱਤਾ ਜਾਵੇ ਤਾਂ ਸਭ ਕੁਝ ਸਿਫ਼ਰ ਹੋ ਜਾਵੇਗਾ ਭਾਵ ਕੁਝ ਵੀ ਬਾਕੀ ਨਹੀਂ ਰਹੇਗਾ। ਹਰ ਜੀਵ ਜਾਣੇ-ਅਣਜਾਣੇ ਸੰਘਰਸ਼ ਕਰਦਾ ਹੋਇਆ ਹੀ ਜੀਵਤ ਰਹਿ ਸਕਿਆ ਹੈ। ਹਰ ਵਿਅਕਤੀ ਨੂੰ ਹਮੇਸ਼ਾ ਅਣਸੁਖਾਵੇਂ ਹਾਲਾਤ ਨਾਲ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਸਿੱਟਾ ਹਾਰ ਹੋਵੇ ਭਾਵੇਂ ਜਿੱਤ। ਜੋ ਸਿਰਫ਼ ਜਿੱਤ ਲਈ ਹੀ ਸੰਘਰਸ਼ ਕਰਦੇ ਹਨ, ਉਹ ਹਾਰ ਦੀ ਹਾਲਤ ਵਿੱਚ ਸੰਘਰਸ਼ ਤਿਆਗ ਦਿੰਦੇ ਹਨ ਤੇ ਘਰ ਬੈਠ ਜਾਂਦੇ ਹਨ। ਹਾਰ ਦੀ ਹਾਲਤ ਵਿੱਚ ਤਾਂ ਸੰਘਰਸ਼ ਨੂੰ ਤਿੱਖਾ ਕਰਨਾ ਲੋੜੀਂਦਾ ਹੈ। ਹਾਰਾਂ, ਜਿੱਤਾਂ ਨੂੰ ਜ਼ਿੰਦਗੀ ਦੀ ਬੁਨਿਆਦ ਮੰਨਣਾ ਚਾਹੀਦਾ ਹੈ। ਹਾਰਾਂ ਸਾਨੂੰ ਜਿੱਤਾਂ ਦਾ ਰਾਹ ਦੱਸਦੀਆਂ ਹਨ। ਜ਼ਿੰਦਗੀ ਦੁੱਖਾਂ ਤੇ ਸੁੱਖਾਂ ਦਾ ਮਿਸ਼ਰਣ ਹੈ। ਜੇਕਰ ਸੁੱਖ ਹੀ ਸੁੱਖ ਹੋਣ ਤਾਂ ਜ਼ਿੰਦਗੀ ਬੇਸੁਆਦ ਹੋ ਜਾਵੇਗੀ।

ਦੁੱਖ ਜ਼ਿੰਦਗੀ ਵਿੱਚ ਰੰਗ-ਬਰੰਗੇ, ਕੌੜੇ ਤੇ ਮਿੱਠੇ ਸੁਆਦ ਭਰਦੇ ਹਨ। ਦੁੱਖਾਂ ਨਾਲ ਹੀ ਸੁੱਖਾਂ ਦੀ ਕਦਰ ਹੈ ਪਰ ਸੰਘਰਸ਼ ਸਦਕਾ ਸਾਰੇ ਦੁੱਖਾਂ ਦੇ ਕੌੜੇ ਸੁਆਦਾਂ ਨੂੰ ਮਿੱਠਿਆਂ ਤੇ ਮਨਭਾਉਂਦੇ ਸੁਆਦਾਂ ਵਿੱਚ ਬਦਲਿਆ ਜਾ ਸਕਦਾ ਹੈ। ਦੁੱਖਾਂ ਦੇ ਖ਼ਿਲਾਫ਼ ਸੰਘਰਸ਼ ਸਾਨੂੰ ਜ਼ਿੰਦਗੀ ਜੀਣ ਦੀ ਜਾਚ ਸਿਖਾਉਂਦਾ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਕਰਨ ਦੀ ਥਾਂ ਦੁੱਖਾਂ ਤੇ ਤਕਲੀਫ਼ਾਂ ਤੋਂ ਘਬਰਾ ਕੇ ਸੰਘਰਸ਼ ਨੂੰ ਅਲਵਿਦਾ ਕਹਿਣਾ ਜਾਂ ਇਨ੍ਹਾਂ ਨਾਲ ਸਮਝੌਤਾ ਕਰ ਲੈਣਾ ਬੁਜ਼ਦਿਲੀ ਹੈ।

ਸੰਘਰਸ਼ ਸਦਕਾ ਜਥੇਬੰਦੀਆਂ ਦੇ ਕਿਰਤੀ, ਕਿਸਾਨ, ਮੁਲਾਜ਼ਮ, ਨੌਜਵਾਨ ਤੇ ਵਿਦਿਆਰਥੀ ਆਪਣੀਆਂ ਮੰਗਾਂ, ਤਨਖ਼ਾਹ, ਭੱਤੇ ਤੇ ਹੋਰ ਸਾਰੀਆਂ ਸਹੂਲਤਾਂ ਹਾਸਲ ਕਰ ਸਕਦੇ ਹਨ। ਬਿਨਾਂ ਸੰਘਰਸ਼ ਤੋਂ ਕੁਝ ਵੀ ਹਾਸਲ ਨਹੀਂ ਹੁੰਦਾ। ਇਸ ਲਈ ਸੰਘਰਸ਼ ਨਾਲ ਹਰ ਚੀਜ਼ ਹਾਸਲ ਕੀਤੀ ਜਾ ਸਕਦੀ ਹੈ, ਹਰ ਕੰਮ ਕੀਤਾ ਜਾ ਸਕਦਾ ਹੈ, ਹਰ ਅਣਹੋਣੀ ਨੂੰ ਹੋਣੀ ਬਣਾਇਆ ਜਾ ਸਕਦਾ ਹੈ ਪਰ ਸਿਦਕ ਨਾਲ ਤੇ ਡਟ ਕੇ ਸੰਘਰਸ਼ ਕਰਨ ਦੀ ਲੋੜ ਹੈ। ਸੰਘਰਸ਼ ਕਰਦਿਆਂ ਛੋਟੀਆਂ-ਛੋਟੀਆਂ ਲੜਾਈਆਂ ਲੜਨੀਆਂ ਪੈਂਦੀਆਂ ਹਨ। ਉਨ੍ਹਾਂ ਵਿੱਚੋਂ ਕੁਝ 'ਚ ਹਾਰਾਂ ਤੇ ਕੁਝ 'ਚ ਜਿੱਤਾਂ ਹਾਸਲ ਹੁੰਦੀਆਂ ਹਨ। ਹਾਰਾਂ ਤੋਂ ਸਿੱਖ ਕੇ ਜਿੱਤਾਂ ਦੀ ਬੁਨਿਆਦ ਬਣਦੀ ਹੈ। ਸੰਘਰਸ਼ ਕਰਦੇ ਹੋਏ ਹਾਰ ਜਾਣਾ ਬੁਰਾ ਨਹੀਂ ਪਰ ਹਾਰ ਮੰਨ ਲੈਣਾ ਬੁਰਾ ਹੈ। ਜਿਸ ਵਿਅਕਤੀ ਜਾਂ ਜਥੇਬੰਦੀ ਦੀ ਸੰਘਰਸ਼ਾਂ 'ਤੇ ਟੇਕ ਹੈ, ਉਸ ਲਈ ਕੁਝ ਵੀ ਨਾਮੁਮਕਿਨ ਨਹੀਂ। ਸੰਘਰਸ਼ ਕਰਨਾ ਜ਼ਿੰਦਗੀ ਦਾ ਧਰਮ ਹੈ। ਇਸ ਤੋਂ ਬਿਨਾਂ ਜ਼ਿੰਦਗੀ ਦਾ ਸਫ਼ਰ ਅੱਗੇ ਨਹੀਂ ਤੁਰਦਾ। ਸੰਘਰਸ਼ ਦੀ ਮਸ਼ਾਲ ਨਾਲ ਜੱਗ ਰੌਸ਼ਨ ਹੋ ਸਕਦਾ ਹੈ। ਸੰਘਰਸ਼ ਤੋਂ ਟਾਲਾ ਵੱਟਣਾ ਗੁਲਾਮੀ ਨੂੰ ਸੱਦਾ ਦੇਣਾ ਹੈ। ਹਾਰਾਂ ਦਾ ਰਾਹ ਹੀ ਜਿੱਤਾਂ ਵਿੱਚ ਖ਼ਤਮ ਹੁੰਦਾ ਹੈ। ਸੰਘਰਸ਼ ਬੰਦਗੀ ਵੀ ਹੈ। ਸੰਘਰਸ਼ 'ਤੇ ਟੇਕ ਰੱਖਣ ਵਾਲੇ ਵਿਅਕਤੀ ਦੇ ਜੀਵਨ ਵਿੱਚ ਆਉਂਦਾ ਸੰਘਰਸ਼ ਦਾ ਹਰ ਪਲ ਬੰਦਗੀ ਬਣ ਜਾਂਦਾ ਹੈ।

## ਤੇ ਹਵਾ ਜਿੱਤ ਗਈ/ ਬਾਲ ਕਹਾਣੀ

ਤੁਰੇ ਜਾਂਦੇ ਰਾਹੀ ਨੂੰ ਦੇਖ ਕੇ ਇਸ ਵਾਰ ਫੇਰ ਹਵਾ ਅਤੇ ਸੂਰਜ ਵਿਚਕਾਰ ਆਪਸ 'ਚ ਬਹਿਸ ਹੋ ਗਈ। ਮੈਂ ਇਸ ਮੁਸਾਫ਼ਰ ਦਾ ਕੋਟ ਉਤਾਰ ਸਕਦੀ ਹਾਂ, ਹਵਾ ਬੋਲੀ। ਨਹੀਂ, ਮੈਂ ਇਸ ਦਾ ਕੋਟ ਉਤਾਰ ਸਕਦਾਂ, ਨਾਲੇ ਤੈਨੂੰ ਚੰਗੀ ਤਰ੍ਹਾਂ ਪਤੈ, ਪਿਛਲੀ ਵਾਰ ਤੇਰੀ ਦਾਦੀ, ਮੇਰੇ ਦਾਦਾ ਜੀ ਤੋਂ ਹਾਰ ਗਈ ਸੀ, ਸੂਰਜ ਥੋੜ੍ਹਾ ਜਿਹਾ ਆਕੜ ਕੇ ਬੋਲਿਆ।

ਲੱਗੀ ਫੇਰ ਸ਼ਰਤ ? ਹਵਾ ਮਾਣ ਜਿਹੇ 'ਚ ਬੋਲੀ।

ਸੂਰਜ ਅਤੇ ਹਵਾ ਵਿਚਕਾਰ ਫੇਰ ਸ਼ਰਤ ਲੱਗ ਗਈ ਅਤੇ ਫ਼ੈਸਲਾ ਉਸੇ ਮੁਸਾਫ਼ਰ 'ਤੇ ਛੱਡ ਦਿੱਤਾ ਗਿਆ, ਜੋ ਉਹ ਕਹੇਗਾ ਉਹੀ ਸਹੀ ਮੰਨਿਆ ਜਾਵੇਗਾ।

ਇਸ ਲਈ ਪਹਿਲਾਂ ਸੂਰਜ ਨੇ ਚਮਕਣਾ ਸ਼ੁਰੂ ਕੀਤਾ। ਉਹ ਪਹਿਲਾਂ ਥੋੜ੍ਹਾ ਜਿਹਾ ਚਮਕਿਆ, ਫੇਰ ਹੋਰ ਤੇਜ਼ ਅਤੇ ਆਖਰ 'ਚ ਏਨੀ ਤੇਜ਼ੀ ਨਾਲ ਚਮਕਿਆ ਕਿ ਧਰਤੀ 'ਤੇ ਤੁਰੇ ਜਾਂਦੇ ਰਾਹੀ ਨੂੰ ਲੱਗਿਆ ਕਿ ਘਰੋਂ ਖਾਮ-ਖਾਹ ਹੀ ਕੋਟ ਪਾ ਕੇ ਨਿਕਲੇ, ਅੱਜ ਤਾਂ ਗਰਮ ਅਤੇ ਨਿੱਘਾ ਦਿਨ ਹੈ। ਉਸ ਨੇ ਸੂਰਜ ਦੀ ਗਰਮਾਇਸ਼ ਵਿੱਚ ਆਪਣੇ ਸੁੰਗੜੇ ਸਰੀਰ ਨੂੰ ਖੋਲ੍ਹਣ ਲਈ ਜਿਉਂ ਹੀ ਆਪਣੀਆਂ ਬਾਹਵਾਂ ਏਧਰ-ਉਧਰ ਨੂੰ ਹਿਲਾਉਣੀਆਂ ਸ਼ੁਰੂ ਕੀਤੀਆਂ ਤਿਉਂ ਹੀ ਹਵਾ ਨੇ ਮੌਕਾ ਤਾੜਿਆ ਅਤੇ ਯਕਦਮ ਏਨੀ ਤੇਜ਼ੀ ਨਾਲ ਵਗੀ ਕਿ ਮੁਸਾਫ਼ਰ ਦਾ ਕੋਟ ਉਤਾਰ ਕੇ ਪਰ੍ਹੇ ਸੁੱਟ ਦਿੱਤਾ।

ਪਰ੍ਹੇ ਡਿੱਗੇ ਹੋਏ ਕੋਟ ਨੂੰ ਦੇਖ ਕੇ ਸੂਰਜ ਨੇ ਤਾੜੀਆਂ ਮਾਰ ਦਿੱਤੀਆਂ, ਦੇਖਿਆ ਫਿਰ, ਮੈਂ ਉਸ ਰਾਹੀ ਦਾ ਕੋਟ ਉਤਾਰ ਦਿੱਤਾ ਹੈ। ਮੈਂ ਜਿੱਤ ਗਿਆ ਹਾਂ, ਸੂਰਜ ਖ਼ੁਸ਼ੀ 'ਚ ਉਛਲਦਾ ਬੋਲਿਆ।

ਨਹੀਂ, ਉਸ ਦਾ ਕੋਟ ਮੈਂ ਉਤਾਰਿਆ ਹੈ1, ਹਵਾ ਬੋਲੀ। ਦੋਵੇਂ ਫਿਰ ਆਪਸ 'ਚ ਬਹਿਸ ਪਏ। ਹਵਾ 1ਬੋਲੀ, ਚਲੋ ਉਸ ਰਾਹੀ ਤੋਂ ਫ਼ੈਸਲਾ ਸੁਣਦੇ ਹਾਂ ਕਿ ਉਸ ਦਾ ਕੋਟ ਕਿਸ ਨੇ ਉਤਾਰਿਆ ਹੈ।

ਦੋਵੇਂ ਜਣੇ ਮਨੁੱਖੀ ਰੂਪ ਧਾਰ ਕੇ ਧਰਤੀ ਉੱਤੇ ਉਸ ਮੁਸਾਫ਼ਰ ਸਾਹਮਣੇ ਉੱਤਰ ਆਏ ਜਿੱਥੇ ਉਹ ਤੁਰਿਆ ਜਾਂਦਾ ਸੀ।

ਸੂਰਜ ਆਪਣੀ ਜਿੱਤ ਦੀ ਆਕੜ ਜਿਹੀ 'ਚ ਰਾਹੀ ਨੂੰ ਬੋਲਿਆ, ਤੁਹਾਡਾ ਕੋਟ ਭਲਾ ਕਿਸ ਨੇ ਉਤਾਰਿਆ ਹੈ ?

ਮੇਰਾ ਕੋਟ ? ਮੇਰਾ ਕੋਟ ਤਾਂ ਹਵਾ ਨੇ ਉਤਾਰਿਆ ਹੈ, ਮੁਸਾਫ਼ਰ ਨੇ ਸਹਿਜ ਜੁਆਬ ਦਿੱਤਾ।

ਨਹੀਂ, ਤੂੰ ਝੂਠ ਬੋਲ ਰਿਹਾਂ ਹੈਂ, ਸੂਰਜ ਅੱਧ-ਗੁੱਸੇ ਜਿਹੇ 'ਚ ਰਾਹੀ ਨੂੰ ਬੋਲਿਆ।

ਮੈਂ ਭਲਾ ਝੂਠ ਕਿਉਂ ਬੋਲਾਂਗਾ ? ਇਉਂ ਕਹਿ ਕੇ ਰਾਹੀ ਨੇ ਆਪਣਾ ਕੋਟ ਚੁੱਕਿਆ ਅਤੇ ਅੱਗੇ ਨਿਕਲ ਗਿਆ।

ਰਾਹੀ ਦਾ ਆਖਰੀ ਫ਼ੈਸਲਾ ਸੁਣ ਕੇ ਸੂਰਜ ਸੁੰਨ ਹੋ ਗਿਆ ਪਰ ਉਸ ਨੇ ਹੈਰਾਨੀ ਨਾਲ ਹਵਾ ਤੋਂ ਪੁੱਛਿਆ, ਤੂੰ ਇਸ ਵਾਰ ਕਿਵੇਂ ਜਿੱਤ ਗਈ ?

ਦਰਅਸਲ, ਮੇਰੇ ਦਾਦੀ ਜੀ ਅਨਪੜ੍ਹ ਸਨ, ਉਨ੍ਹਾਂ ਨੂੰ ਮੌਕੇ ਦੀ ਨਜ਼ਾਕਤ ਸਮਝਣੀ ਨਹੀਂ ਸੀ ਆਉਂਦੀ ਅਤੇ ਮੈਂ ਪੜ੍ਹੀ-ਲਿਖੀ ਹਾਂ ਮੈਂ ਸਮੇਂ ਦੀ ਨਬਜ਼ ਪਛਾਣਦੀ ਹਾਂ। ਇਸ ਲਈ ਮੇਰੀ ਜਿੱਤ ਹੋਈ ਹੈ। ਇਹ ਕਹਿ ਕੇ ਹਵਾ ਲੋਪ ਹੋ ਗਈ ਅਤੇ ਸੂਰਜ ਨਿੰਮੋਝੂਣਾ ਜਿਹਾ ਹੋ ਕੇ ਆਪਣੇ ਟਿਕਾਣੇ 'ਤੇ ਜਾ ਲੱਗਿਆ।

# ਸੱਭਿਆਚਾਰ ਤੇ ਵਿਰਸਾ

*ਹੁਣ ਸਮਾਂ ਬਦਲਣ ਨਾਲ ਪਿੱਪਲ/ਬਰੋਟੇ ਪਿੰਡਾਂ 'ਚੋਂ ਗਾਇਬ ਹੀ ਹੋ ਗਏ ਹਨ। ਜੇਕਰ ਕਿਸੇ ਪਿੰਡ ਵਿੱਚ ਖੜ੍ਹੇ ਵੀ ਹਨ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਜਾਂ ਖ਼ੁਸ਼ੀ ਨਹੀਂ ਦਿਸਦੀ। ਹੁਣ ਉਹ ਉਦਾਸ ਤੇ ਮਾਯੂਸ ਨਜ਼ਰ ਆਉਂਦੇ ਹਨ। ਅੱਗੇ ਵਾਂਗੂ ਹੁਣ ਇਨ੍ਹਾਂ ਥੱਲੇ ਮਹਿਫ਼ਲਾਂ ਨਹੀਂ ਜੁੜਦੀਆਂ।*



## ਲੋਪ ਹੋਇਆ ਪਿੱਪਲਾਂ-ਬਰੋਟਿਆਂ ਦਾ ਸੱਭਿਆਚਾਰ

ਪੁਰਾਤਨ ਸਮਿਆਂ ਵਿੱਚ ਆਮ ਤੌਰ 'ਤੇ ਪਿੱਪਲ/ਬਰੋਟੇ ਹਰ ਪਿੰਡ ਦੇ ਦਰਵਾਜ਼ੇ ਦਾ ਸ਼ਿੰਗਾਰ ਹੁੰਦੇ ਸਨ। ਇਹ ਪਿੰਡ ਦੀ ਆਨ-ਸ਼ਾਨ ਅਤੇ ਹਰ ਦੁੱਖ-ਸੁੱਖ ਦੇ ਪ੍ਰਤੀਕ ਮੰਨੇ ਜਾਂਦੇ ਸਨ। ਇਨ੍ਹਾਂ ਦੇ ਆਲੇ-ਦੁਆਲੇ ਇੱਟਾਂ ਦਾ ਪਕਾ ਥੜ੍ਹਾ ਬਣਾਇਆ ਹੁੰਦਾ ਸੀ। ਜਿਸ ਨੂੰ ਆਮ ਤੌਰ 'ਤੇ ਚੌਂਤਰਾ ਕਿਹਾ ਜਾਂਦਾ। ਇਹ ਚੌਂਤਰਾ ਵੇਲੇ ਕੁਵੇਲੇ ਸਟੇਜ ਦਾ ਕੰਮ ਵੀ ਦਿੰਦਾ ਸੀ। ਇਸ ਉੱਪਰ ਬੈਠ ਕੇ ਵਿਹਲੇ ਬਜ਼ੁਰਗ ਤਾਸ਼ ਜਾਂ ਪਾਸਾ ਖੇਡਦੇ ਰਹਿੰਦੇ। ਬੱਚੇ ਇਨ੍ਹਾਂ ਉੱਪਰ ਚੜ੍ਹਕੇ ਖੇਡਾਂ ਖੇਡਦੇ, ਕੁੜੀਆਂ ਸਾਉਣ ਦੇ ਮਹੀਨੇ ਇਨ੍ਹਾਂ ਟਾਹਣਿਆਂ ਉੱਪਰ ਰੱਸੇ ਬੰਨ੍ਹ ਕੇ ਪੀਂਘਾਂ ਝੂਟਦੀਆਂ। ਤੀਆਂ ਦਾ ਤਿਉਹਾਰ ਵੀ ਇਨ੍ਹਾਂ ਥੱਲੇ ਮਨਾਇਆ ਜਾਂਦਾ। ਗਿੱਧੇ ਤੇ ਬੋਲੀਆਂ ਪਾ ਕੇ ਖ਼ੁਸ਼ੀ ਮਨਾਈ ਜਾਂਦੀ ਤੇ ਇਹ ਟੱਪਾ ਜ਼ਰੂਰ ਗਾਇਆ ਜਾਂਦਾ:

*ਸਾਉਣ ਵੀਰ ਇਕੱਠੀਆਂ ਕਰੇ*
*ਭਾਦੋਂ ਚੰਦਰੀ ਵਿਛੋੜਾ ਪਾਵੇ*

ਭਾਵ ਪਿੱਪਲ/ਬਰੋਟੇ ਪਿੰਡਾਂ ਦੀ ਰੌਣਕ ਮੰਨੇ ਜਾਂਦੇ ਸਨ। ਹਰ ਪਿੰਡ ਵਿਚ ਟੋਭਿਆਂ, ਮੰਦਰਾਂ ਅਤੇ ਗੁਰਦੁਆਰਿਆਂ ਜਾਂ ਸ਼ਾਮਲਾਟ ਥਾਵਾਂ ਉੱਪਰ ਪਿੱਪਲ/ਬਰੋਟੇ ਆਮ ਹੁੰਦੇ ਸਨ। ਇਨ੍ਹਾਂ ਹੇਠਾਂ ਗਰਮੀ ਵਿੱਚ ਪਿੰਡ ਦਾ ਵੱਗ (ਗਾਵਾਂ-ਮੱਝਾਂ) ਅਤੇ ਭੇਡਾਂ-ਬੱਕਰੀਆਂ ਦੇ ਇੱਜੜ ਧੁੱਪ ਤੋਂ ਬਚਣ ਲਈ ਬਿਠਾਏ ਜਾਂਦੇ। ਇਨ੍ਹਾਂ ਦੇ ਟਾਹਣਿਆਂ ਉੱਪਰ ਮੋਰ ਬੈਠ ਕੇ ਪੈਲਾਂ ਪਾਉਂਦੇ, ਪੰਛੀ ਕਲੋਲਾਂ ਕਰਦੇ ਤੇ ਕੋਇਲ ਦਾ ਕੂਕਣਾ ਤੇ ਚਿੜੀਆਂ ਦਾ ਚੂੰ ਚੂੰ ਕਰਨਾ ਕਿੰਨਾ ਮਿੱਠਾ ਤੇ ਪਿਆਰਾ ਲੱਗਦਾ ਸੀ। ਘੁੱਗੀਆਂ ਦੀ ਘੂੰ ਘੂੰ ਦਾ ਅਰਥ ਹਰ ਮਨੁੱਖ ਆਪਣੀ ਮਰਜ਼ੀ ਅਨੁਸਾਰ ਕੱਢਦਾ। ਇਸ ਤਰ੍ਹਾਂ ਪਿੱਪਲ/ਬਰੋਟਿਆਂ ਦੇ ਚਿਹਰਿਆਂ 'ਤੇ ਰੌਣਕ ਤੇ ਖ਼ੁਸ਼ੀ ਹੁੰਦੀ। ਥੋੜ੍ਹੀ ਜਿਹੀ ਹਵਾ ਨਾਲ ਇਨ੍ਹਾਂ ਦੇ ਪੱਤੇ ਖੜ-ਖੜ ਕਰਨ ਲੱਗ ਪੈਂਦੇ।

ਪਿੱਪਲ ਦਿਆ ਪੱਤਿਆ ਵੇ ਕਿਉਂ ਖੜ੍ਹ ਖੜ੍ਹ ਲਾਈਐ
ਪੱਤ ਝੜੇ ਪੁਰਾਣੇ, ਰੁੱਤ ਨਵਿਆਂ ਦੀ ਆਈ ਹੈ।



ਪਿੱਪਲ ਦਾ ਦਰੱਖਤ ਅਜਿਹਾ ਹੈ ਕਿ ਮਨੁੱਖ ਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ। ਸਰਦੀਆਂ ਵਿੱਚ ਧੁੱਪ ਦੇਣ ਲਈ ਇਸ ਦੇ ਸਾਰੇ ਪੱਤੇ ਝੜ ਜਾਂਦੇ ਹਨ ਤੇ ਗਰਮੀਆਂ ਵਿੱਚ ਠੰਢੀ ਤੇ ਸੰਘਣੀ ਛਾਂ ਦੇਣ ਲਈ ਹਰੇ ਕਚੂਰ ਪੱਤੇ ਨਿਕਲ ਆਉਂਦੇ ਹਨ। ਪਿੱਪਲਾਂ/ਬੋਹੜਾਂ ਥੱਲੇ ਗਾਉਣ-ਵਜਾਉਣ ਦੇ ਅਖਾੜੇ ਆਮ ਲੱਗਦੇ ਸਨ। ਜਿੱਥੇ ਬੈਠ ਕੇ ਪਿੰਡ ਦੇ ਲੋਕ ਇਨ੍ਹਾਂ ਦਾ ਅਨੰਦ ਮਾਣਦੇ ਅਤੇ ਮਨ ਪ੍ਰਚਾਵੇ ਕਰਦੇ। ਮਿਰਜ਼ਾ-ਸਾਹਿਬਾ, ਹੀਰ-ਰਾਂਝਾ, ਸੱਸੀ-ਪੁੰਨੂੰ, ਪੂਰਨ ਭਗਤ ਆਦਿ ਪੁਰਾਣੇ ਕਿੱਸਿਆਂ ਦੀਆਂ ਕਹਾਣੀਆਂ ਨੂੰ ਸੁਣਿਆ ਜਾਂਦਾ। ਇਸ ਤਰ੍ਹਾਂ ਲੋਕੀ ਪੁਰਾਣੇ ਪੇਂਡੂ ਸਭਿਆਚਾਰ ਨਾਲ ਜੁੜੇ ਰਹਿੰਦੇ। ਜੱਗੇ ਸੂਰਮੇ ਦੀ ਮੌਤ ਬਾਰੇ ਆਮ ਕਿਹਾ ਜਾਂਦਾ ਸੀ:

ਜੱਗਾ ਮਾਰਿਆ ਬੋਹੜ ਦੀ ਛਾਂਵੇਂ, ਨੌਂ ਮਣ ਰੇਤ ਭਿੱਜ ਗਈ।

ਜੱਗੇ ਦੀ ਮੌਤ ਬਾਰੇ ਜਦੋਂ ਜੱਗੇ ਦੀ ਮਾਂ ਨੂੰ ਪਤਾ ਲੱਗਦਾ ਹੈ ਤਾਂ ਉੱਚੀ-ਉੱਚੀ ਕੀਰਨੇ ਪਾਉਂਦੀ ਹੈ:

ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ, ਡੱਬੀ 'ਚ ਪਾ ਰੱਖਦੀ

ਪਰ ਹੁਣ ਸਮਾਂ ਬਦਲਣ ਨਾਲ ਪਿੱਪਲ/ਬਰੋਟੇ ਪਿੰਡਾਂ 'ਚੋਂ ਗਾਇਬ ਹੀ ਹੋ ਗਏ ਹਨ। ਜੇਕਰ ਕਿਸੇ ਪਿੰਡ ਵਿੱਚ ਖੜ੍ਹੇ ਵੀ ਹਨ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਜਾਂ ਖ਼ੁਸ਼ੀ ਨਹੀਂ ਦਿਸਦੀ। ਹੁਣ ਉਹ ਉਦਾਸ ਤੇ ਮਾਯੂਸ ਨਜ਼ਰ ਆਉਂਦੇ ਹਨ। ਅੱਗੇ ਵਾਂਗੂ ਹੁਣ ਇਨ੍ਹਾਂ ਥੱਲੇ ਮਹਿਫ਼ਲਾਂ ਨਹੀਂ ਜੁੜਦੀਆਂ। ਲੋਕਾਂ ਦੀਆਂ ਰੌਣਕਾਂ ਨਹੀਂ ਲੱਗਦੀਆਂ ਕਿਉਂਕਿ ਹੁਣ ਲੋਕਾਂ ਕੋਲ ਵਿਹਲ ਹੀ ਨਹੀਂ।

ਬਿਜਲੀ ਤੇ ਟੈਲੀਵੀਜ਼ਨ ਹਰ ਘਰ ਵਿੱਚ ਹੋਣ ਕਰਕੇ ਆਪਣਾ ਵਿਹਲਾ ਸਮਾਂ ਘਰਾਂ ਵਿੱਚ ਹੀ ਗੁਜ਼ਾਰਦੇ ਹਨ। ਬੱਚਿਆਂ ਦੀ ਪੜ੍ਹਾਈ ਔਖੀ ਤੇ ਸਿਲੇਬਸ ਵੱਡੇ ਹੋਣ ਕਰਕੇ ਟਿਊਸ਼ਨਾਂ ਹੀ ਖ਼ਤਮ ਨਹੀਂ ਹੁੰਦੀਆਂ। ਤੀਆਂ ਦੇ ਰਿਵਾਜ ਹੀ ਖ਼ਤਮ ਹੋ ਰਹੇ ਹਨ। ਲੜਕੀਆਂ ਨੂੰ ਹੁਣ ਪੜ੍ਹਨ-ਲਿਖਣ ਲਈ ਦੂਰ ਦੁਰਾਡੇ ਕਾਲਜਾਂ ਵਿੱਚ ਜਾਣਾ ਪੈਂਦਾ ਹੈ। ਉੱਥੇ ਹੋਸਟਲਾਂ ਵਿੱਚ ਰਹਿਣ ਕਰਕੇ ਪਿੱਪਲ/ਬਰੋਟਿਆਂ ਨਾਲ ਸਬੰਧ ਹੀ ਟੁੱਟ ਗਿਆ ਹੈ।

ਪੰਛੀਆਂ ਦੀ ਹੋਂਦ ਹੀ ਹੌਲੀ-ਹੌਲੀ ਖ਼ਤਮ ਹੋ ਗਈ ਹੈ। ਕੋਇਲਾਂ ਦਾ ਕੂਕਣਾਂ, ਮੋਰਾਂ ਦਾ ਪੈਲ ਪਾਉਣਾ, ਚਿੜੀਆਂ ਦਾ ਆਲ੍ਹਣੇ ਬਣਾਉਣਾ ਅਤੇ ਘੁੱਗੀਆਂ ਦੀ ਘੂੰ-ਘੂੰ ਬੀਤੇ ਸਮੇਂ ਦੀਆਂ ਗੱਲਾਂ ਲੱਗਦੀਆਂ ਹਨ ਕਿਉਂਕਿ ਪਿੰਡਾਂ ਵਿੱਚ ਪਿੱਪਲ/ਬਰੋਟੇ ਵੱਢਣ ਕਰਕੇ ਅਤੇ ਟੈਲੀਫੋਨ ਕੰਪਨੀਆਂ ਦੇ ਟਾਵਰਾਂ ਕਰਕੇ ਪੰਛੀਆਂ ਦੀ ਹੋਂਦ ਹੀ ਖ਼ਤਰੇ ਵਿੱਚ ਹੋ ਗਈ ਹੈ। ਇਸ ਲਈ ਜੋ ਕਦੇ ਦਰਵਾਜ਼ੇ ਦੇ ਮੂਹਰੇ ਪਿੱਪਲ/ਬਰੋਟੇ ਪਿੰਡ ਦਾ ਧੁਰਾ ਮੰਨੇ ਜਾਂਦੇ ਸਨ ਅਤੇ ਹਰ ਚੰਗੀ-ਮਾੜੀ ਸਰਗਰਮੀ ਦੇ ਭਾਈਵਾਲ ਹੁੰਦੇ ਸਨ। ਸਾਰੇ ਪਿੰਡਾਂ ਦਾ ਨਰੋਆ ਤੇ ਸਿਹਤਮੰਦ ਸਭਿਆਚਾਰ ਹੁੰਦੇ ਸਨ। ਹੁਣ ਉੱਥੇ ਵਿਰਾਨੀ ਛਾਈ ਰਹਿੰਦੀ ਹੈ। ਇਸ ਤਰ੍ਹਾਂ ਪਿੰਡਾਂ ਵਿੱਚ ਪਿੱਪਲ/ਬਰੋਟਿਆਂ ਦਾ ਪੇਂਡੂ ਸੱਭਿਆਚਾਰ ਹੌਲੀ-ਹੌਲੀ ਅਲੋਪ ਹੋ ਗਿਆ।

**- ਜਸਵੰਤ ਸਿੰਘ ਜੱਸੜ**

## ਅਲੋਪ ਹੋ ਗਿਐ ਤਾਂਗਾ

ਪਹਿਲਾਂ ਲੋਕੀਂ ਪੈਦਲ ਸਫ਼ਰ ਕਰਦੇ ਸਨ, ਫੇਰ ਊਠਾਂ/ਬੋਤਿਆਂ ਨੂੰ ਖੇਤੀ ਦੇ ਕੰਮਾਂ ਵਿਚ ਵਰਤੋਂ ਦੇ ਨਾਲ ਸਫ਼ਰ ਕਰਨ ਲਈ ਵੀ ਵਰਤਿਆ ਜਾਣ ਲੱਗਿਆ। ਉਨ੍ਹਾਂ ਸਮਿਆਂ ਵਿਚ ਨਵੀਆਂ ਵਹੁਟੀਆ ਨੂੰ ਪ੍ਰਾਹੁਣੇ ਸ਼ਿੰਗਾਰੇ ਹੋਏ ਬੋਤਿਆਂ ਤੇ ਹੀ ਲਿਆਉਂਦੇ ਸਨ। ਪੈਸੇ ਵਾਲੇ ਪਰਿਵਾਰ ਘੋੜੀਆਂ ਤੇ ਸਫ਼ਰ ਕਰਦੇ ਸਨ। ਪਹਿਲੇ ਸਮਿਆਂ ਵਿਚ ਤਾਂ ਫੌਜ ਵਿਚ ਹੁੰਦੇ ਹੀ ਘੋੜੇ ਸਨ। ਸਾਰੇ ਮੁਖ ਸਿਵਲ ਅਫਸਰਾਂ ਕੋਲ ਵੀ ਘੋੜੇ ਹੁੰਦੇ ਸਨ। ਹੁਣ ਵੀ ਫੌਜ ਵਿਚ ਘੋੜਿਆਂ ਦੀ ਰੈਜੀਮੈਂਟ ਹੈ। 26 ਜਨਵਰੀ ਦੀ ਪਰੇਡ ਵਿਚ ਘੋੜਾ ਰੈਜੀਮੈਂਟ ਵੀ ਸ਼ਾਮਲ ਹੁੰਦੀ ਹੈ। ਪੁਲਿਸ ਵਿਚ ਵੀ ਘੋੜਾ ਪੁਲਸ ਹੈ। ਘੋੜੇ, ਘੋੜੀਆਂ ਸਬੰਧੀ ਇਕ ਲੋਕ ਗੀਤ ਵੀ ਸੁਣੋ –

ਨੀਲੀ ਘੋੜੀ ਤੇ ਕਾਠੀ ਤਿੱਲੇਦਾਰ ਨੀ ਮਾਏ।
ਉੱਤੇ ਚੜ੍ਹੇ ਤੇ ਲੱਗੇ ਥਾਣੇਦਾਰ ਨੀ ਮਾਏ।

ਵਿਆਹ ਤੇ ਹੋਰ ਸਮਾਗਮਾਂ ਤੇ ਜਦ ਸਾਰੇ ਪਰਿਵਾਰ ਨੇ ਜਾਣਾ ਹੁੰਦਾ ਸੀ ਤਾਂ ਗੱਡਿਆਂ ਦੀ ਵਰਤੋਂ ਕੀਤੀ ਜਾਣ ਲੱਗੀ। ਗੱਡੇ ਉਪਰ ਹੀ ਸੰਦੂਖ ਨੂੰ ਲੱਦ ਕੇ ਲਿਜਾਂਦੇ ਸਨ। ਜਦ ਮਨੁੱਖੀ ਸੂਝ ਹੋਰ ਵਧੀ ਤਾਂ ਸਫ਼ਰ ਲਈ ਤਾਂਗਿਆਂ ਦੀ ਈਜਾਦ ਹੋਈ। ਤਾਂਗਿਆਂ ਨੂੰ ਕਈ ਇਲਾਕਿਆਂ ਵਿਚ ਯੱਕਾ ਵੀ ਕਹਿੰਦੇ ਸਨ। ਤਾਂਗਿਆਂ ਨੂੰ ਕਈ ਲੋਕਾਂ ਨੇ ਆਪਣੀ ਰੋਜ਼ੀ ਰੋਟੀ ਦਾ ਸਾਧਨ ਬਣਾਇਆ ਹੋਇਆ ਸੀ। ਸਫ਼ਰ ਕਰਨ ਲਈ ਤਾਂਗੇ ਤੇਜ਼ ਗਤੀ ਵਾਲੀ ਪਹਿਲੀ ਟਰਾਂਸਪੋਰਟ ਸੀ। ਏਸੇ ਲਈ ਤਾਂ ਉਸ ਸਮੇਂ ਦੀਆਂ ਸ਼ੌਕੀਨਣਾਂ ਯੱਕੇ ਦੀ ਸਵਾਰੀ ਕਰਨ ਲੱਗੀਆਂ–

*ਬੰਤੋ ਸ਼ੁਕੀਨ ਹੋ ਗਈ, ਬੋਤਾ ਛੱਡ ਕੇ ਯੱਕੇ ਤੇ ਚੜ੍ਹਦੀ।*

⊘⊘⊘⊘

*ਯੱਕੇ ਵਾਲਿਆ ਯੱਕੇ ਨੂੰ ਤੋਰ ਵੇ,*
*ਮੈਂ ਪਿੰਡ ਚੱਲੀ ਸਹੁਰਿਆਂ ਦੇ।*

ਕਈ ਮਨਚਲੇ ਟਾਂਗੇ ਵਾਲੇ ਪੈਦਲ ਜਾਂਦੀ ਮੁਟਿਆਰ ਨੂੰ ਆਪਣੇ ਟਾਂਗੇ ਵਿਚ ਬੈਠਣ ਲਈ ਵੀ ਪ੍ਰੇਰਦੇ ਹੁੰਦੇ ਸਨ–

*ਨੀ ਸੋਹਣੀਏ! ਮਨ-ਮੋਹਣੀਏ!*
*ਮੇਰੇ ਤਾਂਗੇ ਤੇ ਚੜ੍ਹ ਆ, ਪੈਦਲ ਨਾ ਜਾਈਂ ਨੀ।*

ਤਾਂਗਿਆਂ ਤੋਂ ਬਾਅਦ ਭਾਫ਼ ਨਾਲ ਚੱਲਣ ਵਾਲੀਆਂ ਲਾਰੀਆਂ/ਮੋਟਰਾਂ ਚੱਲੀਆਂ। ਫੇਰ ਪਟਰੋਲ ਤੇ ਡੀਜ਼ਲ ਵਾਲੀਆਂ ਬੱਸਾਂ ਦੀ ਈਜਾਦ ਹੋਈ। ਜਦ ਅੰਗਰੇਜ਼ਾਂ ਨੇ ਭਾਰਤ ਤੇ ਕਬਜ਼ਾ ਕੀਤਾ ਤਾਂ ਰੇਲ ਗੱਡੀਆਂ ਹੋਂਦ ਵਿਚ ਆਈਆਂ। ਤਾਂਗਿਆਂ ਨਾਲੋਂ ਰੇਲ ਗੱਡੀਆਂ ਦੀ ਰਫ਼ਤਾਰ ਬਹੁਤ ਤੇਜ ਸੀ। ਏਸ ਲਈ ਕਈ ਸੱਜ-ਵਿਆਹੀਆਂ ਮੁਟਿਆਰਾਂ ਤਾਂਗੇ ਦੀ ਹੌਲੀ ਤੋਰ ਤੋਂ ਤੰਗ ਆ ਕੇ, ਅੱਕ ਕੇ ਤਾਂਗੇ ਵਾਲੇ ਨੂੰ ਤੇ ਘੋੜੇ ਨੂੰ ਕੋਸਦੀਆਂ ਹੁੰਦੀਆਂ ਸਨ–

*ਘੋੜਾ ਮਰ ਜੇ ਯੱਕੇ ਵਾਲਿਆ ਤੇਰਾ,*
*ਯੱਕੇ ਦੀਆਂ ਹੋਣ ਫਾੜੀਆਂ।*



ਤਾਂਗੇ ਵਾਲਾ ਵੀ ਉਸ ਦੀ ਨਕੌੜ ਨਹੀਂ ਝੱਲਦਾ ਸੀ। ਕਿਉਂ ਜੋ ਤਾਂਗੇ ਵਾਲੇ ਨੂੰ ਆਪਣੇ ਤਾਂਗੇ 'ਤੇ ਮਾਣ, ਫ਼ਖ਼ਰ ਹੁੰਦਾ ਸੀ। ਏਸੇ ਕਰਕੇ ਉਹ ਮੁਟਿਆਰ ਨੂੰ ਮੋੜਵਾਂ ਜਵਾਬ ਦਿੰਦਾ ਕਹਿ ਉੱਠਦਾ ਸੀ–

*ਮੇਰੇ ਤਾਂਗੇ ਨੇ ਮੜਕ ਨਾਲ ਤੁਰਨਾ,*
*ਕਾਹਲੀ ਐਂ ਤਾਂ ਰੇਲ ਚੜ੍ਹ ਜਾ।*
*ਮੜਕ ਤਾਂ ਪੰਜਾਬੀਆਂ ਦੇ ਖ਼ੂਨ ਵਿਚ ਰਚੀ ਹੋਈ ਹੈ।*

ਹੁਣ ਮੈਂ ਤੁਹਾਨੂੰ ਤਾਂਗੇ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ। ਸਭ ਤੋਂ ਹੇਠਾਂ ਤਾਂਗੇ ਦਾ ਫ਼ਰਸ਼ ਹੁੰਦਾ ਸੀ। ਫਰਸ਼ 8 ਕੁ ਫੁੱਟ ਲੰਮਾ ਤੇ 4 ਕੁ ਫੁੱਟ ਚੌੜਾ ਹੁੰਦਾ ਸੀ। ਇਸ ਫਰਸ਼ ਦੀ ਲੰਬਾਈ ਵਾਲੇ ਦੋਵੇਂ ਪਾਸਿਆਂ ਦੇ ਕਿਨਾਰਿਆਂ ਦੇ ਵਿਚਕਾਰ ਜਿਹੇ ਦੋ ਕੁ ਫੁੱਟ ਉੱਚੀਆਂ ਲਰਾਂ ਲੱਗੀਆਂ ਹੁੰਦੀਆਂ ਸਨ। ਏਸ ਲਰਾਂ ਉਪਰ ਹੀ 11 ਕੁ ਫੁੱਟ ਲੰਮੇ ਬਾਂਸ ਪੱਤੀਆਂ ਨਾਲ ਫਿੱਟ ਕੀਤੇ ਹੁੰਦੇ ਸਨ। ਇਨ੍ਹਾਂ ਬਾਂਸਾਂ ਦੇ ਵਿਚਾਲੇ ਹੀ ਘੋੜਾ ਜੋੜਿਆ ਜਾਂਦਾ ਸੀ। ਫਰਸ਼ ਦੇ ਅਗਲੇ ਹਿੱਸੇ ਤੇ ਜਿੱਥੇ ਘੋੜਾ ਜੋੜਿਆ ਜਾਂਦਾ ਸੀ, ਉਥੇ 9 ਕੁ ਇੰਚ ਚੌੜੀ ਤੇ 4 ਕੁ ਫੁੱਟ ਲੰਮੀ ਫੱਟੀ ਲੱਗੀ ਹੁੰਦੀ ਸੀ, ਜਿਸ ਨੂੰ ਡਾਂਡੀਆ ਕਹਿੰਦੇ ਸਨ। ਏਸ ਫੱਟੀ ਉਪਰ ਇਕ ਹੋਰ ਫੱਟਾ ਇਕ ਫੁੱਟ ਕੁ ਚੌੜਾ ਤੇ 4 ਕੁ ਫੁੱਟ ਲੰਮਾ ਲੱਗਿਆ ਹੁੰਦਾ ਸੀ, ਜਿਸ ਨੂੰ ਪੱਖਾ ਕਹਿੰਦੇ ਸਨ। ਏਸ ਪੱਖੇ ਉਪਰ ਲੋਹੇ ਦਾ ਜੰਗਲਾ ਲੱਗਿਆ ਹੁੰਦਾ ਸੀ। ਏਸ ਜੰਗਲੇ ਨੂੰ ਫੜ ਕੇ ਸਵਾਰੀਆਂ ਤਾਂਗੇ ਵਿਚ ਬੈਠਦੀਆਂ ਸਨ। ਫਰਸ਼ ਦੇ ਪਿਛਲੇ ਪਾਸੇ ਵੀ ਲੋਹੇ ਦਾ ਜੰਗਲਾ ਲੱਗਿਆ ਹੁੰਦਾ ਸੀ। ਏਸ ਜੰਗਲੇ ਉਪਰ ਸਵਾਰੀਆਂ ਆਪਣੇ ਪੈਰ ਰੱਖ ਲੈਂਦੀਆਂ ਸਨ। ਦੋਵੇਂ ਪਾਸੇ ਦੇ ਬਾਂਸਾਂ ਦੇ ਨਾਲ ਪੱਖੇ ਤੋਂ ਬਾਹਰ ਇਕ ਪਤਲੀ ਜਿਹੀ ਇਕ ਫੁੱਟ ਕੁ ਚੌੜੀ ਤੇ ਡੇਢ ਕੁ ਫੁੱਟ ਲੰਮੀ ਫੱਟੀ ਲੱਗੀ ਹੁੰਦੀ ਸੀ, ਜਿਸ ਨੂੰ ਟਿੱਕਟਿਕੀ ਕਹਿੰਦੇ ਸਨ। ਇਕ ਪਾਸੇ ਦੀ ਟਿੱਕਟਿਕੀ ਤੇ ਤਾਂਗਾ ਚਲਾਉਣ ਵਾਲਾ ਆਪ ਬੈਠਦਾ ਹੁੰਦਾ ਸੀ, ਦੂਸਰੇ ਪਾਸੇ ਦੀ ਟਿਕਟਿਕੀ 'ਤੇ ਜੇਕਰ ਤਾਂਗੇ ਵਿਚ ਸਵਾਰੀਆਂ ਜ਼ਿਆਦਾ ਹੋ ਜਾਂਦੀਆਂ ਸਨ ਤਾਂ ਇਕ ਸਵਾਰੀ ਬਹਿ ਜਾਂਦੀ ਸੀ। ਟਿਕਟਿਕੀ ਦੇ ਪਿਛੇ ਤੇ ਤਾਂਗੇ ਦੇ ਦੋਵੇਂ ਪਹੀਆਂ ਉਪਰ ਇਕ ਫੁੱਟ ਕੁ ਦੀਆਂ ਚੌੜੀਆਂ ਫੱਟੀਆਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਬਗਲ ਕਹਿੰਦੇ ਸਨ। ਬਗਲ ਇਕ ਕਿਸਮ ਦੇ ਤਾਂਗੇ ਦੇ ਮੱਡਗਾਰਡ ਹੁੰਦੇ ਸਨ। ਫ਼ਰਸ਼ ਦੇ ਅਗਲੇ ਹਿੱਸੇ ਵਿਚ ਤੇ ਬਾਂਸਾਂ ਦੇ ਅੰਦਰ ਜਿਹੇ ਕਰਕੇ ਦੋ ਹੁੱਕਾਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਜੋਤਰ ਕਹਿੰਦੇ ਸਨ। ਇਨ੍ਹਾਂ ਹੁੱਕਾਂ/ਜੋਤਰ ਵਿਚ ਹੀ ਤਾਂਗੇ ਨੂੰ ਖਿੱਚਣ ਲਈ ਘੋੜੇ ਦੀ ਚਾਲ ਪਾਈ ਹੁੰਦੀ ਸੀ। ਪਹੀਆਂ ਦੇ ਅਗਲੇ ਤੇ ਪਿਛਲੇ ਪਾਸੇ ਫ਼ਰਸ਼ ਵਿਚ ਲੋਹੇ ਦੀ ਚਾਰ ਕਾਇਦਾਨ ਲੱਗੇ ਹੁੰਦੇ ਸਨ, ਜਿਨ੍ਹਾਂ ਉਪਰ ਪੈਰ ਰੱਖ ਕੇ ਸਵਾਰੀਆਂ ਤਾਂਗੇ ਵਿਚ ਚੜ੍ਹਦੀਆਂ ਸਨ। ਫ਼ਰਸ਼ ਦੇ ਵਿਚਕਾਰ ਤੇ ਫ਼ਰਸ਼ ਤੋਂ ਦੋ ਕੁ ਫੁੱਟ ਉੱਚਾ ਕਰਕੇ ਲੱਕੜ ਦਾ ਇਕ ਚਾਰ ਕੁ ਫੁੱਟ ਲੰਮਾ ਤੇ ਤਿੰਨ ਕੁ ਫੁੱਟ ਚੌੜਾ ਫੱਟਾ ਲੱਗਿਆ ਹੁੰਦਾ ਸੀ, ਜਿਸ ਨੂੰ ਬੈਠਕ ਕਹਿੰਦੇ ਸਨ। ਏਸ ਬੈਠਕ ਉਪਰ ਹੀ ਸਵਾਰੀਆਂ ਦੇ ਬੈਠਣ ਲਈ ਸੀਟਾਂ ਲਾਈਆਂ ਹੁੰਦੀਆਂ ਸਨ। ਇਨ੍ਹਾਂ ਸੀਟਾਂ ਦੇ ਵਿਚਕਾਰ ਤੇ ਬੈਠਕ ਦੇ ਉਪਰ ਇਕ, ਇਕ ਫੁੱਟ ਕੁ ਦੀ ਫੱਟੀ ਲਾਈ ਹੁੰਦੀ ਸੀ, ਜਿਹੜੀ ਸੀਟਾਂ ਨੂੰ ਦੋ ਹਿੱਸਿਆਂ ਵਿਚ ਵੰਡਦੀ ਸੀ। ਏਸ ਫੱਟੀ ਨੂੰ ਢੂਹ ਕਹਿੰਦੇ ਸਨ। ਇਨ੍ਹਾਂ ਸੀਟਾਂ ਉਪਰ ਆਮ ਤੌਰ ਤੇ ਛੇ ਸਵਾਰੀਆਂ ਬੈਠਦੀਆਂ ਸਨ। ਤਿੰਨ ਅਗਲੇ ਪਾਸੇ ਤੇ ਤਿੰਨ ਪਿਛਲੇ ਪਾਸੇ। ਅਗਲੀਆਂ ਤੇ ਪਿਛਲੀਆਂ ਸਵਾਰੀਆਂ ਦੀਆਂ ਆਪਸ ਵਿਚ ਪਿੱਠਾਂ ਲੱਗਣ ਤੋਂ ਇਹ ਢੂਹ ਹੀ ਰੋਕਦੀ ਹੁੰਦੀ ਸੀ। ਬੈਠਕ ਦੇ ਹੇਠਲੇ ਹਿੱਸੇ ਵਿਚ ਸਵਾਰੀਆਂ ਆਪਣਾ ਸਮਾਨ ਰੱਖ ਲੈਂਦੀਆਂ ਸਨ। ਬੈਠਕ ਦੇ ਏਸ ਹਿੱਸੇ ਵਿਚ ਹੀ ਘੋੜੇ ਦਾ ਦਾਣਾ ਤੇ ਘਾਹ ਰੱਖਿਆ ਹੁੰਦਾ ਸੀ। ਫ਼ਰਸ਼ ਦੇ ਸਾਰੇ ਹਿੱਸੇ ਉਪਰ ਟੱਪ (ਛੱਤ) ਪਾਈ ਹੁੰਦੀ ਸੀ। ਇਹ ਟੱਪ ਲੱਕੜ ਦੇ ਫਰੇਮ ਉਪਰ ਬਣਾਇਆ ਜਾਂਦਾ ਸੀ। ਫਰੇਮ ਵਿਚ ਚਾਰ ਲੱਕੜਾਂ ਲੱਗੀਆਂ ਹੁੰਦੀਆਂ ਸਨ। ਇਨ੍ਹਾਂ ਲੱਕੜਾਂ ਦੇ ਦੋਵੇਂ ਸਿਰਿਆਂ ਨੂੰ ਥੋੜ੍ਹੀ ਜਿਹੀ ਕਰਵ (ਟੇਢ) ਦਿੱਤੀ ਹੁੰਦੀ ਸੀ। ਇਕ ਇਕ ਲੱਕੜ ਟੱਪ ਦੇ ਅਗਲੇ ਤੇ ਪਿਛਲੇ ਕਿਨਾਰੇ ਵਿਚ ਲੱਗੀ ਹੁੰਦੀ ਸੀ ਤੇ ਦੋ ਲੱਕੜਾਂ ਟੱਪ ਦੇ ਵਿਚਾਲੇ ਥੋੜ੍ਹੇ ਥੋੜ੍ਹੇ ਫ਼ਾਸਲੇ ਤੇ ਲਾਈਆਂ ਹੁੰਦੀਆਂ ਸਨ। ਇਨ੍ਹਾਂ ਲੱਕੜਾਂ ਉਪਰ ਮੋਟਾ ਖ਼ਾਕੀ ਰੰਗ ਦਾ ਕੱਪੜਾ ਟੋਪੀ ਵਾਲੀਆਂ ਪਿੰਨਾਂ ਨਾਲ ਫਿੱਟ ਕੀਤਾ ਹੁੰਦਾ ਸੀ। ਟੱਪ ਵਿਚ ਲਾਈਆਂ ਫਰੇਮ ਦੀਆਂ ਦੋ ਦੋ ਫੱਟੀਆਂ ਦੇ ਬਾਹਰਲੇ ਪਾਸੇ ਨਾਲ ਕੈਂਚੀ ਦੀ ਤਰ੍ਹਾਂ ਲੋਹੇ ਦੀਆਂ ਪੱਤੀਆਂ ਲਾਈਆਂ ਹੁੰਦੀਆਂ ਸਨ। ਇਨ੍ਹਾਂ ਪੱਤੀਆਂ ਨੂੰ ਫ਼ਰਸ਼ ਵਿਚ ਲੱਗੀਆਂ ਲਰਾਂ ਨਾਲ ਫਿੱਟ ਕੀਤਾ ਹੁੰਦਾ ਸੀ। ਇਨ੍ਹਾਂ ਪੱਤੀਆਂ ਸਦਕਾ ਹੀ ਟੱਪ ਨੂੰ ਲੋੜ ਅਨੁਸਾਰ ਤਾਣਿਆ ਜਾ ਸਕਦਾ ਸੀ ਤੇ 'ਕੱਠਾ ਕੀਤਾ ਜਾ ਸਕਦਾ ਸੀ। ਫ਼ਰਸ਼ ਦੇ ਹੇਠਾਂ ਧੁਰਾ ਪੱਤੀਆਂ ਨਾਲ ਫਿੱਟ ਕੀਤਾ ਹੁੰਦਾ ਸੀ। ਫ਼ਰਸ਼ ਨਾਲ ਤੇ ਧੁਰੇ ਨਾਲ ਕਮਾਨੀਆਂ ਰਕਾਬ ਨਾਲ ਫਿੱਟ ਕੀਤੀਆਂ ਹੁੰਦੀਆਂ ਸਨ। ਧੁਰੇ ਵਿਚ ਪਹੀਏ ਪਾਏ ਹੁੰਦੇ ਸਨ। ਪਹੀਏ ਪਾਉਣ ਤੋਂ ਬਾਅਦ ਚੰਮ ਦੀ ਇਕ ਬਾਂਸਲ ਪਾਈ ਜਾਂਦੀ ਸੀ। ਧੁਰੇ ਦੇ ਬਾਹਰਲੇ ਹਿੱਸੇ ਵਿਚ ਗਲੀਆਂ ਹੁੰਦੀਆਂ ਸਨ। ਬਾਂਸਲ ਪਾਉਣ ਤੋਂ ਬਾਅਦ ਧੁਰੇ ਦੀਆਂ ਇਨ੍ਹਾਂ ਗਲੀਆਂ ਵਿਚ ਲੋਹੇ ਦੀਆਂ ਬਣੀਆਂ ਹੋਈਆਂ ਪਿੰਨਾਂ ਲਾ ਦਿੱਤੀਆਂ ਜਾਂਦੀਆਂ ਸਨ। ਇਹ ਪਿੰਨਾਂ ਹੀ ਪਹੀਏ ਨੂੰ ਧੁਰੇ ਤੋਂ ਬਾਹਰ ਨਹੀਂ ਨਿਕਲਣ ਦਿੰਦੀਆਂ ਸਨ। ਤਾਂਗੇ ਦੇ ਪਹੀਏ ਵੀ ਉਸ ਤਰ੍ਹਾਂ ਬਣਾਏ ਜਾਂਦੇ ਸਨ, ਜਿਸ ਤਰ੍ਹਾਂ ਗੱਡੇ ਦੇ ਪਹੀਏ ਬਣਦੇ ਸਨ। ਫ਼ਰਕ ਸਿਰਫ਼ ਇਹ ਹੁੰਦਾ ਸੀ, ਜਿਥੇ ਗੱਡੇ ਦੇ ਪਹੀਏ ਮੋਟੇ ਆਕਾਰ ਦੇ ਹੁੰਦੇ ਸਨ, ਉਥੇ ਤਾਂਗੇ ਦੇ ਪਹੀਏ ਪਤਲੇ ਆਕਾਰ ਦੇ ਹੁੰਦੇ ਸਨ। ਪਹੀਆਂ ਦੇ ਵਿਚਾਲੇ ਮੋਟੀ ਲੱਕੜ ਲੱਗੀ ਹੁੰਦੀ ਸੀ, ਜਿਸ ਨੂੰ ਨਾਭ ਕਹਿੰਦੇ ਸਨ। ਏਸ ਨਾਭ ਵਿਚ ਹੀ ਤਾਂਗੇ ਦਾ ਧੁਰਾ ਫਿੱਟ ਕੀਤਾ ਜਾਂਦਾ ਸੀ। ਨਾਭ ਵਿਚ ਲੱਕੜ ਦੇ ਪਤਲੇ ਪਤਲੇ ਗਜ਼ ਪਾਏ ਜਾਂਦੇ ਸਨ। ਇਨ੍ਹਾਂ ਗਜ਼ਾਂ ਉਪਰ ਗੋਲ ਕਰਕੇ ਲੱਕੜ ਲਾਈ ਹੁੰਦੀ ਸੀ, ਜਿਸ ਨੂੰ ਪੁੱਠੀਆਂ ਕਹਿੰਦੇ ਸਨ। ਇਹ ਪੁੱਠੀਆਂ ਲੱਗ ਕੇ ਹੀ ਪਹੀਆ ਬਣਦਾ ਸੀ। ਪਹੀਏ ਨੂੰ ਮਜ਼ਬੂਤੀ ਦੇਣ ਲਈ ਤੇ ਘਸਾਈ ਤੋਂ ਬਚਾਉਣ ਲਈ ਪਹੀਆਂ ਉਪਰ ਲੋਹੇ ਦੀ ਪੱਤਰੀ ਗਰਮ ਕਰਕੇ ਚੜ੍ਹਾਈ ਜਾਂਦੀ ਸੀ, ਜਿਸ ਨੂੰ ਹਾਲ ਕਹਿੰਦੇ ਸਨ। ਕਈ ਇਲਾਕਿਆਂ ਵਿਚ ਇਸ ਨੂੰ ਚੈਨ ਵੀ ਕਹਿੰਦੇ ਸਨ। ਇਸ ਤਰ੍ਹਾਂ ਤਾਂਗਾ ਬਣਦਾ ਸੀ। ਘੋੜੇ ਦੀ ਪਿੱਠ ਉਪਰ ਚਾਲ ਪਾਈ ਹੁੰਦੀ ਸੀ। ਚਾਲ ਚਮੜੇ ਦੀ ਬਣੀ ਹੁੰਦੀ ਸੀ। ਏਸ ਚਾਲ ਨੂੰ ਤਾਂਗੇ ਵਿਚ ਲੱਗੀ ਜੋਤਰ ਵਿਚ ਪਾ ਕੇ ਘੋੜਾ ਤਾਂਗੇ ਨੂੰ ਖਿੱਚਦਾ ਸੀ। ਚਾਲ ਨੂੰ ਬਣਾਉਣ ਲਈ ਲੋਹੇ ਦਾ ਇਕ ਹੰਨਾ ਲਿਆ ਜਾਂਦਾ ਸੀ। ਹੰਨਾ ਇਕ ਫੁੱਟ ਕੁ ਦਾ ਸੈਮੀ ਸਰਕਲ ਹੁੰਦਾ ਸੀ। ਇਸ ਹੰਨੇ ਦੇ ਦੋਵੇਂ ਕਿਨਾਰਿਆਂ ਤੇ ਚਮੜੇ ਦੇ ਦੋ ਪੈਡ ਜਿਹੇ ਲੱਗੇ ਹੁੰਦੇ ਸਨ। ਏਹ ਪੈਡ ਘੋੜੇ ਦੀ ਗਰਦਨ ਦੇ ਦੋਵੇਂ ਪਾਸੇ ਆ ਜਾਂਦੇ ਸਨ। ਘੋੜੇ ਦੇ ਪੇਟ ਹੇਠ ਚਾਲ ਦੇ ਦੋ ਭਾਰਕਸ, ਇਕ ਵੱਡਾ, ਇਕ ਛੋਟਾ ਲੱਗਿਆ ਹੁੰਦਾ ਸੀ। ਚਾਲ ਵਿਚ ਇਕ ਛੀਨਾਬੰਦ ਲੱਗਿਆ ਹੁੰਦਾ ਸੀ। ਘੋੜੇ ਦੀ ਪੂੰਛ ਹੇਠ ਚਾਲ ਦੀ ਦੁੰਮਚੀ ਪਾਈ ਹੁੰਦੀ ਸੀ। ਚਾਲ ਨੂੰ ਬਾਂਸਾਂ ਦੇ ਸਿਰੇ ਨਾਲ ਜੋੜਨ ਲਈ ਢੂੰਗੀ ਲੱਗੀ ਹੁੰਦੀ ਸੀ। ਘੋੜੇ ਨੂੰ ਚਲਾਉਣ ਵਾਸਤੇ ਘੋੜੇ ਦੇ ਮੂੰਹ ਵਿਚ ਕੰਡਿਆਲਾ ਪਾਇਆ ਹੁੰਦਾ ਸੀ। ਕੰਡਿਆਲੇ ਦੇ ਦੋ ਬਾਗਾਂ ਲੱਗੀਆਂ ਹੁੰਦੀਆਂ ਸਨ। ਇਹ ਬਾਗਾਂ ਰਾਹੀਂ ਹੀ ਘੋੜੇ ਨੂੰ ਕੰਟਰੋਲ ਕੀਤਾ ਜਾਂਦਾ ਸੀ। ਇਨ੍ਹਾਂ ਬਾਗਾਂ ਨੂੰ ਲਗਾਮ ਕਹਿੰਦੇ ਸਨ। ਕੰਡਿਆਲੇ ਦਾ ਜਿਹੜਾ ਹਿੱਸਾ ਘੋੜੇ ਦੇ ਸਿਰ ਉਪਰ ਆਉਂਦਾ ਸੀ, ਉਸ ਵਿਚ ਕਲਗੀ ਲੱਗੀ ਹੁੰਦੀ ਸੀ। ਘੋੜੇ ਨੂੰ ਚਲਾਉਣ ਲਈ ਤਾਂਗੇ ਵਾਲੇ ਦੇ ਹੱਥ ਵਿਚ ਛਾਂਟਾ ਫੜਿਆ ਹੁੰਦਾ ਸੀ, ਜਿਸ ਨੂੰ ਮੋਹਰ ਛੜੀ ਕਹਿੰਦੇ ਸਨ। ਪਹਿਲਾਂ ਤਾਂਗੇ/ਯੱਕੇ ਹਰ ਬੜੇ ਪਿੰਡ, ਕਸਬੇ ਤੇ ਸ਼ਹਿਰਾਂ ਵਿਚ ਚਲਦੇ ਸਨ। ਹੁਣ ਤੁਹਾਨੂੰ ਪੰਜਾਬ ਦੀ ਕਿਸੇ ਵੀ ਸੜਕ 'ਤੇ ਤਾਂਗਾ ਚਲਦਾ ਨਹੀਂ ਮਿਲੇਗਾ। ਹਾਂ, ਸ਼ਹਿਰਾਂ ਵਿਚ ਬਰਾਤਾਂ ਸਮੇਂ ਲਾੜੇ ਨੂੰ ਘੋੜੀ ਤੇ ਬਿਠਾਉਣ ਦਾ ਰਿਵਾਜ ਅਜੇ ਵੀ ਇੱਕਾ ਦੁੱਕਾ ਚਲ ਰਿਹਾ ਹੈ। ਏਸ ਲਈ ਜਿਨ੍ਹਾਂ ਪਰਿਵਾਰਾਂ ਨੇ ਇਹ ਘੋੜੇ ਰੱਖੇ ਹੋਏ ਸਨ, ਉਨ੍ਹਾਂ ਪਰਿਵਾਰਾਂ ਨੇ ਜ਼ਰੂਰ ਤਾਂਗੇ ਰੱਖੇ ਹੋਏ ਹਨ। ਪਰ ਉਹ ਇਨ੍ਹਾਂ ਤਾਂਗਿਆ ਦੀ ਵਰਤੋਂ ਲਾੜਿਆਂ ਦੇ ਘਰਾਂ ਤੱਕ ਜਾਂ ਪੈਲਸਾਂ ਤੱਕ ਪਹੁੰਚਣ ਲਈ ਹੀ ਕਰਦੇ ਹਨ। ਤਾਂਗੇ ਹੁਣ ਪੰਜਾਬ ਦੀ ਆਵਾਜਾਈ ਦੇ ਸਾਧਨ ਵਜੋਂ ਬਿਲਕੁਲ ਅਲੋਪ ਹੋ ਗਏ ਹਨ।

**-ਰੋਜ਼ੀ ਸਿੰਘ**



## ਜੁੱਤੀ ਖੱਲ ਦੀ ਮਰੋੜਾ ਨਹੀਉਂ ਝੱਲਦੀ..!

**ਜੇ ਪੰਜਾਬੀ ਮੁਟਿਆਰਾਂ ਕਿਸੇ ਤੋਂ ਘੱਟ ਨਹੀਂ ਤਾਂ ਘੱਟ ਕਿਸੇ ਨਾਲੋਂ ਪੰਜਾਬੀ ਗੱਭਰੂ ਵੀ ਨਹੀਂ। ਪਿੰਡ ਵਿੱਚ ਕਿਸੇ ਸ਼ਾਮ ਜਦ ਕੋਈ ਬਾਂਕਾ ਗੱਭਰੂ ਤੇੜ ਚਾਦਰਾ ਹੱਥ ਸੁੰਮਾਂ ਵਾਲੀ ਡਾਂਗ ਤੇ ਪੈਰੀਂ ਤਿੱਲੇ ਵਾਲੀ ਜੁੱਤੀ ਪਾ ਕੇ ਧਰਤੀ ਦੀ ਹਿੱਕ ਹਿਲਾਉਂਦਾ, ਲੰਘਦੈ ਤਾਂ ਲੋਕੀ ਕੋਠਿਆਂ 'ਤੇ ਚੜ੍ਹ ਦੇਖਦੇ ਹਨ। ਪੰਜਾਬੀਆਂ ਦਾ ਹਮੇਸ਼ਾ ਤੋਂ ਸਾਫ ਮਨ, ਖੁੱਲ੍ਹਾ ਦਿਲ ਤੇ ਮਿਲਵਰਤਣ ਵਾਲਾ ਸੁਭਾਅ ਰਿਹੈ।**

ਜਿਵੇਂ ਹਾਸੇ ਦਾ ਸਬੰਧ ਖੁਸ਼ੀ ਤੇ ਖੁਸ਼ੀ ਦਾ ਸਬੰਧ ਖੁਸ਼ਹਾਲੀ ਨਾਲ ਹੈ। ਜਿਵੇਂ ਫੁੱਲਾਂ ਦਾ ਸਬੰਧ ਸੁਗੰਧ ਤੇ ਸੁਗੰਧ ਦਾ ਸਬੰਧ ਮਹਿਕਾਉਣ ਨਾਲ ਹੈ। ਜਿਵੇਂ ਸੂਰਜ ਦਾ ਸਬੰਧ ਰੌਸ਼ਨੀ ਤੇ ਰੌਸ਼ਨੀ ਦਾ ਸਬੰਧ ਰੁਸ਼ਨਾਉਣ ਨਾਲ ਹੈ। ਇਵੇਂ ਹੀ ਖੂਬਸੂਰਤ ਟੋਰ ਦਾ ਸਬੰਧ ਜੁੱਤੀ ਤੇ ਜੁੱਤੀ ਦਾ ਸਬੰਧ ਖੂਬਸੂਰਤ ਪੈਰਾਂ ਨਾਲ ਹੁੰਦਾ ਹੈ। ਉਂਝ ਤਾਂ ਪਤਲੇ ਲੱਕ, ਲੰਮੇ ਸਰੀਰ ਅਤੇ ਸੁਡੌਲ ਜੁੱਸੇ ਦਾ ਵੀ ਟੋਰ ਨਾਲ ਖਾਸਾ ਗੂੜ੍ਹਾ ਸਬੰਧ ਹੈ, ਪਰ ਪੈਰਾਂ ਵਿੱਚ ਚੀਕੂੰ-ਚੀਕੂੰ ਕਰਦੀ ਜੁੱਤੀ ਨਾਲ ਜਿਹੜਾ ਮਸਤਾਨੀ ਟੋਰ ਦਾ ਸਬੰਧ ਹੈ, ਉਹ ਸਭ ਤੋਂ ਉਪਰ ਹੈ।

ਇਕ ਗੀਤ ਦੀ ਵੰਨਗੀ ਅਨੁਸਾਰ:–

ਕੁੜੀ : ਜੇ ਮੁੰਡਿਆ ਤੂੰ ਸਾਡੀ ਟੋਰ ਵੇ ਵੇਖਣੀ,
ਗੜਵਾ ਲੈ ਦੇ ਚਾਂਦੀ ਦਾ, ਲੱਕ ਹਿਲੇ ਮਜਾਜਣ ਜਾਂਦੀ ਦਾ।

ਮੁੰਡਾ : ਅਸਾਂ ਕੁੜੀਏ ਨਾ ਤੇਰੀ ਟੋਰ ਨੀ ਵੇਖਣੀ,
ਅੱਗ ਲਾਉਣਾ ਗੜਵਾ ਚਾਂਦੀ ਦਾ ਲੱਕ ਟੁੱਟ ਜੂ ਹੁਲਾਰੇ ਖਾਂਦੀ ਦਾ।

ਟੋਰ! ਜ਼ਿੰਦਗੀ ਦੇ ਸਫਰ 'ਤੇ ਚਲਦੇ ਮੰਜ਼ਲ ਵੱਲ ਪੁੱਟੇ ਉਨ੍ਹਾਂ ਕਾਹਲੇ-ਕਾਹਲੇ ਕਦਮਾਂ ਦਾ ਮਾਪਦੰਡ ਹੈ, ਜਿਹੜੇ ਅਸੀਂ ਅਚਨਚੇਤ ਬਿਨਾਂ ਕਿਸੇ ਰੁਕਾਵਟ ਦੀ ਪ੍ਰਵਾਹ ਕੀਤਿਆਂ, ਆਪ ਮੁਹਾਰੇ ਹੀ ਪੁਟਦੇ ਹਾਂ। ਟੋਰ/ਚਾਲ ਲਈ ਕਈ ਤਰ੍ਹਾਂ ਦੇ ਪ੍ਰਤੀਕ ਅਤੇ ਅਲੰਕਾਰ ਪੰਜਾਬੀ ਸਾਹਿਤ, ਇਤਿਹਾਸ ਅਤੇ ਮਿਥਿਹਾਸ ਵਿੱਚ ਮੌਜੂਦ ਹਨ, ਜਿਵੇਂ ਹਿਰਨੀ ਵਰਗੀ ਟੋਰ, ਟੋਰ ਮੋਰਾਂ ਜਿਹੀ, ਤੋਰ ਨਵਾਬੀ, ਤੋਰ ਮਸਤਾਨੀ, ਤੋਰ ਸ਼ਰਾਬੀ, ਬਿੱਲੀ ਚਾਲ (ਕੈਟ ਵਾਕ) ਆਦਿ। ਉਕਤ ਸਾਰੀਆਂ ਤੋਰਾਂ ਨੂੰ ਆਕਰਸ਼ਿਤ ਬਣਾਉਣ ਲਈ ਵੱਖ-ਵੱਖ ਕਿਸਮ ਦੀਆਂ ਜੁੱਤੀਆਂ ਵੀ ਹੁਣ ਤੱਕ ਪੰਜਾਬੀ ਸਭਿਆਚਾਰ ਤੇ ਸਮਾਜ ਵਿੱਚ ਖਾਸੀਆਂ ਮਸ਼ਹੂਰ ਹਨ। ਜਿਵੇਂ ਕਸੂਰੀ ਜੁੱਤੀ, ਕਸ਼ਮੀਰੀ ਖੁੱਸਾ, ਤੌੜੀ ਦੀ ਜੁੱਤੀ, ਗੁਰਗਾਬੀ, ਲੱਥੀ ਜੁੱਤੀ, ਮੁਕਤਸਰੀ ਖੁੱਸਾ, ਖੱਲ ਦੀ ਚੀਕੂੰ-ਚੀਕੂੰ ਕਰਦੀ ਪਟਿਆਲਾ ਸ਼ਾਹੀ ਜੁੱਤੀ ਆਦਿ। ਇਹ ਸਾਰੀਆਂ ਜੁੱਤੀਆਂ ਦੀਆਂ ਕਿਸਮਾਂ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਵਿਲੱਖਣ ਪਛਾਣ ਰੱਖਦੀਆਂ ਹਨ। ਪੰਜਾਬ ਜਿਥੇ ਇਥੋਂ ਦੇ ਗੌਰਵਮਈ ਇਤਿਹਾਸ, ਉਪਜਾਊ ਅਤੇ ਜ਼ਰਖੇਜ਼ ਧਰਤੀ ਅਤੇ ਅਣਖੀਲੇ ਯੋਧਿਆਂ ਦੀਆਂ ਕੁਰਬਾਨੀਆਂ ਕਾਰਨ ਪੂਰੇ ਵਿਸ਼ਵ ਵਿੱਚ ਇਕ ਖਾਸ ਮੁਕਾਮ ਰੱਖਦਾ ਹੈ, ਉਥੇ ਇਥੋਂ ਮਾਣਮੱਤੇ ਅਣਖੀਲੇ ਤੇ ਗਜ-ਗਜ ਛਾਤੀਆਂ ਵਾਲੇ ਗੱਭਰੂ ਅਤੇ ਛਮਕ ਜਿਹੀਆਂ ਸਰੂ ਦੇ ਕੱਦ ਵਰਗੀਆਂ ਮੁਟਿਆਰਾਂ ਦੀ ਵੱਖੋ-ਵੱਖਰੀ ਟੋਰ ਅਤੇ ਉਨ੍ਹਾਂ ਦੇ ਪੈਰੀਂ ਪਾਈਆਂ ਜੁੱਤੀਆਂ ਅਤੇ ਆਪਣੇ ਕੁਦਰਤੀ ਸੁਹੱਪਣ ਕਰਕੇ ਉਹ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਪੁਰਾਣੇ ਸਮਿਆਂ ਤੋਂ ਹੀ ਸਾਹਿਤਕਾਰਾਂ, ਗੀਤਕਾਰਾਂ ਅਤੇ ਹੋਰ ਕਈ ਕਵੀਆਂ ਨੇ ਮੁਟਿਆਰਾਂ ਦੀ ਟੋਰ ਨੂੰ ਅਤੇ ਉਨ੍ਹਾਂ ਦੇ ਪੈਰੀਂ ਪਾਈ ਜੁੱਤੀ ਗੀਤਾਂ, ਗਜ਼ਲਾਂ ਅਤੇ ਕਵਿਤਾਵਾਂ ਦੀ ਰਚਨਾ ਕੀਤੀ ਹੈ। ਹੇਠ ਲਿਖੀਆਂ ਸਤਰਾਂ ਇਸ ਦੀ ਗਵਾਹੀ ਭਰਦੀਆਂ ਹਨ।



*ਟੋਰ ਪੰਜਾਬਣ ਦੀ, ਜੁੱਤੀ ਖੱਲ ਦੀ ਮਰੋੜਾ ਨਹੀਉਂ ਝੱਲਦੀ।*

*ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਟੁਰਨਾ ਪਿਆ।*

*ਜੁੱਤੀ ਕਰੇ ਮੁਟਿਆਰ ਦੀ ਚੀਕੂੰ ਚੀਕੂੰ।*

ਇਸ ਦੇ ਨਾਲ ਹੀ ਸਾਹਿਤ ਵਿੱਚ ਪੰਜਾਬੀ ਮੁਟਿਆਰਾਂ ਦੀਆਂ ਵੱਖ-ਵੱਖ ਟੋਰਾਂ ਨੂੰ ਵੀ ਕਈ ਪ੍ਰਤੀਕ ਬਣਾ ਕੇ ਕੁਝ ਇਸ ਤਰ੍ਹਾਂ ਤਾਰੀਫ਼ ਕੀਤੀ ਗਈ ਹੈ।

*ਨਖਰੇ ਨੇ ਮੈਂ ਪੱਟਿਆ*
*ਤੇਰੀ ਟੋਰ ਨੇ ਪੱਟੇ ਪਟਵਾਰੀ*
*ਨੀ ਤੇਰੀ ਟੋਰ ਵੇਖ ਕੇ ਤੋਰ ਬਦਲ ਲਈ ਮੋਰਾਂ*
*ਸਾਨੂੰ ਸੱਪਣੀ ਦੇ ਪੈਣ ਭੁਲੇਖੇ, ਨੀ ਤੂੰ ਤੁਰਦੀ ਵਲੇਵੇਂ ਖਾਵੇਂ।*
*ਅੱਖ ਚੋਰਨੀ ਜਿਹੀ ਤੇ ਟੋਰ ਮੋਰਨੀ ਜਿਹੀ।*

ਜੇ ਪੰਜਾਬੀ ਮੁਟਿਆਰਾਂ ਕਿਸੇ ਤੋਂ ਘੱਟ ਨਹੀਂ ਤਾਂ ਘੱਟ ਕਿਸੇ ਨਾਲੋਂ ਪੰਜਾਬੀ ਗੱਭਰੂ ਵੀ ਨਹੀਂ। ਪਿੰਡ ਵਿੱਚ ਕਿਸੇ ਸ਼ਾਮ ਜਦ ਕੋਈ ਬਾਂਕਾ ਗੱਭਰੂ ਤੇੜ ਚਾਦਰਾ ਹੱਥ ਸੁੰਮਾਂ ਵਾਲੀ ਡਾਂਗ ਤੇ ਪੈਰੀਂ ਤਿੱਲੇ ਵਾਲੀ ਜੁੱਤੀ ਪਾ ਕੇ ਧਰਤੀ ਦੀ ਹਿੱਕ ਹਿਲਾਉਂਦਾ, ਲੰਘਦੈ ਤਾਂ ਲੋਕੀ ਕੋਠਿਆਂ 'ਤੇ ਚੜ੍ਹ ਦੇਖਦੇ ਹਨ। ਪੰਜਾਬੀਆਂ ਦਾ ਹਮੇਸ਼ਾ ਤੋਂ ਸਾਫ ਮਨ, ਖੁੱਲ੍ਹਾ ਦਿਲ ਤੇ ਮਿਲਵਰਤਣ ਵਾਲਾ ਸੁਭਾਅ ਰਿਹੈ। ਇਸ ਦੇ ਨਾਲ ਹੀ ਹੌਸਲਾ ਦਬਦਬਾ ਪੂਰੇ ਵਿਸ਼ਵ ਵਿੱਚ ਬਣਿਆ ਰਹੇਗਾ ਅਤੇ ਆਪਣੀ ਵਿਰਾਸਤ ਆਪਣੇ ਸੰਸਕਾਰਾਂ ਦਾ ਬੱਝਾ ਪੰਜਾਬੀ ਹਮੇਸ਼ਾ ਦੋ ਪੈਰ ਘੱਟ ਤੁਰਨ ਨੂੰ ਤਰਜੀਹ ਦੇਵੇਗਾ।

*ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ*

ਤੇ ਇੰਝ ਹੀ ਪੰਜਾਬ ਦੀਆਂ ਮਾਣ ਮੱਤੀਆਂ ਮੁਟਿਆਰਾਂ ਵੀ ਆਪਣੇ ਰਹਿਬਰ ਨੂੰ ਹਮੇਸ਼ਾ ਇਕ ਮਿੱਠੀ ਜਿਹੀ ਧੁਨ ਨਾਲ ਯਾਦ ਦਵਾਉਂਦੀਆਂ ਰਹਿਣਗੀਆਂ ਕਿ:–

*ਜੁੱਤੀ ਖੱਲ ਦੀ ਮਰੋੜਾ ਨਹੀਂਉ ਝੱਲਦੀ, ਵੇ ਟੋਰ ਪੰਜਾਬਣ ਦੀ।*

ਮੈਂ ਇਨ੍ਹਾਂ ਸਤਰਾਂ ਰਾਹੀਂ ਹਮੇਸ਼ਾ ਇਹੋ ਦੁਆਵਾਂ ਕਰਦਾ ਹਾਂ ਕਿ ਪਰਮਾਤਮਾ ਹਰ ਬੰਦੇ ਨੂੰ ਮੰਜ਼ਿਲ ਨਸੀਬ ਕਰੇ ਤੇ ਮੰਜ਼ਿਲ ਵਲ ਵਧਦੇ ਕਦਮਾਂ ਨੂੰ ਕਦੀ ਕੰਡਿਆਂ ਤੋਂ ਨਾ ਗੁਜ਼ਰਨਾ ਪਵੇ...।

ਆਮੀਨ!

## ਕੰਗਨਾ ਰਣੌਤ ਦੇ ਥੱਪੜ ਮਾਰਨ ਵਾਲੀ ਕੁਲਵਿੰਦਰ ਕੌਰ ਨੂੰ ਲੈ ਕੇ ਬਿਕਰਮ ਮਜੀਠੀਆ ਦਾ ਵੱਡਾ ਬਿਆਨ

ਚੰਡੀਗੜ੍ਹ 8 ਜੂਨ। ਕੰਗਨਾ ਰੌਣਤ ਥੱਪੜ ਮਾਰਨ ਵਾਲੀ ਕੁਲਵਿੰਦਰ ਕੌਰ ਨੂੰ ਲੈ ਕੇ ਬਿਕਰਮ ਮਜੀਠੀਆ ਦਾ ਬਿਆਨ ਸਾਹਮਣੇ ਆਇਆ ਹੈ। ਮਜੀਠੀਆ ਨੇ ਕਿਹਾ ਹੈ ਕਿ ਉਹ ਕੁਲਵਿੰਦਰ ਕੌਰ ਦੇ ਜਜਬਾਤਾਂ ਅਤੇ ਭਾਵਨਾਵਾਂ ਦੀ ਕਦਰ ਕਰਦੇ ਹਨ ਅਤੇ ਹਰ ਤਰ੍ਹਾਂ ਨਾਲ ਕੁਲਵਿੰਦਰ ਕੌਰ ਨਾਲ ਖੜ੍ਹੇ ਹਨ। ਕਿਸਾਨਾਂ ਦੀ ਪੀੜ ਅਜੇ ਵੀ ਪੰਜਾਬੀਆਂ ਦੇ ਮਨ ਵਿਚ ਹੈ। ਤਿੰਨ ਖੇਤੀ ਬਿੱਲਾਂ ਦੇ ਵਿਰੋਧ ਵਿਚ 700 ਤੋਂ ਵੱਧ ਕਿਸਾਨਾਂ ਨੇ ਆਪਣੀਆਂ ਜਾਨਾਂ ਦਿੱਤੀਆਂ, ਪਰ ਕੰਗਨਾ




ਰਣੌਤ ਨੇ ਖਾਸ ਕਰਕੇ ਪੰਜਾਬੀਆਂ ਅਤੇ ਔਰਤਾਂ ਵਿਰੁੱਧ ਜਹਿਰ ਉਗਲਿਆ। ਚੰਡੀਗੜ੍ਹ ਹਵਾਈ ਅੱਡੇ 'ਤੇ ਜੋ ਕੁਝ ਹੋਇਆ, ਉਹ ਪੰਜਾਬੀਆਂ ਦੇ ਕੰਗਨਾ ਰਾਣੌਤ ਖਿਲਾਫ਼ ਗੁੱਸੇ ਦਾ ਨਤੀਜਾ ਹੈ। ਹਾਲਾਂਕਿ ਮੈਂ ਕਿਸੇ ਵੀ ਰੂਪ ਵਿਚ ਹਿੰਸਾ ਦਾ ਸਮਰਥਨ ਨਹੀਂ ਕਰਦਾ ਪਰ ਅਸੀਂ ਵਾਰ-ਵਾਰ ਕਿਹਾ ਹੈ ਕਿ ਕਿਸਾਨ ਦੇਸ ਨੂੰ ਭੋਜਨ ਮੁਹੱਈਆ ਕਰਵਾ ਰਹੇ ਹਨ ਅਤੇ ਉਨ੍ਹਾਂ ਦੇ ਪੁੱਤਰ, ਭਰਾ ਅਤੇ ਭੈਣਾਂ ਦੇਸ ਦੀ ਸੁਰੱਖਿਆ ਲਈ ਸੇਵਾ ਕਰ ਰਹੇ ਹਨ ਅਤੇ ਉਨ੍ਹਾਂ ਦੀ ਆਵਾਜ ਸੁਣੀ ਜਾਣੀ ਚਾਹੀਦੀ ਹੈ। ਇਹ ਜੋ ਕੁਝ ਹੋਇਆ ਹੈ ਉਹ ਹਕੂਮਤਾਂ ਵੱਲੋਂ ਕਿਸਾਨਾਂ ਅਤੇ ਦੇਸ ਦੇ ਜਵਾਨਾਂ ਦੀ ਆਵਾਜ ਸੁਣਨ ਤੋਂ ਇਨਕਾਰ ਕਰਨ ਦਾ ਨਤੀਜਾ ਹੈ। ਮਜੀਠੀਆ ਨੇ ਕਿਹਾ ਕਿ ਹਕੂਮਤਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਸਥਿਤੀ ਕਿਉਂ ਉੱਭਰੀ ਹੈ, ਜਿਸ ਨੇ ਕੁਲਵਿੰਦਰ ਕੌਰ ਨੂੰ ਇਸ ਤਰ੍ਹਾਂ ਦਾ ਕਦਮ ਚੁੱਕਣ ਲਈ ਮਜਬੂਰ ਕੀਤਾ। ਅੱਜ ਵੀ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਕਿ ਪੰਜਾਬੀ ਅੱਤਵਾਦੀ ਬਣ ਰਹੇ ਹਨ।

## ਜਿਆਦਾ ਨਸ਼ੇ ਕਾਰਨ ਨੌਜਵਾਨ ਦੀ ਮੌਤ, ਲਾਸ਼ ਟਿਕਾਣੇ ਲਾਉਣ ਲਈ ਝਾੜੀਆਂ 'ਚ ਸੁੱਟੀ

ਬੁਢਲਾਡਾ 8 ਜੂਨ। ਚਾਰ ਨੌਜਵਾਨਾਂ ਵੱਲੋਂ ਆਪਣੇ ਸਾਥੀ ਨੂੰ ਜ਼ਿਆਦਾ ਮਾਤਰਾ ਵਿਚ ਨਸ਼ੀਲੀ ਚੀਜ ਦੇਣ ਕਾਰਨ ਸਾਥੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਉਸਦੀ ਲਾਸ਼ ਨੂੰ ਡਰੇਨ ਦੀ ਪਟੜੀ ਕੋਲ ਝਾੜੀਆਂ 'ਚ ਸੁੱਟਣ ਦੀ ਖਬਰ ਪ੍ਰਾਪਤ ਹੋਈ ਹੈ। ਪੁਲਸ ਨੂੰ ਮ੍ਰਿਤਕ ਦੇ ਪਿਤਾ ਬਲਵੀਰ ਸਿੰਘ ਪਿੰਡ ਅਹਿਮਦਪੁਰ ਨੇ ਬਿਆਨ ਦਿੱਤਾ ਕਿ ਜਸਪ੍ਰੀਤ, ਮਨਦੀਪ, ਜਸਕਰਨ ਅਤੇ ਮਿੱਠੂ ਵਾਸੀ ਕਲੀਪੁਰ ਫਾਟਕ ਬੁਢਲਾਡਾ ਨਸ਼ਾ ਕਰਨ ਦੇ ਆਦੀ ਸਨ। ਉਨ੍ਹਾਂ ਨੇ ਮਿਲ ਕੇ ਮੇਰੇ ਪੁੱਤਰ ਜਸ਼ਨਪ੍ਰੀਤ ਨੂੰ ਕੁੱਝ ਜ਼ਿਆਦਾ ਮਾਤਰਾ 'ਚ ਨਸ਼ੀਲੀ ਚੀਜ ਦੇ ਦਿੱਤੀ। ਇਸ ਕਾਰਨ ਮੇਰੇ ਪੁੱਤਰ ਦੀ ਮੌਤ ਹੋ ਗਈ ਤੇ ਚਾਰਾਂ ਨੇ ਸੁਨਾਮ ਵਿਖੇ ਡਰੇਨ ਦੀ ਪਟੜੀ ਕੋਲ ਉਸ ਦੀ ਲਾਸ਼ ਝਾੜੀਆਂ 'ਚ ਸੁੱਟ ਦਿੱਤੀ ਹੈ। ਪੁਲਸ ਨੇ ਪਰਿਵਾਰ ਨੂੰ ਸੂਚਿਤ ਕੀਤਾ ਕਿ ਤੁਹਾਡੇ ਪੁੱਤਰ ਦੀ ਲਾਸ਼ ਬਰਾਮਦ ਹੋ ਗਈ ਹੈ। ਪੁਲਸ ਨੇ ਜਸਪ੍ਰੀਤ ਸਿੰਘ ਬੱਛੋਆਣਾ, ਮਨਦੀਪ ਸਿੰਘ ਉਰਫ ਲੱਕੀ, ਜਸਕਰਨ ਸਿੰਘ ਉਰਫ ਲਾਲ ਵਾਸੀ ਬੁਢਲਾਡਾ, ਮਿੱਠੂ ਵਾਸੀ ਕਲੀਪੁਰ ਫਾਟਕ ਬੁਢਲਾਡਾ ਖ਼ਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ।

# ਲੋਕ ਸਭਾ ਲਈ ਚੁਣੀਆਂ ਗਈਆਂ 73 ਮਹਿਲਾ ਸੰਸਦ ਮੈਂਬਰ, ਪਿਛਲੀਆਂ ਚੋਣਾਂ ਦੇ ਮੁਕਾਬਲੇ

ਕਿਸ਼ਨ ਪਾਲ

ਨਵੀਂ ਦਿੱਲੀ 8 ਜੂਨ। ਲੋਕ ਸਭਾ ਚੋਣਾਂ ਦੇ ਮੰਗਲਵਾਰ ਨੂੰ ਆਏ ਨਤੀਜਿਆਂ 'ਚ ਕੁੱਲ 73 ਔਰਤਾਂ ਚੁਣੀਆਂ ਗਈਆਂ, ਜਦਕਿ 2019 ਦੀਆਂ ਆਮ ਚੋਣਾਂ 'ਚ ਇਹ ਗਿਣਤੀ 78 ਸੀ। ਦੇਸ ਭਰ ਤੋਂ ਹੇਠਲੇ ਸਦਨ ਲਈ ਚੁਣੀਆਂ ਗਈਆਂ ਕੁੱਲ ਮਹਿਲਾ ਸੰਸਦ ਮੈਂਬਰਾਂ ਵਿਚੋਂ ਪੱਛਮੀ ਬੰਗਾਲ 11 ਔਰਤਾਂ ਦੇ ਨਾਲ ਸਭ ਤੋਂ ਅੱਗੇ ਹੈ। ਕੁੱਲ 797 ਮਹਿਲਾ ਉਮੀਦਵਾਰਾਂ ਨੇ ਚੋਣ ਲੜੀ ਸੀ, ਜਿਸ ਵਿਚ ਭਾਜਪਾ ਨੇ ਸਭ ਤੋਂ ਵੱਧ 69 ਮਹਿਲਾ ਉਮੀਦਵਾਰ ਅਤੇ ਕਾਂਗਰਸ ਨੇ 41 ਮਹਿਲਾ ਉਮੀਦਵਾਰਾਂ ਨੂੰ ਮੈਦਾਨ 'ਚ ਉਤਾਰਿਆ ਸੀ। ਸੰਸਦ 'ਚ ਮਹਿਲਾ ਰਾਖਵਾਂਕਰਨ ਬਿੱਲ ਪਾਸ ਹੋਣ ਤੋਂ ਬਾਅਦ ਇਹ ਪਹਿਲੀਆਂ ਚੋਣਾਂ ਹਨ। ਇਸ ਕਾਨੂੰਨ ਵਿਚ ਲੋਕ ਸਭਾ ਅਤੇ ਵਿਧਾਨ ਸਭਾਵਾਂ 'ਚ ਔਰਤਾਂ ਲਈ ਇਕ ਤਿਹਾਈ ਸੀਟਾਂ ਰਾਖਵੀਆਂ ਰੱਖਣ ਦੀ ਵਿਵਸਥਾ ਹੈ। ਇਹ ਕਾਨੂੰਨ ਅਜੇ ਤੱਕ ਲਾਗੂ ਨਹੀਂ ਹੋਇਆ। ਚੋਣ ਕਮਿਸਨ ਦੇ ਅੰਕੜਿਆਂ ਦੇ ਵਿਸਲੇਸਣ ਅਨੁਸਾਰ ਇਸ ਵਾਰ ਲੋਕ ਸਭਾ ਚੋਣਾਂ ਵਿਚ ਭਾਜਪਾ ਦੀਆਂ 30 ਮਹਿਲਾ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ। ਕਾਂਗਰਸ ਦੀਆਂ 14, ਤ੍ਰਿਣਮੂਲ ਕਾਂਗਰਸ ਦੀਆਂ 11, ਸਮਾਜਵਾਦੀ ਪਾਰਟੀ ਦੀਆਂ 4, ਡੀ. ਐੱਮ. ਕੇ. ਦੀਆਂ 3 ਅਤੇ ਜਨਤਾ ਦਲ (ਯੂਨਾਈਟਿਡ) ਅਤੇ ਐੱਲ. ਜੇ. ਪੀ. ਦੀਆਂ 2-2 ਮਹਿਲਾ ਉਮੀਦਵਾਰ ਜੇਤੂ ਰਹੀਆਂ। 17ਵੀਂ ਲੋਕ ਸਭਾ ਵਿਚ ਮਹਿਲਾ ਸੰਸਦ ਮੈਂਬਰਾਂ ਦੀ ਗਿਣਤੀ ਸਭ ਤੋਂ ਵੱਧ 78 ਸੀ, ਜੋ ਕੁੱਲ ਗਿਣਤੀ ਦਾ 14 ਫੀਸਦੀ ਸੀ। 16ਵੀਂ ਲੋਕ ਸਭਾ 'ਚ 64 ਮਹਿਲਾ ਮੈਂਬਰ ਸਨ, ਜਦਕਿ 15ਵੀਂ ਲੋਕ ਸਭਾ ਵਿਚ ਇਹ ਗਿਣਤੀ 52 ਸੀ। ਭਾਜਪਾ ਦੀ ਹੇਮਾ ਮਾਲਿਨੀ, ਤ੍ਰਿਣਮੂਲ ਦੀ ਮਹੂਆ ਮੋਇਤਰਾ, ਐੱਨ. ਸੀ. ਪੀ. (ਸਰਦਚੰਦਰ ਪਵਾਰ) ਦੀ ਸੁਪ੍ਰੀਆ ਸੁਲੇ ਅਤੇ ਸਮਾਜਵਾਦੀ ਪਾਰਟੀ ਦੀ ਡਿੰਪਲ ਯਾਦਵ ਨੇ ਲੋਕ ਸਭਾ ਚੋਣਾਂ ਵਿਚ ਆਪਣੀਆਂ ਸੀਟਾਂ ਬਰਕਰਾਰ ਰੱਖੀਆਂ, ਜਦਕਿ ਕੰਗਨਾ ਰਣੌਤ ਅਤੇ ਮੀਸਾ ਭਾਰਤੀ ਵਰਗੀਆਂ ਉਮੀਦਵਾਰਾਂ ਨੇ ਆਪਣੀ ਜਿੱਤ ਨਾਲ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਮਛਲੀਸਹਿਰ ਤੋਂ ਸਮਾਜਵਾਦੀ ਪਾਰਟੀ ਦੀ 25 ਸਾਲਾ ਉਮੀਦਵਾਰ ਪ੍ਰਿਆ ਸਰੋਜ ਅਤੇ ਕੈਰਾਨਾ ਸੀਟ ਤੋਂ 29 ਸਾਲਾ ਇਕਰਾ ਚੌਧਰੀ ਜਿੱਤਣ ਵਾਲੀਆਂ ਸਭ ਤੋਂ ਘੱਟ ਉਮਰ ਦੀਆਂ ਉਮੀਦਵਾਰਾਂ 'ਚ ਸ਼ਾਮਲ ਹਨ।



## ਨਾਬਾਲਗ ਕੁੜੀ ਨੂੰ ਜਰੂਰੀ ਗੱਲ ਕਰਨ ਬਹਾਨੇ ਕੀਤਾ ਅਗਵਾ, ਬਾਅਦ 'ਚ ਉਹ ਹੋਇਆ

ਬਟਾਲਾ 8 ਜੂਨ। ਥਾਣਾ ਡੇਰਾ ਬਾਬਾ ਨਾਨਕ ਦੀ ਪੁਲਸ ਨੇ ਨਾਬਾਲਗ ਕੁੜੀ ਨੂੰ ਅਗਵਾ ਕਰਕੇ ਉਸ ਨੂੰ ਜਬਰਦਸਤੀ ਸਰਾਬ ਪਿਲਾਉਣ ਦੇ ਦੋਸ ਹੇਠ ਦੋ ਵਿਰੁੱਧ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਕੁੜੀ ਦੀ ਮਾਂ ਨੇ ਦੱਸਿਆ ਕਿ 2 ਜੂਨ ਨੂੰ ਉਸ ਦੀ 16 ਸਾਲਾ ਨਾਬਾਲਿਗ ਕੁੜੀ ਨੂੰ ਸਾਹਿਲਪ੍ਰੀਤ ਸਿੰਘ ਵਾਸੀ ਕਾਲਾ ਅਫਗਾਨਾ ਨੇ ਫੋਨ ਕਰਕੇ ਕਿਹਾ ਕਿ ਉਸ ਨਾਲ ਕੋਈ ਜਰੂਰੀ ਗੱਲ ਕਰਨੀ ਹੈ, ਜਿਸ ਤੋਂ ਬਾਅਦ ਦੁਪਹਿਰ ਕਰੀਬ 3.30 ਵਜੇ ਉਹ ਮੋਪਡ 'ਤੇ ਬੈਠ ਕੇ ਸਾਹਿਲਪ੍ਰੀਤ ਸਿੰਘ ਨੂੰ ਮਿਲਣ ਲਈ ਚਲੀ ਗਈ, ਪਰ ਕਾਫੀ ਸਮਾਂ ਬੀਤ ਜਾਣ 'ਤੇ ਵੀ ਜਦੋਂ ਕੁੜੀ ਘਰ ਨਹੀਂ ਪਹੁੰਚੀ ਤਾਂ ਲੋਕਾਂ ਨੇ ਉਸ ਦੀ ਥਾਂ-ਥਾਂ ਭਾਲ ਕੀਤੀ। ਇਸੇ ਦੌਰਾਨ ਰਾਤ ਕਰੀਬ ਅੱਠ ਵਜੇ ਕੁੜੀ ਅੱਧਹੋਸ ਹਾਲਤ ਵਿੱਚ ਘਰ ਆਈ ਅਤੇ ਦੱਸਿਆ ਕਿ ਉਹ ਸਾਹਿਲਪ੍ਰੀਤ ਸਿੰਘ ਨੂੰ ਮਿਲਣ ਗਈ ਸੀ। ਇਸ ਦੌਰਾਨ ਸਾਹਿਲਪ੍ਰੀਤ ਨੇ ਉਸ ਨੂੰ ਮਾਲੇਵਾਲ ਸਟੈਂਡ 'ਤੇ ਮੋਪੇਡ ਖੜ੍ਹੀ ਕਰਕੇ ਜਬਰਦਸਤੀ ਕਾਰ 'ਚ ਬਿਠਾ ਲਿਆ ਅਤੇ ਕਾਰ ਨੂੰ ਨੌਜਵਾਨ ਐਮੀ ਵਾਸੀ ਡੇਰਾ ਬਾਬਾ ਨਾਨਕ ਚਲਾ ਰਿਹਾ ਸੀ, ਜੋ ਕਾਰ ਨੂੰ ਫਤਿਹਗੜ੍ਹ ਚੂੜੀਆਂ ਵੱਲ ਲੈ ਗਏ ਅਤੇ ਉਸ ਨੂੰ ਸਰਾਬ ਪੀਣ ਲਈ ਮਜਬੂਰ ਕਰਦੇ ਰਹੇ ਅਤੇ ਨਾ ਪੀਣ 'ਤੇ ਉਸਦੀ ਮਾਰ ਕੁੱਟ ਕਰਦੇ ਰਹੇ ਅਤੇ ਜ਼ਿਆਦਾ ਸ਼ਰਾਬ ਪੀਣ ਕਰਕੇ ਉਹ ਬੇਹੋਸ਼ ਹੋ ਗਈ ਤੇ ਫਿਰ ਉਕਤ ਨੌਜਵਾਨ ਉਸ ਨੂੰ ਨੀਮਬੇਹੋਸ਼ੀ ਦੀ ਹਾਲਤ ਵਿਚ ਮਾਲੇਵਾਲ ਅੱਡੇ 'ਚ ਛੱਡ ਕੇ ਚਲੇ ਗਏ। ਏ. ਐੱਸ. ਆਈ. ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਉਕਤ ਦੋਵਾਂ ਨੌਜਵਾਨਾਂ ਖ਼ਿਲਾਫ ਥਾਣਾ ਡੇਰਾ ਬਾਬਾ ਨਾਨਕ ਵਿਖੇ ਕੇਸ ਦਰਜ ਕਰਨ ਤੋਂ ਬਾਅਦ ਸਾਹਿਲਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਸੰਘ ਨਾਲ ਤਾਲਮੇਲ ਨਾ ਹੋਣ ਕਾਰਨ ਭਾਜਪਾ ਨੂੰ ਚੋਣਾਂ 'ਚ ਹੋਇਆ ਭਾਰੀ ਨੁਕਸਾਨ

ਨੈਸ਼ਨਲ ਡੈਸਕ 8 ਜੂਨ। ਇਸ ਲੋਕ ਸਭਾ ਚੋਣਾਂ ਵਿਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਅਤੇ ਭਾਜਪਾ 'ਚ ਬਿਹਤਰ ਤਾਲਮੇਲ ਨਾ ਹੋਣ ਨਾਲ ਚੋਣਾਂ ਦੇ ਨਤੀਜਿਆਂ 'ਤੇ ਬਹੁਤ ਅਸਰ ਪਿਆ ਹੈ। ਭਾਜਪਾ ਪ੍ਰਧਾਨ ਜੇ. ਪੀ. ਨੱਡਾ ਵਲੋਂ ਭਾਜਪਾ ਨੂੰ ਚੋਣ ਅਮਲ ਵਿਚ ਸਮਰੱਥ ਕਹਿਣਾ ਵੀ ਜਥੇਬੰਦੀ ਦੀ ਵੱਡੀ ਭੁੱਲ ਸੀ, ਜਿਸ ਨਾਲ ਜਥੇਬੰਦੀ ਅਤੇ ਸੰਘ ਦੇ ਵਰਕਰਾਂ ਵਿਚ ਨਾਂਹ-ਪੱਖੀ ਸੁਨੇਹਾ ਗਿਆ। ਨੱਡਾ ਨੇ ਕਿਹਾ ਸੀ ਕਿ ਹੁਣ ਭਾਜਪਾ ਵੱਡੀ ਪਾਰਟੀ ਬਣ ਗਈ ਹੈ। ਸਾਰਿਆਂ ਨੂੰ ਆਪਣਾ ਕੰਮ ਮਿਲ ਗਿਆ ਹੈ। ਆਰ. ਐੱਸ. ਐੱਸ. ਇਕ ਵਿਚਾਰਧਾਰਕ ਸੰਗਠਨ ਹੈ ਅਤੇ ਅਸੀਂ ਇਕ ਰਾਜਨੀਤਕ ਸੰਗਠਨ ਹਾਂ। ਨੱਡਾ ਨੇ ਕਿਹਾ ਕਿ ਸੂਰੂ ਵਿਚ ਅਸੀਂ ਕਮਜੋਰ ਸੀ, ਓਦੋਂ ਸਾਨੂੰ ਆਰ. ਐੱਸ. ਐੱਸ. ਦੀ ਲੋੜ ਪੈਂਦੀ ਸੀ। ਅੱਜ ਅਸੀਂ ਵੱਡੇ ਹੋ ਗਏ ਹਾਂ। ਸਮਰੱਥ ਹਾਂ, ਤਾਂ ਭਾਜਪਾ ਤੁਹਾਨੂੰ ਚਲਾਏਗੀ। ਉਨ੍ਹਾਂ ਕਿਹਾ ਸੀ ਕਿ ਆਰ. ਐੱਸ. ਐੱਸ. ਇਕ ਸੱਭਿਆਚਾਰਕ ਅਤੇ ਸਮਾਜਿਕ ਸੰਗਠਨ ਹੈ ਅਤੇ ਭਾਜਪਾ ਇਕ ਸਿਆਸੀ ਸੰਗਠਨ ਹੈ। ਚੋਣਾਂ ਦੇ ਪਹਿਲੇ ਹੀ ਪੜਾਅ 'ਚ ਇਹ ਚਰਚਾ ਸੀ ਕਿ ਸੰਘ ਇਸ ਵਾਰ ਚੋਣਾਂ ਵਿਚ ਸਰਗਰਮ ਕਿਰਦਾਰ ਨਹੀਂ ਨਿਭਾਅ ਰਿਹਾ ਹੈ। ਮੀਡੀਆ 'ਚ ਇਸ ਤਰ੍ਹਾਂ ਦੀਆਂ ਕਈ ਰਿਪੋਰਟਾਂ ਸਨ ਕਿ ਭਾਜਪਾ ਨੇ ਇਸ ਵਾਰ ਸੰਘ ਨਾਲ ਟਿਕਟ ਵੰਡ 'ਤੇ ਵੀ ਕੋਈ ਸਲਾਹ ਨਹੀਂ ਕੀਤੀ। ਇਕ ਰਿਪੋਰਟ ਮੁਤਾਬਕ ਹੁਣ ਸੰਘ ਦੇ ਅਹੁਦੇਦਾਰਾਂ ਨੇ ਚੋਣ ਨਤੀਜਿਆਂ ਤੋਂ ਬਾਅਦ ਮੰਨਿਆ ਹੈ ਕਿ ਭਾਜਪਾ ਦੀ ਟਿਕਟ ਵੰਡ ਵਿਚ ਕਮੀਆਂ ਸਨ। ਸੰਘ ਦਾ ਇਹ ਵੀ ਮੰਨਣਾ ਹੈ ਕਿ ਜਨਤਾ ਸਰਕਾਰ ਦੇ ਖਿਲਾਫ ਨਹੀਂ ਸੀ, ਸਗੋਂ ਸੰਸਦ ਮੈਂਬਰਾਂ, ਉਮੀਦਵਾਰਾਂ ਅਤੇ ਸਥਾਨਕ ਅਧਿਕਾਰੀਆਂ ਦੀ ਕਾਰਜਸੈਲੀ ਨੂੰ ਲੈ ਕੇ ਜਨਤਾ ਵਿਚ ਡੂੰਘੀ ਨਾਰਾਜਗੀ ਸੀ।

# ਘਰ 'ਚ ਦਾਖਲ ਹੋ ਚਲਾਈਆਂ ਗੋਲੀਆਂ

ਏਜੰਸੀਆਂ

ਤਰਨਤਾਰਨ/ਝਬਾਲ 8 ਜੂਨ। ਘਰ ਵਿੱਚ ਹੋਈ ਚੋਰੀ ਸਬੰਧੀ ਇਲਜ਼ਾਮ ਲਗਾਉਣ ਦੇ ਚਲਦਿਆਂ ਘਰ ਅੰਦਰ ਦਾਖਲ ਹੋ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਦੌਰਾਨ ਦੋ ਵਿਅਕਤੀ ਜਖਮੀ ਹੋ ਗਏ ਜਿਨਾਂ ਨੂੰ ਹਸਪਤਾਲਾਂ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਇਸ ਮਾਮਲੇ ਸਬੰਧੀ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੇ ਤਿੰਨ ਵਿਅਕਤੀਆਂ ਨੂੰ ਨਾਮਜਦ ਕਰਦੇ ਹੋਏ ਕੁੱਲ ਅੱਠ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰ ਗ੍ਰਿਫਤਾਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕਰਮ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਗੰਡੀਵਿੰਡ ਨੇ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਬੀਤੀ ਚਾਰ ਜੂਨ ਦੀ ਦੁਪਹਿਰ ਕਰੀਬ ਦੋ ਵਜੇ ਜਦੋਂ ਉਹ ਆਪਣੇ ਘਰ ਵਿੱਚ ਮੌਜੂਦ ਸੀ ਤਾਂ ਪਾਲ ਸਿੰਘ ਪੁੱਤਰ ਸੋਨੂ ਸਿੰਘ, ਨਿਰਵੈਲ ਸਿੰਘ ਪੁੱਤਰ ਵਿਰਸਾ ਸਿੰਘ ਵਾਸੀਆਨ ਗੰਡੀਵਿੰਡ ਅਤੇ ਆਕਾਸ਼ਦੀਪ ਸਿੰਘ ਉਰਫ ਜੱਸੀ ਪੁੱਤਰ ਸੁਖਦੇਵ ਸਿੰਘ ਵਾਸੀ ਮਾੜੀ ਉਦੋਕੇ ਤੋਂ ਇਲਾਵਾ ਪੰਜ ਅਣਪਛਾਤੇ ਵਿਅਕਤੀ ਜਿਨਾਂ ਕੋਲ ਪਿਸਤੋਲ ਮੌਜੂਦ ਸਨ ਵੱਲੋਂ ਘਰ ਵਿੱਚ ਦਾਖਲ ਹੋ ਜਾਨੋ ਮਾਰਨ ਦੀ ਨੀਅਤ ਨਾਲ ਫਾਇਰ ਕਰਨੇ ਸ਼ੁਰੂ ਕਰ ਦਿੱਤੇ ਗਏ। ਇਸ ਦੌਰਾਨ ਉਸ 'ਤੇ ਦਾਤਰ ਨਾਲ ਸਿਰ ਵਿੱਚ ਹਮਲਾ ਕੀਤਾ ਗਿਆ ਜਿਸ ਤੋਂ ਬਾਅਦ ਉਸ ਦੇ ਚਾਚੇ ਦਾ ਮੁੰਡਾ ਬਿਕਰਮਜੀਤ ਸਿੰਘ ਪੁੱਤਰ ਰਾਮ ਸਿੰਘ ਅੱਗੇ ਆ ਗਿਆ ਤਾਂ ਅਣਪਛਾਤੇ ਵਿਅਕਤੀਆਂ ਵੱਲੋਂ ਹਵਾਈ ਫਾਇਰ ਕੀਤੇ ਜਿਸ ਦੌਰਾਨ ਇੱਕ ਫਾਇਰ ਬਿਕਰਮਜੀਤ ਸਿੰਘ ਦੀ ਛਾਤੀ ਵਿੱਚ ਜਾ ਲੱਗਾ। ਇਸ ਹਮਲੇ ਨੂੰ ਅੰਜਾਮ ਦੇਣ ਤੋਂ ਬਾਅਦ ਉਕਤ ਸਾਰੇ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ। ਜਿਸ ਤੋਂ ਬਾਅਦ ਉਸ ਨੂੰ ਅਤੇ ਚਾਚੇ ਦੇ ਮੁੰਡੇ ਬਿਕਰਮਜੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਕਰਮ ਸਿੰਘ ਨੇ ਦੱਸਿਆ ਕਿ ਇਸ ਝਗੜੇ ਦੀ ਵਜ੍ਹਾ ਰੰਜਿਸ਼ ਇਹ ਹੈ ਕਿ ਉਸਦੇ ਤਾਇਆ ਸੁਰਜੀਤ ਸਿੰਘ ਦੇ ਮੁੰਡੇ ਸਤਬੀਰ ਸਿੰਘ 'ਤੇ ਦੋਸ਼ੀ ਆਪਣੇ ਘਰ ਵਿੱਚ ਹੋਈ ਚੋਰੀ ਦਾ ਇਲਜ਼ਾਮ ਲਗਾਉਂਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਰਾਏ ਅਮਾਨਤ ਖਾਂ ਦੇ ਏ. ਐੱਸ. ਆਈ. ਕਰਮ ਸਿੰਘ ਨੇ ਦੱਸਿਆ ਕਿ ਉਕਤ ਸਾਰੇ ਵਿਅਕਤੀਆਂ ਖ਼ਿਲਾਫ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਤੇਜ਼ ਤੂਫਾਨ ਨਾਲ ਡਿੱਗੀ ਪਲਾਟ ਦੀ ਕੰਧ, 5 ਗੱਡੀਆਂ ਮਲਬੇ ਹੇਠ ਦੱਬੀਆਂ

ਫਿਰੋਜ਼ਪੁਰ 8 ਜੂਨ। ਫਿਰੋਜ਼ਪੁਰ 'ਚ ਬੀਤੀ ਰਾਤ ਆਈ ਤੇਜ਼ ਹਨ੍ਹੇਰੀ ਕਾਰਨ ਫਿਰੋਜ਼ਪੁਰ ਸ਼ਹਿਰ ਦੇ ਬਾਬਾ ਇਨਕਲੇਵ 'ਚ ਇਕ ਪਲਾਟ ਦੀ ਕੰਧ ਡਿੱਗ ਗਈ ਅਤੇ ਕੰਧ ਦਾ ਮਲਬਾ ਕੰਧ ਦੇ ਨਾਲ ਖੜ੍ਹੀਆਂ 5 ਮਹਿੰਗੀਆਂ ਕਾਰਾਂ 'ਤੇ ਡਿੱਗ ਗਿਆ। ਇਸ ਕਾਰਨ 3 ਗੱਡੀਆਂ ਕਰੀਬ ਖਤਮ ਹੋ ਗਈਆਂ, ਜਦੋਂ ਕਿ 2 ਹੋਰ ਗੱਡੀਆਂ ਨੂੰ ਵੀ ਨੁਕਸਾਨ ਹੋਇਆ ਹੈ। ਇਸ ਮੌਕੇ ਬਾਬਾ ਇਨਕਲੇਵ ਵਿਚ ਰਹਿੰਦੇ ਅਧਿਆਪਕ ਅਕਸ਼ੈ ਕੁਮਾਰ ਅਤੇ ਉਨ੍ਹਾਂ ਦੇ ਗੁਆਂਢੀ ਨੇ ਦੱਸਿਆ ਕਿ ਇਹ ਪਲਾਟ ਕਿਸੇ ਬੈਂਕ ਦੇ ਕਬਜੇ 'ਚ ਹੈ ਅਤੇ ਇਸ ਪਲਾਟ ਦੀ ਕੰਧ ਕਾਫੀ ਕਮਜੋਰ ਸੀ। ਬਾਬਾ ਇਨਕਲੇਵ 'ਚ ਰਹਿੰਦੇ ਕੁਝ ਲੋਕਾਂ ਨੇ ਕਈ ਵਾਰ ਇਸ ਕੰਧ ਨੂੰ ਮਜਬੂਤ ਬਣਾਉਣ ਲਈ ਕਿਹਾ ਸੀ ਪਰ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਅਤੇ ਰਾਤ ਸਮੇਂ ਆਈ ਤੇਜ਼ ਹਨ੍ਹੇਰੀ ਕਾਰਨ ਇਹ ਕੰਧ ਢਹਿ ਗਈ ਅਤੇ ਨੇੜੇ ਖੜ੍ਹੀਆਂ ਪੰਜ ਕਾਰਾਂ ਕੰਧ ਦੇ ਮਲਬੇ ਹੇਠ ਦੱਬ ਗਈਆਂ। ਉਨ੍ਹਾਂ ਦੱਸਿਆ ਕਿ ਇਸ ਕੰਧ ਦੇ ਨਾਲ ਦੋ ਹੋਰ ਕਾਰਾਂ ਖੜ੍ਹੀਆਂ ਸਨ, ਜਿਨ੍ਹਾਂ ਨੂੰ ਕੁਝ ਸਮਾਂ ਪਹਿਲਾਂ ਮਾਲਕ ਲੈ ਗਏ ਸਨ, ਜਿਸ ਕਾਰਨ ਉਨ੍ਹਾਂ ਦਾ ਨੁਕਸਾਨ ਹੋਣੋਂ ਬੱਚ ਗਿਆ।

# ਸ਼ਿਵਸੈਨਾ ਯੂ.ਬੀ.ਟੀ. ਦੀ ਰੈਲੀ 'ਚ ਪਾਕਿਸਤਾਨ ਦਾ ਝੰਡਾ ਲਹਿਰਾਉਣ ਦਾ ਝੂਠਾ ਦਾਅਵਾ ਵਾਇਰਲ

ਏਜੰਸੀਆਂ

ਨਵੀਂ ਦਿੱਲੀ 8 ਜੂਨ। ਲੋਕ ਸਭਾ ਚੋਣਾਂ 2024 ਦੌਰਾਨ ਇੱਕ ਰੋਡ ਸ਼ੋਅ ਦੀ ਇੱਕ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵੀਡੀਓ ਦੇ ਬਾਰੇ 'ਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੁੰਬਈ ਦੇ ਚੇਂਬੂਰ 'ਚ ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੇ ਉਮੀਦਵਾਰ ਅਨਿਲ ਦੇਸਾਈ ਦੀ ਰੈਲੀ 'ਚ ਪਾਕਿਸਤਾਨ ਦਾ ਝੰਡਾ ਲਹਿਰਾਇਆ ਗਿਆ। ਬੂਮ ਨੇ ਆਪਣੀ ਜਾਂਚ 'ਚ ਪਾਇਆ ਕਿ ਇਹ ਦਾਅਵਾ ਝੂਠਾ ਹੈ। ਰੈਲੀ ਵਿੱਚ ਲਹਿਰਾਇਆ ਗਿਆ ਝੰਡਾ ਪਾਕਿਸਤਾਨ ਦਾ ਨਹੀਂ ਸਗੋਂ ਇਸਲਾਮਿਕ ਝੰਡਾ ਸੀ। ਇਕ ਐਕਸ ਯੂਜਰ ਨੇ ਵੀਡੀਓ ਨੂੰ ਸੇਅਰ ਕਰਦੇ ਹੋਏ ਲਿਖਿਆ, 'ਮੁੰਬਈ ਦੇ ਚੇਂਬੂਰ 'ਚ ਉਧਵ ਠਾਕਰੇ ਸ਼ਿਵ ਸੈਨਾ ਦੇ ਉਮੀਦਵਾਰ ਅਨਿਲ ਦੇਸਾਈ ਦੀ ਚੋਣ ਰੈਲੀ ਅਤੇ ਪਾਕਿਸਤਾਨ ਦਾ ਝੰਡਾ ਪਤਾਲ ਪਹੁੰਚ ਗਿਆ ਚੰਗਾ ਹੋਇਆ ਬਾਲਾ ਸਾਹਿਬ ਨਹੀਂ ਸਨ, ਨਹੀਂ ਤਾਂ ਪੈਦਾ ਕਰਕੇ ਪਛਤਾਉਂਦਾ, ਕੋਈ ਇੰਨਾ ਨੀਚ ਕਿਵੇਂ ਹੋ ਸਕਦਾ ਹੈ ਮਹਾਰਾਸਟਰ ਦੇਸ਼ਧਰੋਹੀ ਦੇਸ਼ਧਰੋਹੀ।' ਭਾਜਪਾ ਨੇਤਾ ਨਿਤੀਸ ਰਾਣੇ ਨੇ ਆਪਣੀ ਵੀਡੀਓ ਸਾਂਝੀ ਕਰਦੇ ਹੋਏ ਲਿਖਿਆ, 'ਯੂ.ਬੀ.ਟੀ. ਦੀ ਰੈਲੀ 'ਚ ਪਾਕਿਸਤਾਨ ਦਾ ਝੰਡਾ, ਹੁਣ ਪੀ.ਐੱਫ.ਆਈ.,ਸਿਮੀ, ਅਲਕਾਇਦਾ ਦੇ ਲੋਕ ਮਾਤੋਸ੍ਰੀ ਬਿਰਯਾਨੀ ਤੋਂ ਕੀ




ਲੈਣਗੇ? ਦਾਊਦ ਮੁੰਬਈ ਵਿੱਚ ਇੱਕ ਯਾਦਗਾਰ ਵੀ ਬਣਾਏਗਾ ਅਤੇ ਕਿਹਾ ਜਾ ਰਿਹਾ ਹੈ ਕਿ ਉਹ ਸ੍ਰੀ ਬਾਲਾ ਸਾਹਿਬ ਦਾ ਅਸਲੀ ਬੱਚਾ ਹੈ। (ਮਰਾਠੀ ਤੋਂ ਹਿੰਦੀ ਵਿੱਚ ਅਨੁਵਾਦ) ਬੂਮ ਨੇ ਦਾਅਵੇ ਦੀ ਪੁਸਟੀ ਕਰਨ ਲਈ ਵਾਇਰਲ ਵੀਡੀਓ ਵਿੱਚ ਦਿਖਾਈ ਦਿੱਤੇ ਝੰਡੇ ਨੂੰ ਦੇਖਿਆ ਅਤੇ ਪਾਇਆ ਕਿ ਇਹ ਪਾਕਿਸਤਾਨੀ ਝੰਡਾ ਨਹੀਂ ਬਲਕਿ ਇੱਕ ਇਸਲਾਮੀ ਝੰਡਾ ਹੈ। ਅਸੀਂ ਵਾਇਰਲ ਵੀਡੀਓ ਵਿੱਚ ਦਿਖਾਈ ਦੇਣ ਵਾਲੇ ਝੰਡੇ ਅਤੇ ਪਾਕਿਸਤਾਨੀ ਝੰਡੇ ਦੀ ਤੁਲਨਾ ਵੀ ਕੀਤੀ। ਸਪੱਸਟ ਹੈ ਕਿ ਇਹ ਪਾਕਿਸਤਾਨ ਦਾ ਰਾਸਟਰੀ ਝੰਡਾ ਨਹੀਂ ਸਗੋਂ ਇਸਲਾਮਿਕ ਝੰਡਾ ਹੈ। ਪਾਕਿਸਤਾਨ ਦੇ ਝੰਡੇ ਦੇ ਖੱਬੇ ਪਾਸੇ ਇੱਕ ਸਫੈਦ ਧਾਰੀ ਵੀ ਹੈ ਜੋ ਇਸਲਾਮਿਕ ਝੰਡੇ ਵਿੱਚ ਨਹੀਂ ਹੈ। ਹੇਠਾਂ ਦੋਵਾਂ ਵਿਚਕਾਰ ਤੁਲਨਾ ਦੇਖੋ। ਇਸ ਤੋਂ ਪਹਿਲਾਂ ਵੀ ਬੂਮ ਨੇ ਅਜਿਹੇ ਦਾਅਵੇ ਦਾ ਫੈਕਟ ਚੈੱਕ ਕੀਤਾ ਹੈ, ਜਦੋਂ ਹੈਦਰਾਬਾਦ ਵਿੱਚ ਮਿਲਾਦ-ਉਨ-ਨਬੀ ਦੇ ਜਲੂਸ ਦੌਰਾਨ ਇਸਲਾਮੀ ਝੰਡੇ ਨੂੰ ਪਾਕਿਸਤਾਨੀ ਝੰਡਾ ਦੱਸ ਕੇ ਨਾਲ ਝੂਠਾ ਦਾਅਵਾ ਕੀਤਾ ਗਿਆ ਸੀ। ਇਸ ਤੋਂ ਇਲਾਵਾ ਵਾਇਰਲ ਪੋਸਟ 'ਚ ਵੀਡੀਓ ਨੂੰ ਚੇਂਬੂਰ ਦਾ ਦੱਸਿਆ ਗਿਆ। ਇਸ ਤੋਂ ਹਿੰਟ ਲੈ ਕੇ ਅਤੇ ਗੂਗਲ ਮੈਪ 'ਤੇ ਸਰਚ ਕਰਨ 'ਤੇ ਪਤਾ ਲੱਗਾ ਕਿ ਵੀਡੀਓ ਚੇਂਬੂਰ ਸਟੇਸਨ ਦੇ ਕੋਲ ਇਕ ਸੜਕ ਦੀ ਹੈ। ਵਾਇਰਲ ਵੀਡੀਓ 'ਚ ਦਿਖਾਈ ਦੇਣ ਵਾਲੀ ਜਗ੍ਹਾ ਗੂਗਲ ਮੈਪ 'ਤੇ ਫਲਾਈਓਵਰ ਅਤੇ ਇਮਾਰਤਾਂ ਦੇ ਨਾਲ ਦਿਖਾਈ ਦੇ ਰਹੀ ਹੈ।

# ਕੇਂਦਰੀ ਜੇਲ੍ਹ 'ਚ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਾ ਲੈਬ ਟੈਕਨੀਸੀਅਨ ਅਤੇ ਕਾਂਸਟੇਬਲ ਗ੍ਰਿਫਤਾਰ

ਸਰਦੂਲ ਸਿੰਘ

ਅੰਮ੍ਰਿਤਸਰ 8 ਜੂਨ। ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿੱਚ ਨਸੇ ਦਾ ਕਾਰੋਬਾਰ ਕਰ ਰਹੇ ਲੈਬ ਟੈਕਨੀਸੀਅਨ ਜਸਦੀਪ ਸਿੰਘ ਨੂੰ ਉਸਦੇ ਸਾਥੀ ਕਾਂਸਟੇਬਲ ਮੰਗਤ ਸਿੰਘ ਸਮੇਤ ਕਮਿਸਨਰੇਟ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਲੈਬ ਟੈਕਨੀਸੀਅਨ ਦੇ ਕਬਜੇ 'ਚੋਂ 149 ਗ੍ਰਾਮ ਅਫੀਮ ਅਤੇ 8400 ਰੁਪਏ, ਤਲਾਸੀ ਦੌਰਾਨ ਕਾਂਸਟੇਬਲ ਮੰਗਤ ਸਿੰਘ ਦੇ ਗੁਦਾ 'ਚੋਂ ਤੰਬਾਕੂ ਦੀ ਪੁੜੀ ਅਤੇ ਨਸੀਲਾ ਪਦਾਰਥ ਬਰਾਮਦ ਹੋਇਆ। ਥਾਣਾ ਇਸਲਾਮਾਬਾਦ ਦੀ ਪੁਲਸ ਨੇ ਦੋਵਾਂ ਮੁਲਜਮਾਂ ਖ਼ਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਦੋਵਾਂ ਨੂੰ ਤਫਤੀਸ ਲਈ ਪੁਲਸ ਰਿਮਾਂਡ 'ਤੇ ਲਿਆ ਗਿਆ ਅਤੇ ਪੁੱਛਗਿੱਛ ਕਰਨ ਤੋਂ ਬਾਅਦ ਦਰਜ ਕੀਤੇ ਗਏ ਮਾਮਲੇ 'ਚ 7 ਕੈਦੀਆਂ ਨੂੰ ਨਾਮਜਦ ਕੀਤਾ ਗਿਆ, ਜਿਨ੍ਹਾਂ ਵਿੱਚ ਅਵਤਾਰ ਸਿੰਘ, ਗੁਰਜੀਤ ਸਿੰਘ, ਲਵਪ੍ਰੀਤ ਸਿੰਘ, ਗੁਰਮੀਤ ਸਿੰਘ, ਸਾਜਨ ਕਲਿਆਨ ਉਰਫ ਲੱਡੀ ਡੱਡੂ ਅਤੇ ਅਭਿਸੇਕ ਭੱਟੀ ਸਾਮਲ ਹਨ। ਗ੍ਰਿਫਤਾਰ ਕੀਤੇ ਗਏ ਲੈਬ ਟੈਕਨੀਸੀਅਨ ਅਤੇ ਕਾਂਸਟੇਬਲ ਤੋਂ ਪੁੱਛਗਿੱਛ ਦੌਰਾਨ ਕਈ ਅਹਿਮ ਖੁਲਾਸੇ ਹੋਏ, ਜਿਸ 'ਚ ਖੁਲਾਸਾ ਹੋਇਆ ਕਿ ਕੇਂਦਰੀ ਜੇਲ੍ਹ 'ਚ ਲੰਮੇ ਸਮੇਂ ਤੋਂ ਸਮੱਗਲਿੰਗ ਦਾ ਧੰਦਾ ਕਰ ਰਿਹਾ ਲੈਬ ਟੈਕਨੀਸੀਅਨ ਹਰ ਡਿਲਿਵਰੀ ਤੋਂ 5 ਹਜਾਰ ਰੁਪਏ ਲੈ ਰਿਹਾ ਸੀ, ਜਿਸ ਨੇ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਅਨੁਰਾਗ ਆਜਾਦ ਦੇ ਜਾਅਲੀ ਦਸਤਖਤ ਕਰਕੇ ਆਪਣਾ ਸਨਾਖਤੀ ਕਾਰਡ ਬਣਾ ਕੇ ਰੱਖਿਆ ਹੋਇਆ ਸੀ, ਜਿਸ ਨੂੰ ਪੁਲਸ ਨੇ ਤਲਾਸੀ ਦੌਰਾਨ ਬਰਾਮਦ ਕਰ ਲਿਆ। ਇਸ ਤੋਂ ਇਲਾਵਾ ਲੈਬ ਟੈਕਨੀਸੀਅਨ ਜਸਦੀਪ ਸਿੰਘ ਅਤੇ ਕਾਂਸਟੇਬਲ ਮੰਗਤ ਸਿੰਘ ਤੋਂ ਪੁੱਛਗਿੱਛ ਦੌਰਾਨ ਵੱਡਾ ਖੁਲਾਸਾ ਇਹ ਵੀ ਹੋਇਆ ਹੈ ਕਿ ਅਤੇ ਪਤਾ ਲੱਗਾ ਕਿ ਸਾਜਨ ਕਲਿਆਣ ਖਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਸਾਥੀ ਹੈ, ਜਿਸ ਨੂੰ ਅੰਮ੍ਰਿਤਸਰ ਤੋਂ ਬਠਿੰਡਾ ਜੇਲ੍ਹ 'ਚ ਤਬਦੀਲ ਕਰਨ ਤੋਂ ਬਾਅਦ ਇਹ ਸਾਰਾ ਨੈੱਟਵਰਕ ਅਭਿਸੇਕ ਭੱਟੀ ਚਲਾ ਰਿਹਾ ਸੀ ਜੋ ਕਿ ਸਾਰੇ ਮੁਲਜਮਾਂ ਨੂੰ ਨਸੀਲੇ ਪਦਾਰਥਾਂ ਦੇ ਲੈਣ-ਦੇਣ ਅਤੇ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਵਿੱਚ ਸਾਮਲ ਸੀ। ਪੁਲਸ ਮੁਲਜਮਾਂ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕਰ ਰਹੀ ਹੈ ਅਤੇ ਹੋਰ ਵੀ ਕਈ ਖੁਲਾਸੇ ਹੋਣ ਦੀ ਉਮੀਦ ਹੈ।




## ਤਿੰਨ ਧੀਆਂ ਮਗਰੋਂ ਵੀ ਨਹੀਂ ਹੋਇਆ ਪੁੱਤਰ ਤਾਂ ਔਰਤ ਨੇ ਬਾਜਾਰ 'ਚੋਂ ਚੋਰੀ ਕੀਤਾ ਬੱਚਾ

ਕਾਨਪੁਰ 8 ਜੂਨ। ਉੱਤਰ ਪ੍ਰਦੇਸ ਦੇ ਕਾਨਪੁਰ ਵਿਚ ਇਕ ਬਹੁਤ ਹੀ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਥੇ ਇਕ ਔਰਤ ਦੀਆਂ ਤਿੰਨ ਧੀਆਂ ਸਨ ਅਤੇ ਉਹ ਇਕ ਪੁੱਤਰ ਚਾਹੁੰਦੀ ਸੀ। ਇਸ ਇੱਛਾ ਕਾਰਨ ਉਹ ਬੱਚਾ ਚੋਰ ਬਣ ਗਈ। ਕਾਨਪੁਰ ਦੇ ਬਾਜਾਰ 'ਚੋਂ ਔਰਤ ਨੇ ਬੱਚਾ ਚੋਰੀ ਕਰ ਲਿਆ। ਇਸ ਤੋਂ ਬਾਅਦ ਜਦੋਂ ਮਾਮਲਾ ਪੁਲਸ ਕੋਲ ਪਹੁੰਚਿਆ ਤਾਂ ਜਾਂਚ ਸੂਰੂ ਕੀਤੀ ਗਈ। ਸੀ. ਸੀ. ਟੀ. ਵੀ ਦੀ ਮਦਦ ਨਾਲ ਔਰਤ ਨੂੰ ਗ੍ਰਿਫਤਾਰ ਕਰ ਲਿਆ ਅਤੇ ਬੱਚੇ ਨੂੰ ਬਰਾਮਦ ਕਰ ਕੇ ਉਸ ਦੇ ਮਾਪਿਆਂ ਨੂੰ ਸੌਂਪ ਦਿੱਤਾ। ਜਾਣਕਾਰੀ ਮੁਤਾਬਕ ਕਾਨਪੁਰ ਦੀ ਰਹਿਣ ਵਾਲੀ ਰਾਹਤ ਜਹਾਂ ਦੀਆਂ ਤਿੰਨ ਧੀਆਂ ਹਨ। ਉਹ ਪੁੱਤਰ ਚਾਹੁੰਦਾ ਸੀ। ਜਦੋਂ ਉਸ ਨੇ ਇਹ ਗੱਲ ਆਪਣੀ ਮਾਂ ਰੌਸਨ ਜਹਾਂ ਨੂੰ ਦੱਸੀ ਤਾਂ ਦੋਵਾਂ ਨੇ ਕਈ ਥਾਵਾਂ ਤੋਂ ਬੱਚੇ ਨੂੰ ਗੋਦ ਲੈਣ ਦੀ ਕੋਸ਼ਿਸ ਕੀਤੀ ਪਰ ਉਹ ਕਿਤੇ ਨਹੀਂ ਮਿਲਿਆ। ਬੀਤੇ ਸੁੱਕਰਵਾਰ ਨੂੰ ਰਾਹਤ ਜਹਾਂ ਅਤੇ ਉਸ ਦੀ ਮਾਂ ਰੌਸ਼ਨ ਜਹਾਂ ਸਾਪਿੰਗ ਲਈ ਬਾਜਾਰ ਗਈਆਂ। ਉਸੇ ਸਮੇਂ ਦੋ ਕੁੜੀਆਂ ਆਪਣੇ ਛੋਟੇ ਭਰਾ ਨਾਲ ਉਥੇ ਘੁੰਮ ਰਹੀਆਂ ਸਨ। ਉਸੇ ਸਮੇਂ ਰਾਹਤ ਜਹਾਂ ਅਤੇ ਉਸਦੀ ਮਾਂ ਰੌਸਨ ਜਹਾਂ ਨੇ ਮਾਸੂਮ ਬੱਚੇ ਨੂੰ ਦੇਖਿਆ। ਉਨ੍ਹਾਂ ਨੇ ਤੁਰੰਤ ਬੱਚਾ ਚੋਰੀ ਕਰਨ ਦੀ ਯੋਜਨਾ ਬਣਾਈ। ਇਸ ਤੋਂ ਬਾਅਦ ਰਾਹਤ ਜਹਾਂ ਦੋਹਾਂ ਕੁੜੀਆਂ ਨੂੰ ਗੋਲ-ਗੱਪੇ ਖੁਆਉਣ ਦੇ ਬਹਾਨੇ ਬੱਚੇ ਨੂੰ ਲੈ ਕੇ ਫਰਾਰ ਹੋ ਗਈ। ਪੁਲਸ ਮੁਤਾਬਕ ਇਹ ਬੱਚਾ ਆਫਤਾਬ ਅਤੇ ਮੋਮਿਨਾ ਦਾ ਸੀ। ਉਨ੍ਹਾਂ ਦੀਆਂ ਧੀਆਂ ਆਪਣੇ ਭਰਾ ਨੂੰ ਘੁੰਮਾ ਰਹੀਆਂ ਸਨ। ਸੈਂਟਰਲ ਆਰ. ਐੱਸ. ਗੌਤਮ ਦਾ ਕਹਿਣਾ ਹੈ ਕਿ ਬੱਚਾ ਚੋਰੀ ਦੀ ਰਿਪੋਰਟ ਦਰਜ ਕਰਨ ਮਗਰੋਂ ਪੁਲਸ ਦੀਆਂ 8 ਟੀਮਾਂ ਜਾਂਚ 'ਚ ਜੁੱਟੀਆਂ ਸਨ। ਇਸ ਤੋਂ ਬਾਅਦ ਕ੍ਰਾਈਮ ਬਰਾਂਚ ਅਤੇ ਸਰਵਿਲਾਂਸ ਦੀ ਟੀਮ ਵੀ ਲੱਗੀ। ਇਨ੍ਹਾਂ ਸਾਰੀਆਂ ਟੀਮਾਂ ਨੇ ਇਲਾਕੇ ਦੇ 600 ਸੀ. ਸੀ. ਟੀ. ਵੀ. ਖੰਗਾਲੇ। ਸੀ. ਸੀ. ਟੀ. ਵੀ. ਵਿਚ ਔਰਤਾਂ ਬੱਚਾ ਚੋਰੀ ਕਰ ਕੇ ਜਾਂਦੇ ਹੋਏ ਨਜਰ ਆ ਰਹੀਆਂ ਹਨ। ਇਸ ਤੋਂ ਬਾਅਦ ਪੁਲਸ ਨੇ ਦੋਹਾਂ ਔਰਤਾਂ ਰਾਹਤ ਜਹਾਂ ਅਤੇ ਉਸ ਦੀ ਮਾਂ ਰੌਸ਼ਨ ਜਹਾਂ ਨੂੰ ਗ੍ਰਿਫਤਾਰ ਕਰ ਲਿਆ। ਫ਼ਿਲਹਾਲ ਪੁਲਸ ਨੇ ਬੱਚਾ ਬਰਾਮਦ ਕਰ ਕੇ ਉਸ ਦੇ ਮਾਪਿਆਂ ਨੂੰ ਸੌਂਪ ਦਿੱਤਾ ਹੈ। ਪੁਲਸ ਦੇ ਸਾਹਮਣੇ ਰਾਹਤ ਜਹਾਂ ਅਤੇ ਉਸ ਦੀ ਮਾਂ ਰੌਸ਼ਨ ਜਹਾਂ ਨੇ ਸਫਾਈ ਦਿੱਤੀ ਕਿ ਉਨ੍ਹਾਂ ਨੂੰ ਇਹ ਬੱਚਾ ਖੇਡਦੇ ਹੋਏ ਮਿਲਿਆ ਸੀ। ਕੋਈ ਬੱਚੇ ਕੋਲ ਵਿਖਾਈ ਨਹੀਂ ਦਿੱਤਾ, ਇਸ ਲਈ ਬੱਚੇ ਨੂੰ ਗੋਦੀ ਚੁੱਕ ਲਿਆ ਅਤੇ ਸੋਚਿਆ ਕਿ ਕੋਈ ਅਸਲੀ ਵਾਰਿਸ ਆਵੇਗਾ ਤਾਂ ਉਸ ਨੂੰ ਦੇ ਦੇਵਾਂਗੇ। ਉੱਥੇ ਹੀ ਬੱਚੇ ਨੂੰ ਪਾ ਕੇ ਮਾਂ ਬੇਹੱਦ ਖੁਸ਼ ਹੈ।

# ਲੋਕ ਸਭਾ ਚੋਣਾਂ ਦੇ ਨਤੀਜਿਆਂ 'ਚ ਪੰਜਾਬ 'ਚ 117 'ਚੋਂ 94 ਵਿਧਾਨ ਸਭਾ ਸੀਟਾਂ ਹਾਰ ਗਈ ਭਾਜਪਾ

ਏਜੰਸੀਆਂ

ਜਲੰਧਰ 8 ਜੂਨ। ਲੋਕ ਸਭਾ ਚੋਣਾਂ ਦਾ ਦੌਰ ਖਤਮ ਹੋਣ ਤੋਂ ਬਾਅਦ ਕੇਂਦਰ 'ਚ ਨਵੀਂ ਸਰਕਾਰ ਦੇ ਗਠਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਅਤੇ ਅਗਲੇ 1-2 ਦਿਨਾਂ 'ਚ ਇਸ ਸਬੰਧੀ ਪਿਕਚਰ ਕਲੀਅਰ ਹੋ ਜਾਵੇਗੀ ਪਰ ਜਿਥੋਂ ਤਕ ਪੰਜਾਬ ਦੀ ਗੱਲ ਹੈ, ਪੰਜਾਬ 'ਚ ਕਿਸ ਪਾਰਟੀ ਦੀ ਕੀ ਪੁਜੀਸ਼ਨ ਹੈ, ਇਹ ਪਿਕਚਰ ਸਾਫ ਹੋ ਚੁੱਕੀ ਹੈ। ਸਾਰੀਆਂ ਸਿਆਸੀ ਪਾਰਟੀਆਂ ਕਿਸੇ ਨਾ ਕਿਸੇ ਤਰ੍ਹਾਂ ਘਾਟੇ 'ਚ ਰਹੀਆਂ ਹਨ। ਕਾਂਗਰਸ ਦੀ ਪੰਜਾਬ ਵਿਚ ਜਿਥੇ ਵੋਟ ਫੀਸਦੀ ਘੱਟ ਹੋਈ, ਉਥੇ ਹੀ ਉਹ 7 ਸੀਟਾਂ ਜਿੱਤਣ 'ਚ ਸਫਲ ਰਹੀ। 2019 ਦੇ ਮੁਕਾਬਲੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਵੋਟ ਫੀਸਦੀ ਵਿਚ ਫਾਇਦਾ ਲਿਆ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਅੰਦਾਜੇ ਅਨੁਸਾਰ ਸਫਲਤਾ ਨਹੀਂ ਮਿਲੀ। ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਵਿਧਾਨ ਸਭਾ ਦੇ ਤੌਰ 'ਤੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਭਾਜਪਾ ਨੂੰ ਨੁਕਸਾਨ ਝੱਲਣਾ ਪਿਆ। ਪੰਜਾਬ 'ਚ ਮੌਜੂਦਾ ਲੋਕ ਸਭਾ ਚੋਣਾਂ ਦੇ ਨਤੀਜਿਆਂ ਅਨੁਸਾਰ ਭਾਰਤੀ ਜਨਤਾ ਪਾਰਟੀ ਸਾਰੀਆਂ 117 ਵਿਧਾਨ ਸਭਾ ਸੀਟਾਂ ਵਿਚੋਂ 23 ਸੀਟਾਂ 'ਤੇ ਜਿੱਤ ਹਾਸਲ ਕਰਨ ਵਿਚ ਸਫਲ ਰਹੀ, ਇਸਦਾ ਸੱਧਾ ਮਤਲਬ ਹੈ ਕਿ ਲੋਕ ਸਭਾ ਚੋਣਾਂ 'ਚ 23 ਅਜਿਹੀਆਂ ਵਿਧਾਨ ਸਭਾ ਸੀਟਾਂ ਸਨ, ਜਿਥੇ ਭਾਜਪਾ ਦੇ ਉਮੀਦਵਾਰ ਹੋਰ ਪਾਰਟੀਆਂ ਤੋਂ ਅੱਗੇ ਰਹੇ। ਬੇਸ਼ੱਕ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ 2 ਸੀਟਾਂ ਮਿਲੀਆਂ ਸਨ ਪਰ ਇਨ੍ਹਾਂ ਚੋਣਾਂ ਵਿਚ ਕੁਝ ਹੱਦ ਤਕ ਸਫਲਤਾ ਮਿਲੀ ਪਰ ਜਿਸ ਤਰ੍ਹਾਂ ਪਾਰਟੀ 2027 ਵਿਚ ਪੰਜਾਬ 'ਚ ਸਰਕਾਰ ਬਣਾਉਣ ਦੇ ਸੁਪਨੇ ਪਾਲ ਰਹੀ ਹੈ, ਉਹ ਹਾਲੇ 'ਦੂਰ ਦੀ ਕੌਡੀ' ਲੱਗ ਰਹੀ ਹੈ। ਵੈਸੇ ਜਦੋਂ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਭਾਜਪਾ ਚੋਣ ਲੜਦੀ ਸੀ, ਉਦੋਂ ਉਹ 23 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਦੀ ਸੀ, ਜਦਕਿ ਬਾਕੀ ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹੁੰਦੇ ਸਨ ਪਰ ਹੁਣ ਜਦੋਂ ਪਾਰਟੀ ਇਕੱਲੇ ਚੋਣਾਂ ਲੜ ਰਹੀ ਹੈ ਤਾਂ ਇਹ ਮੌਜੂਦਾ ਸਥਿਤੀ ਵੀ ਕੋਈ ਬਿਹਤਰ ਨਹੀਂ ਹੈ। ਪੰਜਾਬ ਵਿਚ ਕਈ ਲੋਕ ਸਭਾ ਸੀਟਾਂ ਅਜਿਹੀਆਂ ਹਨ, ਜਿਥੇ ਭਾਜਪਾ ਦੇ ਉਮੀਦਵਾਰ ਤੀਜੇ ਜਾਂ ਚੌਥੇ ਨੰਬਰ 'ਤੇ ਰਹੇ। ਗੁਰਦਾਸਪੁਰ, ਜਲੰਧਰ ਅਤੇ ਲੁਧਿਆਣਾ ਸੀਟਾਂ ਅਜਿਹੀਆਂ ਸਨ, ਜਿਥੇ ਭਾਜਪਾ ਦੇ ਉਮੀਦਵਾਰ ਦੂਜੇ ਨੰਬਰ 'ਤੇ ਰਹੇ, ਜਦਕਿ ਹੋਰ ਸੀਟਾਂ 'ਤੇ ਪਾਰਟੀ ਦੀ ਹਾਲਤ ਬਦ ਤੋਂ ਬਦਤਰ ਰਹੀ। ਪਾਰਟੀ ਨੇ ਬੇਸ਼ੱਕ 18.56 ਫੀਸਦੀ ਵੋਟਾਂ ਹਾਸਲ ਕਰ ਲਈਆਂ ਪਰ ਇਕ ਵੀ ਲੋਕ ਸਭਾ ਸੀਟ ਨਾ ਜਿੱਤ ਸਕਣਾ ਬੇਹੱਦ ਸ਼ਰਮਨਾਕ ਸੀ। ਬਾਹਰ ਤੋਂ ਕੈਂਡੀਡੇਟ ਇੰਪੋਰਟ ਕਰਨਾ ਜਾਂ ਹੋਰ ਸਾਰੇ ਤਰ੍ਹਾਂ ਦੇ ਤਿਕੜਮ ਭਾਜਪਾ ਲਈ ਫੇਲ ਸਾਬਿਤ ਹੋਏ। ਪੰਜਾਬ ਵਿਚ ਫਰੀਦਕੋਟ, ਅਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ, ਸ੍ਰੀ ਖਡੂਰ ਸਾਹਿਬ ਵਰਗੀਆਂ ਸੀਟਾਂ 'ਤੇ ਤਾਂ ਭਾਜਪਾ ਇਕ ਵੀ ਵਿਧਾਨ ਸਭਾ ਹਲਕਾ ਨਹੀਂ ਜਿੱਤ ਸਕੀ। ਇਨ੍ਹਾਂ ਸੀਟਾਂ ਵਿਚੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਸੁਭਾਸ਼ ਸ਼ਰਮਾ ਨੂੰ ਭਾਜਪਾ ਨੇ ਟਿਕਟ ਦਿੱਤੀ ਸੀ ਪਰ ਉਹ ਵੀ ਕੋਈ ਚਮਤਕਾਰ ਨਹੀਂ ਦਿਖਾ ਸਕੇ। ਇਸੇ ਤਰ੍ਹਾਂ ਫਰੀਦਕੋਟ ਵਿਚ ਹੰਸਰਾਜ ਹੰਸ ਨੂੰ ਦਿੱਲੀ ਤੋਂ ਲਿਆ ਕੇ ਵਿਸ਼ੇਸ਼ ਤੌਰ 'ਤੇ ਟਿਕਟ ਨਾਲ ਨਿਵਾਜਿਆ ਪਰ ਉਹ ਉਥੇ 5ਵੇਂ ਨੰਬਰ 'ਤੇ ਰਹੇ। ਜਿਥੋਂ ਤਕ ਫਤਹਿਗੜ੍ਹ ਸਾਹਿਬ ਦੀ ਗੱਲ ਹੈ ਤਾਂ ਉਥੇ ਵੀ ਭਾਜਪਾ ਦੇ ਉਮੀਦਵਾਰ ਗੇਜਾ ਰਾਮ ਤੀਜੇ ਨੰਬਰ 'ਤੇ ਰਹੇ। ਲੋਕ ਸਭਾ ਚੋਣਾਂ ਵਿਚ ਜਿਨ੍ਹਾਂ ਵਿਧਾਨ ਸਭਾ ਸੀਟਾਂ 'ਤੇ ਭਾਜਪਾ ਦੇ ਉਮੀਦਵਾਰ ਅੱਗੇ ਰਹੇ ਹਨ, ਉਨ੍ਹਾਂ ਵਿਚ ਅੰਮ੍ਰਿਤਸਰ ਦੀਆਂ 3, ਫਿਰੋਜਪੁਰ ਦੀਆਂ 3, ਗੁਰਦਾਸਪੁਰ ਦੀਆਂ ਵੀ 3, ਹੁਸ਼ਿਆਰਪੁਰ ਦੀਆਂ 3, ਜਲੰਧਰ ਦੀਆਂ 2, ਲੁਧਿਆਣਾ ਦੀਆਂ 5, ਬਠਿੰਡੇ ਦੀ 1, ਪਟਿਆਲੇ ਦੀਆਂ 3 ਵਿਧਾਨ ਸਭਾ ਸੀਟਾਂ ਸ਼ਾਮਲ ਹਨ। ਇਨ੍ਹਾਂ ਸੀਟਾਂ ਦਾ ਕੁੱਲ ਜੋੜ 23 ਬਣਦਾ ਹੈ। ਇਨ੍ਹਾਂ ਸੀਟਾਂ ਤੋਂ ਇਲਾਵਾ 94 ਵਿਧਾਨ ਸਭਾ ਸੀਟਾਂ 'ਤੇ ਭਾਜਪਾ ਦੇ ਮੌਜੂਦਾ ਆਗੂ ਜਾਂ ਅਹੁਦੇਦਾਰ ਕੋਈ ਵੱਡਾ ਕਮਾਲ ਨਹੀਂ ਕਰ ਸਕੇ।

## 3 ਦੋਸਤਾਂ ਨੇ ਮਿਲ ਕੇ ਤੇਜ਼ਧਾਰ ਹਥਿਆਰ ਨਾਲ ਆਪਣੇ ਹੀ ਦੋਸਤ ਦਾ ਕਰ 'ਤਾ ਕਤਲ

ਲੁਧਿਆਣਾ 8 ਜੂਨ। ਸੂਆ ਰੋਡ 'ਤੇ ਇਕੱਠੇ ਬੈਠੇ ਦੋਸਤਾਂ 'ਚ 3 ਦੋਸਤਾਂ ਨੇ ਮਿਲ ਕੇ ਚੌਥੇ ਦੋਸਤ ਦਾ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਵਿਕਾਸ (25) ਵਜੋਂ ਹੋਈ ਹੈ, ਜੋ ਕਿ ਬਾੜੇਵਾਲ ਦਾ ਰਹਿਣ ਵਾਲਾ ਹੈ। ਲਾਸ਼ ਦੇਖ ਕੇ ਰਾਹਗੀਰਾਂ ਨੇ ਸੂਚਨਾ ਪੁਲਸ ਨੂੰ ਦਿੱਤੀ, ਜਿਸ ਤੋਂ ਬਾਅਦ ਥਾਣਾ ਸਰਾਭਾ ਨਗਰ ਦੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਲਾਸ਼ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੌਰਚਰੀ 'ਚ ਪਹੁੰਚਾਈ। ਇਸ ਮਾਮਲੇ 'ਚ ਪੁਲਸ ਨੇ 3 ਦੋਸਤਾਂ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਬੁੱਧਵਾਰ ਸਵੇਰ ਦੀ ਹੈ। ਮ੍ਰਿਤਕ ਵਿਕਾਸ ਦੇਰ ਰਾਤ ਆਪਣੇ 3 ਦੋਸਤਾਂ ਨਾਲ ਹੀ ਸੀ ਪਰ ਕਿਸੇ ਗੱਲ ਕਰ ਕੇ ਉਨ੍ਹਾਂ 'ਚ ਝਗੜਾ ਹੋ ਗਿਆ, ਜਿਸ ਤੋਂ ਬਾਅਦ ਤਿੰਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰ ਕੇ ਵਿਕਾਸ ਦਾ ਕਤਲ ਕਰ ਦਿੱਤਾ। ਮੁਲਜ਼ਮਾਂ ਨੇ ਵਿਕਾਸ ਦੇ ਸਰੀਰ 'ਤੇ ਕਈ ਵਾਰ ਕੀਤੇ ਸਨ, ਜਿਸ ਕਾਰਨ ਉਸ ਦੀ ਮੌਤੇ 'ਤੇ ਹੀ ਮੌਤ ਹੋ ਗਈ। ਸਵੇਰੇ ਪੁਲਸ ਨੂੰ ਪਤਾ ਲੱਗਾ ਤਾਂ ਥਾਣਾ ਸਰਾਭਾ ਨਗਰ ਅਧੀਨ ਪੈਂਦੀ ਚੌਕੀ ਰਘੁਨਾਥ ਐਨਕਲੇਵ ਦੀ ਪੁਲਸ ਮੌਕੇ 'ਤੇ ਪੁੱਜੀ। ਪੁਲਸ ਨੂੰ ਅਜੇ ਤੱਕ ਕਾਰਨ ਸਪੱਸ਼ਟ ਨਹੀਂ ਹੋਇਆ ਕਿ ਮੁਲਜ਼ਮਾਂ 'ਚ ਕਿਹੜੀ ਗੱਲ ਕਰ ਕੇ ਝਗੜਾ ਹੋਇਆ ਸੀ, ਜਿਸ ਤੋਂ ਬਾਅਦ ਤਿੰਨੋਂ ਮੁਲਜ਼ਮਾਂ ਨੇ ਵਿਕਾਸ ਦਾ ਕਤਲ ਕਰ ਦਿੱਤਾ। ਹਾਲ ਦੀ ਘੜੀ ਪੁਲਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੇ ਫੜੇ ਜਾਣ ਤੋਂ ਬਾਅਦ ਹੀ ਕਤਲ ਦੇ ਕਾਰਨ ਦਾ ਪਤਾ ਲੱਗ ਸਕੇਗਾ।